Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-6, ਅੰਕ-5, ਮਈ 2016

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਮਈ ਦਿਵਸ ਦੀ ਸੰਗਰਾਮੀ ਵਿਰਾਸਤ





ਬੂਟਾ ਸਿੰਘ

ਪਹਿਲੀ ਮਈ 1886 ਨੂੰ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਦੇ ਮਜ਼ਦੂਰਾਂ ਨੇ ਅੱਠ ਘੰਟੇ ਦੀ ਕੰਮ-ਦਿਹਾੜੀ ਅਤੇ ਹੋਰ ਮੰਗਾਂ ਨੂੰ ਲੈਕੇ ਸੰਘਰਸ਼ ਦਾ ਜੋ ਇਤਿਹਾਸ ਰਚਿਆ ਸੀ ਉਹ ਦੁਨੀਆ ਭਰ ਦੇ ਮਜ਼ਦੂਰਾਂ ਲਈ ਸਰਮਾਏਦਾਰੀ ਪ੍ਰਬੰਧ ਦੀ ਉਜ਼ਰਤੀ ਗ਼ੁਲਾਮੀ ਵਿਰੁੱਧ ਜੂਝਣ ਦਾ ਇਕ ਬੇਮਿਸਾਲ ਪ੍ਰੇਰਣਾ ਸਰੋਤ ਬਣਿਆ। 1866 'ਚ ਅਮਰੀਕਾ ਦੀ ਨੈਸ਼ਨਲ ਲੇਬਰ ਯੂਨੀਅਨ ਨੇ ਆਪਣੀ ਸਥਾਪਨਾ ਕਾਨਫਰੰਸ ਮੌਕੇ ਅੱਠ ਘੰਟੇ ਦੀ ਕੰਮ ਦਿਹਾੜੀ ਤੈਅ ਕੀਤੇ ਜਾਣ ਦਾ ਸਵਾਲ ਉਠਾਇਆ ਸੀ। ਇਸ ਤੋਂ ਵੀਹ ਸਾਲ ਬਾਦ ਪਹਿਲੀ ਮਈ ਨੂੰ ਸ਼ਿਕਾਗੋ ਦੇ ਚਾਲੀ ਹਜ਼ਾਰ ਮਜ਼ਦੂਰਾਂ ਨੇ ਮੁਕੰਮਲ ਹੜਤਾਲ ਕਰਕੇ ਇਸ ਮੰਗ ਨੂੰ ਜੁਝਾਰੂ ਸੰਗਰਾਮ ਵਿਚ ਬਦਲ ਦਿੱਤਾ। ਮਜ਼ਦੂਰਾਂ ਦੇ ਸੰਘਰਸ਼ ਨੂੰ ਕੁਚਲਣ ਲਈ ਸਰਮਾਏਦਾਰੀ ਰਾਜ ਦੇ ਇਸ਼ਾਰੇ 'ਤੇ ਪੁਲਿਸ ਵਲੋਂ ਸ਼ਾਂਤਮਈ ਮਜ਼ਦੂਰਾਂ ਉੱਪਰ ਬੇਰਹਿਮੀ ਨਾਲ ਗੋਲੀਆਂ ਚਲਾਕੇ ਛੇ ਮਜ਼ਦੂਰਾਂ ਨੂੰ ਕਤਲ ਕਰ ਦਿੱਤਾ ਗਿਆ। ਇਥੇ ਹੀ ਬਸ ਨਹੀਂ, ਪੁਲਿਸ ਨੇ ਆਪਣੇ ਹੀ ਏਜੰਟਾਂ ਕੋਲੋਂ ਮੁਜ਼ਾਹਰੇ ਦੌਰਾਨ ਪੁਲਿਸ ਉੱਪਰ ਬੰਬ ਸੁਟਵਾਕੇ ਅਤੇ ਇਸ ਦੇ ਇਲਜ਼ਾਮ ਤਹਿਤ ਚਾਰ ਮਜ਼ਦੂਰ ਆਗੂਆਂ-ਅਗਸਤ ਸਪਾਈਸ, ਪਾਰਸਨ, ਫਿਸ਼ਰ ਅਤੇ ਏਂਜਲ-ਨੂੰ ਇਸ ਮਾਮਲੇ ਵਿਚ ਝੂਠੇ ਮੁਕੱਦਮੇ ਤਹਿਤ ਫਾਹੇ ਲਾ ਦਿੱਤਾ। ਇਹ ਸੰਘਰਸ਼ ਨਾ ਸਿਰਫ਼ ਅਮਰੀਕਣ ਮਜ਼ਦੂਰ ਜਮਾਤ ਦੇ ਸੰਘਰਸ਼ਾਂ ਦੇ ਇਤਿਹਾਸ ਵਿਚ ਨਵਾਂ ਮੀਲ-ਪੱਥਰ ਬਣਿਆ ਬਲਕਿ ਇਸਨੇ ਅੱਠ ਘੰਟੇ ਦੀ ਕੰਮ ਦਿਹਾੜੀ ਦੀ ਮੰਗ ਨੂੰ ਵਿਸ਼ਵ ਵਿਆਪੀ ਅੰਦੋਲਨ ਵਿਚ ਬਦਲਣ ਦੀ ਬੁਨਿਆਦ ਵੀ ਰੱਖ ਦਿੱਤੀ। ਮਜ਼ਦੂਰਾਂ ਦੇ ਲਹੂ ਨਾਲ ਗੜੁੱਚ ਕੱਪੜੇ ਦਾ ਟੋਟਾ ਮਜ਼ਦੂਰ ਜਮਾਤ ਦੀ ਜਮਾਤੀ ਜੱਦੋਜਹਿਦ ਦਾ ਚਿੰਨ੍ਹ ਬਣ ਗਿਆ। 1889 ਵਿਚ ਦੂਜੀ ਕਮਿਊਨਿਸਟ ਕੌਮਾਂਤਰੀ ਦੀ ਪੈਰਿਸ ਕਾਂਗਰਸ ਨੇ ਪਹਿਲੀ ਮਈ ਸੰਘਰਸ਼ ਦੀ ਅਹਿਮੀਅਤ ਨੂੰ ਤਸਲੀਮ ਕਰਦਿਆਂ ਇਸਨੂੰ ਕੌਮਾਂਤਰੀ ਮਜ਼ਦੂਰ ਦਿਵਸ ਵਜੋਂ ਅਪਣਾਕੇ ਲੋਟੂ ਸਰਮਾਏਦਾਰੀ ਪ੍ਰਬੰਧ ਲਈ ਕੌਮਾਂਤਰੀ ਲਲਕਾਰ ਬਣਾ ਦਿੱਤਾ। ਮਜ਼ਦੂਰ ਜਮਾਤ ਦੀ ਮੁਕਤੀ ਦੇ ਵਿਗਿਆਨਕ ਰਾਹ-ਦਰਸਾਵਾ ਸਿਧਾਂਤ ਵਜੋਂ ਕਮਿਊਨਿਸਟ ਵਿਚਾਰਧਾਰਾ ਦੇ ਫੈਲਾਅ ਅਤੇ ਮਕਬੂਲੀਅਤ ਨਾਲ ਹਰ ਤਰ੍ਹਾਂ ਦੀ ਲੁੱਟਖਸੁੱਟ ਅਤੇ ਦਾਬੇ ਤੋਂ ਮੁਕਤੀ ਦੇ ਸੰਘਰਸ਼ ਵਿਚ ਮਜ਼ਦੂਰ ਜਮਾਤ ਦੀ ਆਗੂ ਭੂਮਿਕਾ ਸਥਾਪਤ ਹੋ ਗਈ ਅਤੇ ਪਹਿਲੀ ਮਈ ਮਜ਼ਦੂਰ ਜਮਾਤ ਦੀ ਮੁਕਤੀ ਦੇ ਸੰਘਰਸ਼ਾਂ ਦਾ ਅਨਿੱਖੜ ਹਿਸਾ ਬਣ ਗਈ।

ਵੀਹਵੀਂ ਸਦੀ ਵਿਚ ਮਜ਼ਦੂਰਾਂ ਦੇ ਪ੍ਰਚੰਡ ਜਥੇਬੰਦ ਸੰਘਰਸ਼ਾਂ ਨੇ ਅਹਿਮ ਜਿੱਤਾਂ ਹਾਸਲ ਕੀਤੀਆਂ। ਰੂਸ ਅੰਦਰ 1917 'ਚ ਅਕਤੂਬਰ ਇਨਕਲਾਬ ਦੀ ਇਤਿਹਾਸ-ਰਚੇਤਾ ਜਿੱਤ ਨੇ ਪ੍ਰੋਲੇਤਾਰੀ ਇਨਕਲਾਬਾਂ ਦੇ ਨਵੇਂ ਯੁਗ ਦਾ ਆਗਾਜ਼ ਕਰ ਦਿੱਤਾ। ਇਸ ਇਨਕਲਾਬ ਦੀ ਜਿੱਤ ਨੇ ਕਮਿਊਨਿਸਟ ਵਿਚਾਰਧਾਰਾ ਦੇ ਬੇਮਿਸਾਲ ਫੈਲਾਅ ਲਈ ਰਾਹ-ਪੱਧਰਾ ਕਰ ਦਿੱਤਾ ਅਤੇ ਅਗਲੇ ਸਾਲਾਂ ਵਿਚ ਇਕ ਤਾਕਤਵਰ ਸਮਾਜਵਾਦੀ ਕੈਂਪ ਹੋਂਦ ਵਿਚ ਆ ਗਿਆ।

ਮਜ਼ਦੂਰ ਜਮਾਤ ਵਲੋਂ ਕਮਿਊਨਿਸਟ ਪਾਰਟੀਆਂ ਦੀ ਅਗਵਾਈ ਹੇਠ ਸਰਮਾਏਦਾਰੀ ਪ੍ਰਬੰਧ, ਇਸ ਵਲੋਂ ਪੈਦਾ ਕੀਤੇ ਫਾਸ਼ੀਵਾਦ ਤੇ ਨਾਜ਼ੀਵਾਦ, ਸਾਮਰਾਜੀ ਜੰਗਾਂ, ਬਸਤੀਵਾਦ ਦੇ ਵਿਰੁੱਧ ਅਤੇ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਦੇ ਦਸਤੂਰ ਨੂੰ ਜੜ੍ਹੋਂ ਖ਼ਤਮ ਕਰਨ ਦੇ ਨਿਸ਼ਾਨੇ ਤਹਿਤ ਲਾਸਾਨੀ ਜੱਦੋਜਹਿਦਾਂ ਲੜੀਆਂ ਗਈਆਂ ਅਤੇ ਜਿੱਤਾਂ ਹਾਸਲ ਕੀਤੀਆਂ ਗਈਆਂ। ਸਮਾਜਵਾਦੀ ਇਨਕਲਾਬਾਂ ਅਤੇ ਕੌਮੀ ਮੁਕਤੀ ਸੰਘਰਸ਼ਾਂ ਦੀ ਕਾਂਗ ਅਤੇ ਮਜ਼ਦੂਰ ਲਹਿਰ ਦੀ ਜੇਤੂ ਚੜ੍ਹਤ ਤੋਂ ਭੈਭੀਤ ਆਲਮੀ ਸਰਮਾਏਦਾਰੀ

(ਬਾਕੀ ਸਫ਼ਾ 7 'ਤੇ)


2
'ਜੰਗਲਨਾਮਾ' ਦੇ ਰਚੇਤਾ ਸਾਥੀ ਸਤਨਾਮ


4
ਫਾਂਸੀ ਦੀ ਛਾਂ ਹੇਠ ਇਨਕਲਾਬੀ ਬੁਲੰਦੀ ਅਤੇ ਦ੍ਰਿੜ੍ਹਤਾ


20
ਸ਼ਰਧਾ ਦੇ ਕਾਰੋਬਾਰ ਦਾ ਫ਼ੌਜੀ ਮੁਲਕ ਬਨਾਮ ਦਰਦਮੰਦ ਖੋਜੀ ਬਿਰਤੀ


30
ਕੀ ਹੈ ਸਰਕਾਰੀ ਸੰਗਠਨਾ (ਐਨ. ਜੀ. ਓ.) ਦੀ ਅਸਲੀਅਤ

SUPER VISA INSURANCE

PUNJAB INSURANCE INC.

• Life Insurance • Mortgage Insurance

• Critical Illness Insurance • Disability Insurance

• RESP, RRSP

www.punjabinsurance.ca






Sherjang Singh Rana
416.910.9000



Ravinder Singh Basra
416.845.6232

# ‘ਜੰਗਲਨਾਮਾ’ ਦੇ ਰਚੇਤਾ ਸਾਥੀ ਸਤਨਾਮ


ਮਾਓਵਾਦੀ ਲਹਿਰ ਬਾਰੇ ਮਸ਼ਹੂਰ ਸਫ਼ਰਨਾਮਾ ‘ਜੰਗਲਨਾਮਾ’ ਦੇ ਰਚੇਤਾ, ਸੰਸਾਰ ਪ੍ਰਸਿੱਧ ਨਾਵਲ ‘ਸਪਾਰਟਕਸ’ ਦਾ ਪੰਜਾਬੀ ਵਿਚ ਅਨੁਵਾਦ ਅਤੇ ਇਨਕਲਾਬੀ ਸ਼ਾਇਰ ਜਗਮੋਹਣ ਜੋਸ਼ੀ ਦੀ ਉਰਦੂ ਸ਼ਾਇਰੀ ਦੇ ਸੰਗ੍ਰਹਿ ‘ਪੈਮਾਨੇ-ਇਨਕਲਾਬ’ ਦਾ ਲਿੱਪੀਅੰਤਰ ਕਰਨ ਵਾਲੇ ਮਸ਼ਹੂਰ ਲੇਖਕ, ਇਨਕਲਾਬੀ ਚਿੰਤਕ ਅਤੇ ਕਮਿਊਨਿਸਟ ਲਹਿਰ ਦੇ ਕੁਲਵਕਤੀ ਸਾਥੀ ਸਤਨਾਮ 28 ਅਪ੍ਰੈਲ ਨੂੰ ਸਵੇਰ ਵੇਲੇ ਪਟਿਆਲਾ ਵਿਖੇ ਆਪਣੇ ਘਰ ਵਿਚ ਮ੍ਰਿਤਕ ਪਾਏ ਗਏ।

ਅੰਮ੍ਰਿਤਸਰ ਦੇ ਇਕ ਪਿਛੜੇ ਪਰਿਵਾਰ ਦੇ ਜੰਮਪਲ ਸਤਨਾਮ ਬਹੁਤ ਹੀ ਰੌਸ਼ਨਖ਼ਿਆਲ, ਚਿੰਤਨਸ਼ੀਲ ਅਤੇ ਮਨੁੱਖਤਾਵਾਦੀ ਸ਼ਖਸੀਅਤ ਸਨ। ਖ਼ਾਲਸਾ ਕਾਲਜ ਵਿਚ 12ਵੀਂ ਜਮਾਤ ਵਿਚ ਪੜ੍ਹਦਿਆਂ 1970ਵਿਆਂ ਦੇ ਸ਼ੁਰੂ ਵਿਚ ਉਹ ਨਕਸਲਬਾੜੀ ਲਹਿਰ ਵਿਚ ਕੁੱਦ ਪਏ। ਕੁਲਵਕਤੀ ਵਜੋਂ ਮੁਲਾਜ਼ਮਾਂ, ਮਜ਼ਦੂਰਾਂ ਵਿਚ ਕੰਮ ਕਰਨ ਲੱਗੇ। ਉਨ੍ਹਾਂ ਨੇ ਨਾ ਸਿਰਫ਼ ਮਿਹਨਤਕਸ਼ ਲੋਕਾਂ ਨੂੰ ਜਮਾਤੀ ਲੜਾਈ ਵਿਚ ਲਾਮਬੰਦ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸਗੋਂ ਦਲਿਤ, ਕੌਮੀਅਤਾਂ ਅਤੇ ਧਾਰਮਿਕ ਘੱਟਗਿਣਤੀਆਂ ਦੇ ਸਵਾਲ ਉੱਪਰ ਵੀ ਨਿੱਠਕੇ ਕੰਮ ਕੀਤਾ। ਘਰੇਲੂ ਸਮੱਸਿਆ ਦੇ ਥੋੜ੍ਹੇ ਅਰਸੇ ਨੂੰ ਛੱਡਕੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸਾਢੇ ਚਾਰ ਦਹਾਕੇ ਸਰਗਰਮੀ ਨਾਲ ਕੰਮ ਕੀਤਾ। ਗੁਜਰਾਤ ਵਿਚ ਮੁਸਲਮਾਨਾਂ ਦੀ ਕਤਲੋਗ਼ਾਰਤ ਵਿਰੁੱਧ ਉਨ੍ਹਾਂ ਨੇ ਮੁਸਲਿਮ ਘੱਟਗਿਣਤੀ ਅਤੇ ਜਮਹੂਰੀ ਜਥੇਬੰਦੀਆਂ ਨੂੰ ਇਕ ਮੰਚ ’ਤੇ ਲਿਆਉਣ ਲਈ ਜ਼ੋਰਦਾਰ ਸਰਗਰਮੀ ਕੀਤੀ। ਸਾਮਰਾਜਵਾਦ ਵਿਰੋਧੀ ਇਨਕਲਾਬੀ ਟਾਕਰਾ ਮੰਚ, ਮੁੰਬਈ ਰਜਿਸਟੈਂਸ-2004 ਨੂੰ ਜਥੇਬੰਦ ਕਰਨ ਅਤੇ ਇਸ ਤੋਂ ਬਾਦ ਦਲਿਤ ਅਤੇ ਘੱਟਗਿਣਤੀਆਂ ਦੇ ਸਵਾਲਾਂ ਉੱਪਰ ਇਨਕਲਾਬੀ-ਜਮਹੂਰੀ ਨਜ਼ਰੀਏ ਤੋਂ ਲਾਮਬੰਦੀ ਕਰਨ ਲਈ ਉਨ੍ਹਾਂ ਨੇ ਬਹੁਤ ਹੀ ਸਰਗਰਮੀ ਨਾਲ ਕੰਮ ਕੀਤਾ। ਉਹ ਪੀਪਲਜ਼ ਡੈਮੋਕਰੇਟਿਕ ਫਰੰਟ ਆਫ ਇੰਡੀਆ ਦੀ ਆਲ ਇੰਡੀਆ ਕਾਰਜਕਾਰਨੀ ਦੇ ਮੈਂਬਰ ਸਨ। ਕਸ਼ਮੀਰ ਵਿਚ ਜਬਰ ਦੇ ਸਵਾਲ ਨੂੰ ਲੈਕੇ ਆਲ ਇੰਡੀਆ ਪੱਧਰ ’ਤੇ ਮੁਹਿੰਮ ਚਲਾਉਣ ਵਿਚ ਉਨ੍ਹਾਂ ਦੀ ਮੋਹਰੀ ਭੂਮਿਕਾ ਸੀ। ਅੰਗਰੇਜ਼ੀ ਵਿਚ ਲਿਖਣ ਦੀ ਉਨ੍ਹਾਂ ਦੀ ਖ਼ਾਸ ਕਮਾਂਡ ਸੀ ਅਤੇ ਕੌਮਾਂਤਰੀ ਸਿਆਸੀ ਮਾਮਲਿਆਂ ਵਿਚ ਉਨ੍ਹਾਂ ਦੀ ਖ਼ਾਸ ਰੁਚੀ ਸੀ। ਉਨ੍ਹਾਂ ਨੇ ਨਾ ਸਿਰਫ਼ ਵੱਖ-ਵੱਖ ਨਾਵਾਂ ਹੇਠ ਕੌਮਾਂਤਰੀ ਮਾਮਲਿਆਂ ਬਾਰੇ ਬੇਸ਼ੁਮਾਰ ਟਿੱਪਣੀਆਂ ਲਿਖੀਆਂ ਸਗੋਂ ਇਨਕਲਾਬੀ ਮਾਸਿਕ ਰਸਾਲੇ ਪੀਪਲਜ਼ ਮਾਰਚ, ਜਮਹੂਰੀ ਪੇਪਰਾਂ ਪੀਪਲਜ਼ ਰਜਿਸਟੈਂਸ, ਜਨ ਪ੍ਰਤੀਰੋਧ ਅਤੇ ਇਨਕਲਾਬੀ ਪੰਜਾਬੀ ਦੋ-ਮਾਸਿਕ ਸੁਲਗਦੇ ਪਿੰਡ ਤੇ ਲੋਕ ਕਾਫ਼ਲਾ ਦੇ ਸੰਪਾਦਕੀ ਮੰਡਲਾਂ ਵਿਚ ਵੀ ਸਰਗਰਮੀ ਨਾਲ ਕੰਮ ਕੀਤਾ। ਉਹ ਪੰਜਾਬ ਵਿਚ ਓਪਰੇਸ਼ਨ ਗਰੀਨ ਹੰਟ ਵਿਰੁੱਧ ਮੁਹਿੰਮ ਸ਼ੁਰੂ ਕਰਨ ਵਿਚ ਆਗੂ ਭੂਮਿਕਾ ਨਿਭਾਈ। ਪਿਛਲੇ ਕੁਝ ਮਹੀਨਿਆਂ ਤੋਂ ਉਹ ਸਿਆਸੀ ਤੇ ਸਿਧਾਂਤਕ ਕੰਮਜ਼ੋਰੀਆਂ ਕਾਰਨ ਕਮਿਊਨਿਸਟ ਲਹਿਰ ਦੇ ਸਿਆਸੀ ਸੰਕਟ ਤੋਂ ਕਾਫ਼ੀ ਪ੍ਰੇਸ਼ਾਨ ਵੀ ਸਨ, ਅਤੇ ਡੂੰਘੀ ਨਿਰਾਸ਼ਤਾ ਵਿਚ ਵੀ ਸਨ। ਆਖ਼ਿਰ ਕਮਿਊਨਿਸਟ ਵਿਚਾਰਧਾਰਾ ਦੇ ਦ੍ਰਿੜ ਧਾਰਨੀ ਸਾਥੀ ਸਤਨਾਮ ਲਹਿਰ ਦੀਆਂ ਕਮਜ਼ੋਰੀਆਂ ਨਾਲ ਜੂਝਦਿਆਂ ਜ਼ਿੰਦਗੀ ਦੀ ਲੜਾਈ ਹਾਰ ਗਏ ਅਤੇ 64 ਸਾਲ ਦੀ ਉਮਰ ਵਿਚ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ। ਪਟਿਆਲਾ ਵਿਖੇ ਉਨ੍ਹਾਂ ਦੇ ਗ਼ਮਗੀਨ ਸੰਗੀ-ਸਾਥੀਆਂ, ਦੋਸਤਾਂ, ਪਰਿਵਾਰ ਮੈਂਬਰਾਂ ਅਤੇ ਸ਼ੁਭਚਿੰਤਕਾਂ ਨੇ ਆਪਣੇ ਅਜ਼ੀਜ਼ ਨੂੰ ਭਰੀਆਂ ਅੱਖਾਂ ਨਾਲ ਅੰਤਮ ਵਿਦਾਇਗੀ ਦਿੱਤੀ। ਉਨ੍ਹਾਂ ਦੀ ਯਾਦ ਵਿਚ 8 ਮਈ ਨੂੰ ਪਟਿਆਲਾ ਵਿਖੇ ਸ਼ੋਕ/ਸ਼ਰਧਾਂਜਲੀ ਸਮਾਗਮ ਕੀਤਾ ਜਾਵੇਗਾ।

## ਅੰਦਰਲੀਂ ਜੰਗ ’ਚੋਂ ਹਾਰਿਆ ਹੀਰੋ

(ਸਾਥੀ ਸਤਨਾਮ-ਜੰਗਲਨਾਮਾ)

ਪੱਖੇ ਨਾਲ ਲਮਕ ਗਏ...
ਉਸ ਲੜਾਕੂ ਜਿਸਮ ਦਾ ਭਾਰ,...
ਉਸਦੀ ਆਪਣੀ ਹੀ ਰੂਹ ਦੇ ਵਾਸਤੇ
ਭਲਾ ਕਿੰਨਾ ਅਸਹਿ ਹੋ ਗਿਆ ਹੋਵੇਗਾ ?
ਜਿਸਨੇ ਕਦੀ...
ਯੁੱਗ ਨੂੰ ਪਲਟਨ ਲਈ,
ਸਿਧਾਂਤਾਂ ਦੀ ਤੁੱਲ੍ਹ ਲਗਾਈ ਸੀ !
ਜਿਸਨੇ ਵਿਚਾਰਾਂ ਦਾ ਕਾਨਵਾਈ ਨੂੰ...
ਚੌਹਠ ਵਰੇ ਆਪਣੇ ਮੋਢਿਆਂ ਤੇ ਢੋਇਆ !
ਜਿਸਨੇ ਹਰ ਸਾਹ ਦੀ ਆਮਦ ਨਾਲ
ਗਲੇ ਸੜ੍ਹੇ ਸਮਾਜ ਦੇ ਗੰਦ ਨੂੰ,
ਦੂਰ ਸੁੱਟਕੇ ਆਉਣ ਲਈ
ਸਿਰ ਪੇਸ਼ ਕੀਤਾ ਸੀ !

ਉਹ ਹਿੰਮਤੀ ਯੋਧਾ....
ਆਪਣੇ ਹੀ ਅੰਦਰ ਚੱਲਦੀ ਜੰਗ ’ਚੋਂ,
ਆਖਰ ਚੁੱਪ-ਚੁਪੀਤੇ ਮਾਤ ਖਾ ਗਿਆ !
ਉਹ ਇਸ ਯੁੱਗ ਨੂੰ...
ਪਲਟਾਉਣ ਵਿੱਚ ਮਸ਼ਰੂਫ਼ ਲੋਕਾਂ ’ਚੋਂ,
ਸਦਾ ਲਈ ਵਿਦਾ ਹੋ ਗਿਆ !
ਹੈਰਾਨੀ ਹੈ...
ਕਿ ਜ਼ਿੰਦਗੀ ਦਾ ਆਸ਼ਕ,
ਆਖਰ ਮੌਤ ਤੇ ਫਿਦਾ ਹੋ ਗਿਆ !

ਬਸਤਰ ਦੇ ਜੰਗਲਾਂ ’ਚੋਂ,
ਸਾਬਤ ਬਚਕੇ ਨਿਕਲ ਆਏ.......
ਉਸ ਸੁਲਗਦੇ ਹੋਏ ਵਣਾਂ ਦੇ ਰਾਹੀਂ ਨੂੰ
ਸ਼ਹਿਰ ਦੀ ਘੜਮੱਸ ਖਾ ਗਈ !
ਜ਼ਹਿਰ ਦੀ ਅਪਣੱਤ ਖਾ ਗਈ !
ਜੋ ਜ਼ਹਿਰ.......
ਉਸਨੇ ਸੱਪਾਂ ਚੋਂ ਕੱਢਿਆ ਸੀ,
ਬੰਦੇ ਦੀ ਹੋਂਦ ਨੂੰ ਨਿਗਲ ਜਾਣ ਵਾਲੇ
“ਕਿਤਾਬੀ ਅਜਗਰਾਂ” ਨੂੰ ਮਾਰਨ ਵਾਸਤੇ !

ਉਸਦੇ ਜ਼ਿਹਨ ਅੰਦਰ.......
ਉੱਗੇ ਨਿਰਾਸ਼ਤਾ ਦੇ ਜੰਗਲ ਵਿੱਚ
ਕਜ਼ਾ ਦਾ ਹਨੇਰਾ....ਜ਼ਰੂਰ ਹੀ,
ਖਤਰਨਾਕ ਹੱਦ ਤੱਕ ਵੱਧ ਗਿਆ ਹੋਵੇਗਾ
ਕਿ ਉਸਤੋਂ ਆਪਣਾ ਹੀ ਲਿਖਿਆ ‘ਜੰਗਲਨਾਮਾ’
ਪੜ੍ਹਿਆ ਨਾ ਗਿਆ !!

- ਸਰਬਜੀਤ ਸੋਹੀ







**SARO KARAN DI AWAZ**

**Publisher**
Pro-People Arts Project Media
Group 29 Mapleview Ave,
Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Guelph,
(Ontario)
226-979-5688
deephsingh@gmail.com

**Literary Advisor**
Gurbachan Singh Brar
Calgary (NE) Alberta
403-470-2628
brargurbachan@yahoo.ca

**Advisory Board**

**Narbhinder Singh (India)**
935-443-0211

**Buta Singh Nawan Shahr (India)**
946-347-4342
atoozed@gmail.com

**Jaswant Zirakh (India)**
98151-69825
jaswantzirakh@gmail.com

**Harnek Dhaliwal, Winnipeg**
(Manitoba)
204-488-6960

**Parshotam Dosanjh, Surrey (BC)**
1-604-512-8371

**Sukhdev Singh Sandhu (Toronto)**

**Master Balbir Singh Gill (Toronto)**

**Jaspreet Dhaliwal (Toronto)**

**Harjit Bedi (Brampton, Ontario)**
647-924-9087

**Baljinder Singh**
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

ਨੂੰ 10 ਅਪਰੈਲ ਨੂੰ ਸਵੇਰੇ ਡਿਪਟੀ ਕਮਿਸ਼ਨਰ (ਡੀ ਸੀ) ਦੀ ਕੋਠੀ ਬੁਲਾਇਆ ਗਿਆ। ਉਨ੍ਹਾਂ ਨਾਲ ਉਨ੍ਹਾਂ ਦੇ ਦੋ ਨੌਕਰ, ਹੰਸ ਰਾਜ ਅਤੇ ਜੈ ਰਾਮ ਸਿੰਘ ਵੀ ਗਏ। ਜਾਂਦਿਆਂ ਹੀ ਉਨ੍ਹਾ ਨੂੰ ਵਾਰੰਟ ਫੜਾ ਦਿੱਤੇ ਗਏ ਅਤੇ ਕਿਹਾ ਗਿਆ ਕਿ ਉਨ੍ਹਾਂ ਨੂੰ ਹੁਣੇ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਦੋਨਾਂ ਦੇ ਵਿਰੋਧ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਦੋ ਸਰਕਾਰੀ ਕਾਰਾਂ ਵਿਚ ਚਾੜ੍ਹ ਕੇ ਪੂਰੀ ਸਪੀਡ ਨਾਲ ਧਰਮਸ਼ਾਲਾ ਨੂੰ ਤੋਰ ਦਿੱਤਾ ਗਿਆ।

ਹੰਸ ਰਾਜ ਅਤੇ ਜੈ ਰਾਮ ਤੋਂ ਲੀਡਰਾਂ ਦੀ ਗ੍ਰਿਫਤਾਰੀ ਦੀ ਚੱਲੀ ਗੱਲ, ਸ਼ਹਿਰ ਵਿਚ ਅੱਗ ਵਾਂਗ ਫੈਲ ਗਈ ਅਤੇ 11:30 ਵਜੇ ਤੱਕ ਲੋਕ ਹਾਲ ਬਜ਼ਾਰ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ। ਲੋਕ ਲੀਡਰਾਂ ਦੀ ਰਿਹਾਈ ਦੀ ਮੰਗ ਕਰਨ ਲਈ ਇਕੱਠੇ ਹੋ ਜਲੂਸ ਦੀ ਸ਼ਕਲ ਵਿਚ ਡੀ ਸੀ ਦੀ ਕੋਠੀ ਵੱਲ ਨੂੰ ਚੱਲ ਪਏ। ਕਿਸੇ ਸੰਭਾਵੀ ਜਲੂਸ ਜਾਂ ਇਕੱਠ ਨੂੰ ਰੋਕਣ ਲਈ ਸਰਕਾਰ ਨੇ ਸ਼ਹਿਰ ਤੇ ਸਿਵਲ ਲਾਈਨ, ਜਿਥੇ ਅੰਗਰੇਜ਼ ਅਫਸਰਾਂ ਦੀਆਂ ਕੋਠੀਆਂ ਸਨ, ਨੂੰ ਜੋੜਨ ਵਾਲੇ ਰੇਲਵੇ ਪੁਲ ਅਤੇ ਰੇਲਵੇ ਲਾਈਨ ਤੋਂ ਲੰਘਦੀ ਸੜਕ ਤੇ ਫੌਜੀਆਂ ਦੀਆਂ ਘੋੜਸਵਾਰ ਟੁਕੜੀਆਂ ਲਾਈਆਂ ਹੋਈਆਂ ਸਨ। ਡੀ ਸੀ ਕੋਠੀ ਵੱਲ ਜਾਂਦੇ ਲੋਕਾਂ ਨੂੰ 12 ਘੋੜਸਵਾਰਾਂ ਦੀ ਫੌਜੀ ਟੁਕੜੀ ਨੇ ਹਾਲ ਗੇਟ ਦੇ ਪੁਲ ਤੇ ਰੋਕ ਲਿਆ ਗਿਆ। ਘੰਟਾ ਕੁ ਜਲੂਸ ਤੇ ਘੋੜ ਸਵਾਰ ਆਹਮੋ ਸਾਹਮਣੇ ਖੜ੍ਹੇ ਰਹੇ। ਲੋਕਾਂ ਦਾ ਹਜੂਮ ਪਲੋ ਪਲ ਵੱਧ ਰਿਹਾ ਸੀ। ਪੁਲਿਸ ਦਾ ਸਹਾਇਕ ਕਮਿਸ਼ਨਰ ਬੈਕਟ ਹਾਲ ਬ੍ਰਿਜ ਤੇ 1 ਵਜੇ ਆਇਆ ਅਤੇ ਲੋਕਾਂ ਦੇ ਇਕੱਠ ਨੂੰ ਵੇਖ ਕੇ ਸਹਿਮ ਗਿਆ। ਉਸ ਮੁਤਾਬਿਕ ਜਿਥੇ ਤੱਕ ਨਿਗਾਹ ਜਾਂਦੀ ਸੀ ਲੋਕ ਹੀ ਲੋਕ ਸਨ ਤੇ ਮੁੱਠੀ ਭਰ ਫੌਜੀ ਉਨ੍ਹਾਂ ਨੂੰ ਰੋਕ ਰਹੇ ਸਨ। ਬੈਕਟ ਨੇ ਰੌਲਾ ਪਾ ਇਕੱਠ ਨੂੰ ਖਿਲਾਰਨ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਆਵਾਜ਼ ਕਿਸੇ ਨੂੰ ਸੁਣਾਈ ਨਹੀਂ ਸੀ ਦਿੰਦੀ। ਹੌਲੀ ਹੌਲੀ ਫੌਜੀ ਪੁਲ ਤੇ ਅੱਗੇ ਵੱਧਣ ਲੱਗੇ ਅਤੇ ਲੋਕ ਪਛਾਂਹ ਨੂੰ ਜਾਣ ਲੱਗੇ। ਲੋਕਾਂ ਨੇ ਘੋੜਿਆਂ ਦੇ ਵੱਟੇ ਮਾਰਨੇ ਸ਼ੁਰੂ ਕਰ ਦਿੱਤੇ ਸਨ, ਜਦ ਲੋਕ ਪੁਲ ਦੇ ਹੇਠਾਂ ਆਏ ਤਾਂ ਉਥੇ ਇੱਟਾਂ ਪਈਆਂ ਸਨ, ਜਿਨ੍ਹਾਂ ਨੂੰ ਚੁੱਕ ਕੇ ਉਨ੍ਹਾਂ ਫੌਜੀਆਂ ਦੇ ਮਾਰਨਾ ਸ਼ੁਰੂ ਕਰ ਦਿੱਤਾ। ਇਸ ਵੇਲੇ ਅੰਗਰੇਜ਼ ਅਫਸਰ ਮਾਈਲਸ ਇਰਵਿਨ ਆ ਗਿਆ ਅਤੇ ਹਾਲਤ ਵੇਖਕੇ ਉਸ ਨੇ ਫੌਜੀਆਂ ਨੂੰ 100 ਗੱਜ਼ ਪਿਛੇ ਲੈ ਆਂਦਾ। ਉਸ ਨੇ ਬੈਕਟ ਨੂੰ ਹੋਰ ਫੌਜੀ ਲਿਆਉਣ ਲਈ ਕਿਹਾ, ਜੋ ਲੈਫਟੀਨੈਂਟ ਡਿਕੀ ਦੀ ਕਮਾਨ ਹੇਠ 6-7 ਹੋਰ ਘੋੜ ਸਵਾਰ ਲੈ ਆਇਆ। ਪਰ ਲੋਕਾਂ ਦੇ ਵੱਟਿਆਂ ਸਾਹਮਣੇ ਉਹ ਵੀ ਨਾ ਟਿਕ ਸਕਿਆ ਅਤੇ ਫੌਜੀ ਹੌਲੀ ਹੌਲੀ, ਪਿਛੇ ਧੱਕੇ ਜਾਣ ਲੱਗੇ। ਉਸ ਵੇਲੇ ਵਾਧੂ ਸਹਾਇਕ ਕਮਿਸ਼ਨਰ ਕੋਨੋਰ ਪਹੁੰਚ ਗਿਆ ਅਤੇ ਉਸ ਨੇ ਵੇਖਿਆ ਕਿ ਫੌਜੀ ਟੁਕੜੀਆਂ ਤਾਂ ਸਿਵਲ ਲਾਈਨ ਤੱਕ ਪਿਛੇ ਹੱਟ ਗਈਆਂ ਹਨ। ਉਸ ਨੇ ਡਿਕੀ ਨੂੰ ਪਿਛੇ ਹੱਟਣ ਤੋਂ ਰੁਕਣ ਲਈ ਕਿਹਾ ਅਤੇ ਹੁਕਮ ਦਿੱਤਾ ਕਿ ਕਿਸੇ ਵੀ ਹਾਲਤ ਵਿਚ ਭੀੜ ਸਿਵਲ ਲਾਈਨ ਵਿਚ ਨਹੀਂ ਜਾਣੀ ਚਾਹੀਦੀ। ਕੁਝ ਫੌਜੀ ਘੋੜਿਆਂ ਤੋਂ ਉਤਰੇ ਅਤੇ ਉਨ੍ਹਾ ਭੀੜ ਵੱਲ ਕੁਝ ਫਾਇਰ ਕੀਤੇ। ਲੋਕ ਠਠੰਬਰ ਗਏ। ਇਨੇ ਵਿਚ ਡੀ ਐਸ ਪੀ ਪਲੋਮਰ 24 ਪੁਲਿਸੀਏ ਅਤੇ 7 ਭਾਰਤੀ ਫੌਜੀ ਲੈ ਕੇ ਆ ਗਿਆ। ਕੁਝ ਲੋਕ ਲੱਕੜ ਦੇ ਪੁਲ ਤੋਂ ਤੁਰ ਕੇ ਇਸ ਪਾਸੇ ਆ ਰਹੇ ਸਨ। ਪਲੋਮਰ ਨੂੰ ਅਪਣੇ ਘੇਰੇ ਜਾਣ ਦਾ ਖਤਰਾ ਹੋ ਗਿਆ। ਉਸ ਦੇ ਹੁਕਮ ਤੇ ਫੌਜੀਆਂ ਨੇ ਉਨ੍ਹਾਂ ਨੂੰ ਵਾਪਿਸ ਰੇਲਵੇ ਲਾਈਨ ਦੇ ਦੂਜੇ ਪਾਸੇ ਤੋਰ ਦਿੱਤਾ। ਦੋ ਵੱਜ ਚੁੱਕੇ ਸਨ, ਇੱਕ ਹੋਰ ਵੱਡੀ ਭੀੜ ਪਿਛੋ ਆ ਜੁੜੀ। ਪਲੌਮਰ ਨੇ ਟੁਕੜੀ ਦੇ ਸੂਬੇਦਾਰ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ, ਲੋਕਾਂ ਤੇ ਸਿੱਧਾ ਫਾਇਰ ਕੀਤਾ ਜਾਣ ਲੱਗਾ, ਭੀੜ ਖਿੰਡ ਗਈ। ਇਸ ਥਾਂ ਚਾਰ ਲੋਕ ਸਵੇਰੇ ਅਤੇ 22 ਦੁਪਿਹਰ ਸ਼ਹਾਦਤ ਦਾ ਜਾਮ ਪੀ ਗਏ।

ਭੜਕੇ ਲੋਕਾਂ ਦੀ ਭੀੜ ਸ਼ਹਿਰ ਵਿਚ ਖਿੰਡ ਗਈ। ਉਨ੍ਹਾਂ ਦੇ ਸਾਹਮਣੇ, ਲੀਡਰਾਂ ਦੀ ਰਿਹਾਈ ਦੀ ਮੰਗ ਕਰਨ ਗਏ ਲੋਕਾਂ ਨੂੰ ਗੋਲੀਆਂ ਨਾਲ ਭੁਨਿਆਂ ਜਾ ਚੁੱਕਾ ਸੀ। ਹੁਣ ਉਹ ਹਰ ਦਿਸਦੇ ਅੰਗਰੇਜ਼ ਤੋਂ ਬਦਲਾ ਲੈਣ ਦੀ ਕੋਸ਼ਿਸ਼ ਵਿਚ ਸਨ। ਸਰਕਾਰ ਅਜਿਹੇ ਖਤਰੇ ਤੋਂ ਪਹਿਲਾਂ ਹੀ ਸੁਚੇਤ ਸੀ ਅਤੇ ਜਿਅਦਾਤਰ ਅੰਗਰੇਜ਼ਾਂ ਨੂੰ ਸਿਵਲ ਲਾਈਨ ਵਿਚ ਲਿਆਂਦਾ ਜਾ ਚੁੱਕਾ ਸੀ ਪਰ ਅਜੇ ਵੀ ਕੁਝ ਅੰਗਰੇਜ਼ ਸ਼ਹਿਰ ਵਿਚ ਰਹਿ ਗਏ ਸਨ, ਜਿਨ੍ਹਾਂ ਵਿਚੋਂ ਕੁਝ ਇਨ੍ਹਾਂ ਲੋਕਾਂ ਦੀ ਮਾਰ ਹੇਠ ਆਏ। ਨੈਸ਼ਨਲ ਬੈਂਕ ਦੇ ਮੈਨੇਜਰ ਸਟੀਵਾਰਟ ਅਤੇ ਸਹਾਇਕ ਮੈਨੇਜਰ ਸਕਾਟ ਨੂੰ ਲੋਕਾਂ ਮਾਰ ਦਿੱਤਾ ਗਿਆ ਅਤੇ ਬੈਂਕ ਨੂੰ ਲੁੱਟ ਕੇ ਅੱਗ ਲਾ ਦਿੱਤੀ। ਅਲਾਇੰਸ ਬੈਂਕ ਦੇ ਮੈਨੇਜਰ ਥੌਮਸਨ ਨੂੰ ਵੀ ਲੋਕਾਂ ਮਾਰ ਦਿੱਤਾ। ਚਾਰਟਰ ਬੈਂਕ ਦੇ ਮੈਨੇਜਰ ਥੋਮਸਨ ਅਤੇ ਉਸ ਦੇ ਸਹਾਇਕ ਰੌਸ ਨੇ ਵੀ ਸੜ ਕੇ ਮਰ ਜਾਣਾ ਸੀ, ਜੇਕਰ ਪਤਾ ਲੱਗਣ ਤੇ ਥਾਣੇਦਾਰ ਅਹਿਮਦ ਜਾਨ ਨਾ ਆਉਂਦਾ ਜਿਸ ਨੇ ਆ ਕੇ ਤਰਕੀਬਨ 2000 ਲੋਕਾਂ ਨੂੰ ਖਿਲਾਰ ਦਿੱਤਾ ਅਤੇ ਦੋਨਾਂ ਨੂੰ ਬੈਂਕ ਦੀ ਉਪਰਲੀ ਮੰਜ਼ਿਲ ਵਿਚੋਂ ਸੁਰੱਖਿਅਤ ਕੱਢ ਲਿਆ। ਰੇਲਵੇ ਸਟੇਸ਼ਨ ਤੇ ਰੋਬਿੰਨਸਨ ਅਤੇ ਸਾਰਜੈਂਟ ਰੋਲੈਂਡ ਮਾਰੇ ਗਏ। ਇੱਕ ਅੰਗਰੇਜ਼ ਔਰਤ, ਸਕੂਲ ਸੁਪਰਡੈਂਟ ਮਾਰਸੀਆ ਸ਼ੇਰਵੁੱਡ, ਸਾਇਕਲ ਤੇ ਸਕੂਲ ਬੰਦ ਕਰਵਾਉਣ ਜਾ ਰਹੀ ਸੀ। ਉਸ ਨੂੰ ਇੱਕ ਗਰੁੱਪ ਨੇ ਘੇਰ ਲਿਆ, ਇੱਕ ਵਾਰ ਤਾਂ ਉਹ ਬੱਚ ਕੇ ਨਿਕਲ ਗਈ, ਪਰ ਗੁਆਚੀ ਫਿਰਦੀ ਗਲੀ ਕੂਚਾ ਕੁੜੀਛਾਂ ਵਿਚ ਉਸੇ ਭੀੜ ਦੇ ਸਾਹਮਣੇ ਆ ਗਈ, ਜਿਨ੍ਹਾਂ ਉਸ ਨੂੰ ਕੁੱਟ ਕੇ ਮਰਿਆ ਸਮਝ ਛੱਡ ਦਿੱਤਾ। ਉਨ੍ਹਾਂ ਦੇ ਚਲੇ ਜਾਣ ਤੇ, ਇੱਕ ਪ੍ਰੀਵਾਰ ਨੇ ਉਸ ਨੂੰ ਸਾਂਭ ਕੇ ਬਚਾ ਲਿਆ। ਬਾਅਦ ਵਿਚ ਜਨਰਲ ਡਾਇਰ ਨੇ ਇਸ ਗਲੀ ਨੂੰ ਪਵਿਤਰ ਕਹਿੰਦਿਆਂ ਕਰਫਿਊ ਦੇ ਕਈ ਦਿਨ ਇਸ ਵਿਚੋਂ ਲੰਘਣ ਵਾਲੇ ਵਿਅੱਕਤੀਆਂ ਨੂੰ ਰੀਂਘ ਕੇ ਜਾਣ ਦਾ ਹੁਕਮ ਲਾਗੂ ਰੱਖਿਆ। ਟਾਊਨ ਹਾਲ ਤੇ ਸਬ ਪੋਸਟ ਆਫਿਸ ਨੂੰ ਅੱਗ ਲਗਾ ਦਿੱਤੀ ਗਈ। ਤਾਰ ਘਰ ਤਹਿਸ ਨਹਿਸ ਕਰ ਦਿੱਤਾ ਗਿਆ, ਰੇਲਵੇ ਸਟੇਸ਼ਨ ਤੇ ਪਿਆ ਮਾਲ ਲੁੱਟ ਲਿਆ ਗਿਆ।

ਸ਼ਹਿਰ ਦੇ ਹਾਲਤ ਬਹੁਤ ਵਿਗੜ ਚੁੱਕੇ ਸਨ, ਇਨ੍ਹਾਂ ਤੇ ਕਾਬੂ ਪਾਉਣ ਲਈ ਫੌਜ ਬੁਲਾ ਲਈ ਗਈ। ਬਰਗੇਡੀਅਰ ਜਨਰਲ ਹੈਰੀ ਡਾਇਰ ਜੋ ਜਲੰਧਰ ਬਰਗੇਡ ਦਾ ਕਮਾਂਡਰ ਸੀ ਨੇ ਲਾਹੌਰ ਤੋਂ ਤਾਰ ਮਿਲਣ ਤੇ ਦੋ ਸੌ ਗੋਰੇ ਅਤੇ ਦੋ ਸੌ ਭਾਰਤੀ ਫੌਜੀ ਰੇਲ ਗੱਡੀ ਰਾਹੀਂ ਅਮ੍ਰਿਤਸਰ ਭੇਜ ਦਿੱਤੇ, ਜੋ 11 ਅਪਰੈਲ ਸਵੇਰੇ ਪਹੁੰਚ ਗਏ। ਦੁਪਿਹਰ ਵੇਲੇ ਫੋਜ ਵਲੋਂ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਥਾਂ ਥਾਂ ਖੜ੍ਹ ਕੇ ਮੁਨਾਦੀ ਕਰਵਾ ਕੇ ਚਾਰ ਤੋਂ ਵੱਧ ਵਿਅੱਕਤੀਆਂ ਦੇ ਇਕੱਠੇ ਹੋਣ ਤੇ ਪਾਬੰਦੀ ਲਗਾਉਣ ਦਾ ਐਲਾਨ ਕੀਤਾ ਗਿਆ। 11 ਅਪਰੈਲ ਦੀ ਰਾਤ ਨੂੰ ਡਾਇਰ ਵੀ ਸ਼ਹਿਰ ਵਿਚ ਪਹੁੰਚ ਗਿਆ ਅਤੇ ਮਾਰਸ਼ਲ ਲਾਅ ਦੇ ਐਲਾਨ ਤੋਂ ਬਿਨਾ ਹੀ ਸ਼ਹਿਰ ਦੇ ਅਮਨ ਕਾਨੂੰਨ ਨਾਲ ਸਬੰਧਿਤ ਫੈਸਲੇ ਆਪ ਲੈਣ ਲੱਗਾ। 12 ਅਪਰੈਲ ਸਵੇਰੇ ਦਸ ਵਜੇ ਉਹ ਫੌਜੀ ਗਡੀਆਂ ਨਾਲ ਕੋਤਵਾਲੀ ਗਿਆ। ਸ਼ਹਿਰ ਬੰਦ ਸੀ, ਕਿਤੇ ਕਿਤੇ ਲੋਕ ਟੋਲੀਆਂ ਵਿਚ ਖੜ੍ਹੇ ਸਨ। ਸੁਲਤਾਨਵਿੰਡ ਗੇਟ ਮੂਹਰੇ ਕਾਫੀ ਵੱਡਾ ਇਕੱਠ ਸੀ, ਪਹਿਲਾਂ ਤਾਂ ਉਸ ਨੇ ਗੋਲੀ ਚਲਾਉਣ ਦੀ ਸੋਚੀ, ਪਰ ਫਿਰ ਝੱਕ ਗਿਆ। ਵਾਪਿਸ ਆ ਕੇ ਉਸ ਨੇ ਇੱਕ ਹੋਰ ਹੁਕਮ ਕਢਵਾਇਆ, ਜਿਸ ਵਿਚ ਕੋਈ ਜਲਸਾ ਜਲੂਸ ਕਢਣ ਤੇ ਪਾਬੰਦੀ ਦਾ ਐਲਾਨ ਸੀ। ਸ਼ਹਿਰ ਵਿਚੋਂ ਦੀਨਾ ਨਾਥ ਅਤੇ ਬੱਗੇ ਸਮੇਤ 12 ਲੀਡਰ ਫੜ ਲਏ ਗਏ। ਉਨ੍ਹਾਂ ਦੀ ਰਿਹਾਈ ਲਈ ਹਿੰਦੂ ਸਭਾ ਹਾਈ ਸਕੂਲ ਵਿਚ ਇਕੱਠ ਹੋਇਆ ਜਿਸ ਵਿਚ ਲੀਡਰਾਂ ਦੀ ਰਿਹਾਈ ਦੀ ਮੰਗ ਕੀਤੀ ਗਈ।

13 ਅਪਰੈਲ ਵਿਸਾਖੀ ਦਾ ਦਿਨ ਸੀ, ਬੇਸ਼ੱਕ ਸ਼ਹਿਰ ਬੰਦ ਸੀ, ਪਰ ਪਿੰਡਾਂ ਵਿਚ ਸਰਕਾਰ ਦੇ ਐਲਾਨਾਂ ਬਾਰੇ ਕੋਈ ਖਾਸ ਪਤਾ ਨਹੀਂ ਸੀ, ਲੋਕ ਹਰ ਸਾਲ ਦੀ ਤਰ੍ਹਾਂ ਵਿਸਾਖੀ ਦੇ ਤਿਉਹਾਰ ਤੇ ਵੱਡੀ ਗਿਣਤੀ ਵਿਚ ਅਮ੍ਰਿਤਸਰ ਪਹੁੰਚ ਰਹੇ ਸਨ। ਸਰਕਾਰੀ ਇਮਾਰਤਾਂ ਦੀ ਸੁਰੱਖਿਆ ਫੌਜ ਦੀਆਂ ਟੁਕੜੀਆਂ ਕਰ ਰਹੀਆਂ ਸਨ। ਇਸ ਦਿਨ ਵੀ ਸਵੇਰੇ ਵੇਲੇ ਫੌਜ ਵਲੋਂ ਸ਼ਕਤੀ ਪ੍ਰਦਰਸ਼ਨ ਕੀਤਾ ਗਿਆ। ਇਸ ਵਿਚ ਸਭ ਤੋਂ ਮੂਹਰੇ ਚਿੱਟੇ ਘੋੜੇ ਤੇ ਅਸ਼ਰਫ ਖਾਨ ਤੇ ਠਾਣੇਦਾਰ ਉਬੇਦਉਲਾ, ਪਿਛੇ ਨਾਇਬ ਤਸੀਲਦਾਰ ਮਲਿਕ ਫਤਿਹ ਖਾਨ, ਨਾਲ ਟਾਂਗੇ ਤੇ ਢੋਲ ਵਾਲਾ, ਫਿਰ ਪੈਦਲ ਗੋਰੇ ਫੋਜੀ, ਮਗਰ ਦੋ ਕਾਰਾਂ, ਇੱਕ ਵਿਚ ਜਨਰਲ ਡਾਇਰ ਤੇ ਡੀ ਸੀ 'ਤੇ ਦੂਜੀ ਵਿਚ ਐਸ ਪੀ ਰੀਹਲ 'ਤੇ ਡੀ ਐਸ ਪੀ ਪਲੋਮਰ, ਫਿਰ ਬਾਕੀ ਫੋਜੀ। ਇਹ ਜਲੂਸ 19 ਥਾਂਵਾਂ ਤੇ ਰੁਕਿਆ ਅਤੇ ਹਰ ਥਾਂ ਢੋਲ ਦੇ ਡੱਗੇ ਤੇ ਕਿਸੇ ਵੀ ਜਲਸੇ ਜਲੂਸ ਤੇ ਪਾਬੰਦੀ ਅਤੇ ਨਾਲ ਹੀ ਰਾਤ ਦੇ ਅੱਠ ਵਜੇ ਤੋਂ ਬਾਅਦ ਕਰਫਿਊ ਲਾਉਣ ਅਤੇ ਕਿਸੇ ਦੇ ਇਸ ਸਮੇਂ ਤੋਂ ਬਾਅਦ ਬਾਹਰ ਨਿਕਲਣ ਤੇ ਗੋਲੀ ਮਾਰਨ ਦਾ ਹੁਕਮ ਵੀ ਸੁਣਾਇਆ ਜਾ ਰਿਹਾ ਸੀ। ਇਸੇ ਸਮੇਂ ਕੁਝ ਨੌਜਵਾਨ ਜਲਿਆਂਵਾਲੇ ਬਾਗ ਵਿਚ ਹੋਣ ਵਾਲੇ ਇਕੱਠ ਦੀ ਮੁਨਾਦੀ ਕਰ ਰਹੇ ਸਨ।

ਜਨਰਲ ਡਾਇਰ ਨੂੰ ਬਾਗ ਵਿਚ ਹੋਣ ਵਾਲੀ ਮੀਟਿੰਗ ਬਾਰੇ ਇੱਕ ਵਜੇ ਤੋਂ ਥੋੜ੍ਹਾ ਪਹਿਲਾਂ ਪਤਾ ਲੱਗ ਚੁੱਕਾ ਸੀ, ਪਰ ਉਸ ਨੇ ਇਸ ਇਕੱਠ ਨੂੰ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ, ਸਗੋਂ ਲੋਕਾਂ ਨੂੰ ਇਸ ਥਾਂ ਇਕੱਠੇ ਹੋਣ ਦਿੱਤਾ। ਉਹ ਇਸ ਨੂੰ ਭਾਰਤੀਆਂ ਨੂੰ ਸਬਕ ਸਖਾਉਣ ਦਾ ਇੱਕ ਮੌਕਾ ਸਮਝ ਰਿਹਾ ਸੀ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਮਾਰ ਕੇ ਅੰਗਰੇਜ਼ੀ ਸਰਕਾਰ ਦੀ ਦਹਿਸ਼ਤ ਲੋਕਾਂ ਵਿਚ ਫਲਾਉਣੀ ਚਾਹੁੰਦਾ ਸੀ। ਚਾਰ ਵਜੇ ਜਦ ਉਸ ਨੂੰ ਚਲ ਰਹੀ ਮੀਟਿੰਗ ਬਾਰੇ ਪੱਕਾ ਪਤਾ ਲੱਗਾ ਤਾਂ ਉਸ ਨੇ ਅਪਣੇ ਨਾਲ ਦੋ ਕਾਰਾਂ, ਕੁਝ ਘੋੜਸਵਾਰ ਪੁਲਸੀਏ, 90 ਹਥਿਆਰਬੰਦ ਸਿਪਾਹੀ ਅਤੇ ਦੋ ਬਖਤਰਬੰਦ ਗਡੀਆਂ ਲੈ ਕੇ ਬਾਗ ਵੱਲ ਕੂਚ ਕਰ ਦਿੱਤਾ। ਉਸ ਨੇ ਅਪਣੇ ਨਾਲ ਹੋਰ ਅਫਸਰ ਨਾ ਲਏ ਅਤੇ ਨਾ ਹੀ ਡੀ ਸੀ ਨੂੰ ਉਡੀਕਿਆ ਅਤੇ ਸਵਾ ਪੰਜ ਵਜੇ ਬਾਗ ਵਿਚ ਪਹੁੰਚ ਗਿਆ। ਬਾਗ ਨੂੰ ਜਾਂਦੀ ਗਲੀ ਭੀੜੀ ਹੋਣ ਕਾਰਨ, ਮਸ਼ੀਨਗੰਨਾਂ ਵਾਲੀਆਂ ਬਕਤਰਬੰਦ ਗਡੀਆਂ ਅੰਦਰ ਨਾ ਜਾ ਸਕੀਆਂ, ਜਿਸ ਦਾ ਉਸ ਨੂੰ ਅਫਸੋਸ ਰਿਹਾ। ਅੰਦਰ ਆ ਕੇ ਉਸ ਨੇ ਸ਼ਾਂਤੀ ਪੂਰਵਕ ਜਲਸਾ ਸੁਣ ਰਹੇ ਲੋਕਾਂ ਦਾ ਇਕੱਠ ਵੇਖਿਆ, ਇਸ ਵਿਚ ਲੋਕਾਂ ਦੀ ਗਿਣਤੀ ਡਾਇਰ ਦੇ ਦਸੱਣ ਮੁਤਾਬਿਕ 5000, ਪਰ ਕੁਝ ਅੰਦਾਜਿਆਂ ਮੁਤਾਬਿਕ ਵੀਹ ਹਜ਼ਾਰ ਸੀ। ਸਟੇਜ ਡਾਇਰ ਦੇ ਫੋਜੀਆਂ ਤੋਂ ਕੋਈ ਸੱਠ ਗਜ਼ ਅਤੇ ਨੇੜਲੇ ਲੋਕ ਸਿਰਫ ਅੱਠ ਗਜ਼ ਸਨ। ਉਸ ਨੇ ਬਿਨਾ ਕੋਈ ਚਿਤਾਵਨੀ ਦਿਤਿਆਂ, ਗੋਰਖੇ ਫੋਜੀਆ ਨੂੰ ਦੋ ਲਾਈਨਾਂ ਵਿਚ ਵੰਡ ਦਿੱਤਾ, ਅਗਲੀ ਲਾਈਨ ਨੂੰ ਬੈਠ ਕੇ 'ਤੇ ਪਿਛਲੀ ਲਾਈਨ ਨੂੰ ਖੜੋ ਕੇ ਸਿੱਧਾ ਲੋਕਾਂ ਦੀ ਭੀੜ ਤੇ ਫਾਇਰ ਕਰਨ ਦਾ ਹੁਕਮ ਦਿੱਤਾ। ਹਾ ਹਾ ਕਾਰ ਮੱਚ ਗਈ। ਲੋਕ ਇਧਰ ਉਧਰ ਭੱਜਣ ਲੱਗੇ, ਬਾਗ ਵਿਚੋਂ ਨਿਕਲਣ ਦੇ ਥੋੜੇ, ਉਹ ਵੀ ਭੀੜੇ ਰਸਤੇ ਸਨ, ਲੋਕ ਉਨ੍ਹਾਂ ਵਿਚੋਂ ਬਾਹਰ ਜਾਣ ਲੱਗੇ। ਉਨ੍ਹਾ ਨੂੰ ਜਾਣ ਦੇਣ ਦੀ ਥਾਂ ਡਾਇਰ ਫੋਜੀਆਂ ਨੂੰ ਉਨ੍ਹਾਂ ਭੀੜ ਵਾਲੇ ਥਾਂਵਾਂ ਵੱਲ ਫਾਇਰ ਸੇਧਣ ਦਾ ਹੁਕਮ ਦਿੰਦਾ ਰਿਹਾ। ਗੋਲੀ 10 ਮਿੰਟ ਚਲਦੀ ਰਹੀ ਅਤੇ ਉਸ ਵੇਲੇ ਹੀ ਰੋਕੀ ਗਈ, ਜਦ ਫੋਜੀਆਂ ਕੋਲ ਰੌਂਦ ਤਕਰੀਬਨ ਖਤਮ ਹੋ ਗਏ। ਕੁਲ 1650 ਗੋਲੀਆਂ ਚੱਲੀਆਂ, ਸਰਕਾਰੀ ਗਿਣਤੀ ਮੁਤਾਬਿਕ 379 ਵਿਅੱਕਤੀ ਪਰ ਹੋਰ ਅੰਦਾਜਿਆਂ ਮੁਤਾਬਿਕ 1000 ਤੋਂ ਵੱਧ ਮਰੇ ਅਤੇ ਹਜ਼ਾਰਾਂ ਜ਼ਖਮੀ ਹੋਏ। ਮਰਨ ਵਾਲਿਆਂ ਵਿਚ ਦੋ ਔਰਤਾਂ ਅਤੇ 41 ਬੱਚੇ ਸ਼ਾਮਿਲ ਸਨ। ਇਸ ਖੂਨੀ ਕਾਰੇ ਦਾ ਬਦਲਾ ਸ਼ਹੀਦ ਉਧਮ ਸਿੰਘ ਨੇ ਪੰਜਾਬ ਵਿਚ ਉਸ ਵੇਲੇ ਦੇ ਲੈਫਟੀਨੈਂਟ ਗਵਰਨਰ ਮਾਇਕਲ ਓਡਵਾਇਰ ਨੂੰ ਇੰਗਲੈਂਡ ਵਿਚ ਮਾਰਕੇ ਲਿਆ।

## ਦੇਸ਼ ਭਗਤ ਯਾਦਗਾਰ ਹਾਲ ਲਈ ਆਰਥਕ ਮੱਦਦ ਦਾ ਉਤਸ਼ਾਹੀ ਹੁੰਗਾਰਾ



ਜਲੰਧਰ: ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਆਰਥਕ ਮੱਦਦ ਲਈ ਕੀਤੀ ਅਪੀਲ ਨੂੰ ਦੇਸ਼-ਬਦੇਸ਼ ਤੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਅੱਜ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਲਈ ਅਮਰਜੀਤ ਕੌਰ ਪੋਤਰੀ ਦੇਸ਼ ਭਗਤ ਬਚਨ ਸਿੰਘ ਘੋਲੀਆ (ਅਮਰੀਕਾ ਵਾਸੀ) 10,000 ਰੁਪਏ, ਬਲਦੇਵ ਰਾਜ ਕਲੇਰ ਦੀ ਯਾਦ 'ਚ ਉਹਨਾਂ ਦੇ ਇੰਗਲੈਂਡ ਵਸਦੇ ਪਰਿਵਾਰ ਵੱਲੋਂ 6000/- ਰੁਪਏ ਭਰਪੂਰ ਸਿੰਘ ਸੰਧੂ ਦਦੇਹਰ ਸਾਹਿਬ (ਅਮਰੀਕਾ ਵਾਸੀ) ਵੱਲੋਂ 5000/- ਰੁਪਏ, ਭਾਰਤ ਭੂਸ਼ਣ ਬਰਮਿੰਘਹਮ (ਇੰਗਲੈਂਡ) ਵੱਲੋਂ ਆਪਦੀ ਜੀਵਨ-ਸਾਥਣ ਹਰਪ੍ਰੀਤ ਕੌਰ ਦੀ ਯਾਦ 'ਚ 10,000/- ਰੁਪਏ ਦੇਸ਼ ਭਗਤ ਯਾਦਗਾਰ ਕਮੇਟੀ ਦੀ ਝੋਲੀ ਪਾਏ ਗਏ।

ਬਾਬਾ ਭਗਤ ਸਿੰਘ ਬਿਲਗਾ ਕਿਤਾਰ ਘਰ ਲਈ ਉਹਨਾਂ ਦੇ ਪੁੱਤਰ ਪ੍ਰੇਮ ਸਿੰਘ ਸੰਘੇੜਾ ਅਤੇ ਨੂੰਹ ਕਿਰਪਾਲਜੀਤ ਕੌਰ ਵੱਲੋਂ ਇੱਕ ਲੱਖ ਰੁਪਿਆ ਸਹਾਇਤਾ ਕੀਤੀ ਗਈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਮੁੱਚੇ ਪਰਿਵਾਰ ਨੇ ਸਹਾਇਤਾ ਕਰਨ ਵਾਲੇ ਪਰਿਵਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਵਿਸ਼ਵਾਸ਼ ਦੁਆਇਆ ਕਿ ਸਹਾਇਤਾ ਰਾਸ਼ੀ ਲੋਕ ਕਾਜ਼ ਦੇ ਲੇਖੇ ਲਾਈ ਜਾਵੇਗੀ।

ਕਾਕੋਰੀ ਕਾਂਡ

# ਫਾਂਸੀ ਦੀ ਛਾਂ ਹੇਠ ਇਨਕਲਾਬੀ ਬੁਲੰਦੀ ਅਤੇ ਦ੍ਰਿੜ੍ਹਤਾ

ਮੂਲ : ਰਾਮ ਕ੍ਰਿਸ਼ਨ ਖੱਤਰੀ
ਪੇਸ਼ਕਸ਼ : ਨਰਭਿੰਦਰ

ਹੱਥਲੀ ਲਿਖਤ ਕਾਕੋਰੀ ਕਾਂਡ ਦੇ ਸਰਗਰਮ ਇਨਕਲਾਬੀ ਸ੍ਰੀ ਰਾਮਕ੍ਰਿਸ਼ਨ ਖੱਤਰੀ ਜੀ ਦੀ ਹੈ ਜਿਨ੍ਹਾਂ ਨੇ ਕਾਕੋਰੀ ਸਾਜ਼ਿਸ਼ ਕੇਸ ਦੇ ਸਾਥੀਆਂ ਦੀਆਂ ਜੇਲ੍ਹ ਯਾਦਾਂ 'ਚ ਬੁਲੰਦ ਹੌਸਲੇ ਅਤੇ ਨਿਰਛੱਲ ਮਾਨਸਿਕਤਾ ਨੂੰ ਪੇਸ਼ ਕੀਤਾ ਹੈ।

ਖੱਤਰੀ ਜੀ ਦਾ ਜਨਮ 3 ਮਾਰਚ 1902 ਨੂੰ ਪਿੰਡ ਚਿਖਲੀ ਜ਼ਿਲ੍ਹਾ ਬੁਲਢਾਨਾ (ਬਰਾਰ) ਮਹਾਂਰਾਸ਼ਟਰ ਵਿਚ ਹੋਇਆ ਸੀ। ਬਚਪਨ ਤੋਂ ਹੀ ਉਨ੍ਹਾਂ ਨੂੰ ਰਾਜਨੀਤੀ ਦੀ ਲਲਕ ਲੱਗ ਗਈ। ਸਕੂਲ 'ਚ ਪੜ੍ਹਦੇ ਸਨ ਕਿ ਲੋਕ ਮਾਨੀਯ ਤਿਲਕ ਦਾ ਭਾਸ਼ਣ ਪਿੰਡ 'ਚ ਹੋਣ ਬਾਰੇ ਪਤਾ ਲੱਗਾ ਤਾਂ ਇਹ ਵੀ ਸੁਣਨ ਬੈਠ ਗਏ। ਭਾਸ਼ਣ ਸੁਣਿਆ ਪਰ ਕੁਝ ਸਮਝ ਨਾ ਆਇਆ। ਲੋਕ ਮਾਨਯ ਨੇ ਕਿਹਾ-ਕਿਸੇ ਨੂੰ ਕੋਈ ਸ਼ੱਕ ਹੋਵੇ ਤਾਂ ਉਹ ਸਵਾਲ ਕਰ ਸਕਦਾ ਹੈ। ਬਾਲ ਰਾਮਕ੍ਰਿਸ਼ਨ ਉਠਿਆ ਅਤੇ ਪੁੱਛਿਆ-ਅਸੀਂ ਬੱਚੇ ਆਪਣੇ ਦੇਸ਼ ਲਈ ਕੀ ਕਰ ਸਕਦੇ ਹਾਂ? ਜਵਾਬ ਮਿਲਿਆ-ਘਰ ਵਿਚ ਰਹਿ ਕੇ ਵਿਦਿਆ ਦਾ ਅਧਿਐਨ ਗੁਰੂ ਅਤੇ ਮਾਤਾ ਪਿਤਾ ਦੀ ਸੇਵਾ। ਜਵਾਬ ਇਨ੍ਹਾਂ ਨੂੰ ਜਚਿਆ ਨਾ। ਉਨ੍ਹਾਂ ਉਸ ਸਮੇਂ ਸੋਚਿਆ ਕਿ 'ਕਿਸੇ ਦੁਸ਼ਟ ਨੇ ਬੱਚਿਆਂ ਨੂੰ ਪ੍ਰੇਸ਼ਾਨ ਕਰਨ ਦੇ ਲਈ ਇਹ ਲਿਖਣ ਪੜ੍ਹਨ ਦਾ ਝੰਜਟ ਉਨ੍ਹਾਂ ਉਤੇ ਲੱਦ ਦਿੱਤਾ ਹੈ।'

ਮੋਹ ਭਰਿਆ ਅਤੇ ਨਿਰਛੱਲ ਦਿਲ ਸੀ ਖੱਤਰੀ ਜੀ ਦਾ। ਤੂਤ ਦੀ ਛਿੱਟੀ ਵਰਗੇ ਸਰੀਰ ਦੇ ਪਤਲੇ ਪਰ ਬੇਮਿਸਾਲ ਨਿਡਰਤਾ ਅਤੇ ਸੱਚਾਈ ਦਾ ਮੁਜੱਸਮਾ। ਇਕ ਵਾਰੀ ਜਿਹੜਾ ਸੰਪਰਕ ਵਿਚ ਆਇਆ ਖੱਤਰੀ ਦੀ ਜਾਂ ਆਪਣਾ ਹੀ ਹੋ ਗਿਆ। ਸਭ ਕੁਝ ਨਿਛਾਵਰ ਕਰਕੇ ਵੀ ਮਿੱਤਰ ਦੀ ਸਹਾਇਤਾ ਹੋ ਸਕੇ ਤਾਂ ਖੱਤਰੀ ਜੀ ਨੇ ਪੈਰ ਪਿਛਾਂਹ ਨਹੀਂ ਕੀਤੇ। ਆਪਣੀ ਇਸ ਸੰਪਤੀ ਦੇ ਕਾਰਨ ਹੀ ਉਹ ਉਸ ਬਾਲ ਉਮਰ ਵਿਚ ਹੀ ਕਿਸੇ ਦੇ ਬਹੁਤ ਨੇੜੇ ਹੋ ਗਏ ਪਰ ਸਮਾਜ ਦੀਆਂ ਰੂੜੀਆਂ ਇਸ ਨੇੜਤਾ ਨੂੰ ਰਹਿਣ ਦੇਣ ਵਿਚ ਰੁਕਾਵਟ ਸਿੱਧ ਹੋਈਆਂ। ਘਰ ਵਾਲਿਆਂ ਨੇ ਵਿਰੋਧ ਕਰਕੇ ਕੋਮਲ ਜੀਵਨ ਨੂੰ ਨੀਰਸ ਬਣਾ ਦਿੱਤਾ। ਵਿਰਾਗੀ ਬਣ ਕੇ ਰਾਮਕ੍ਰਿਸ਼ਨ ਖੱਤਰੀ ਉਦਾਸੀਨ ਸਾਧੂ ਬਣ ਗਏ। ਸੋਚਿਆ ਸੀ ਸੰਸਾਰ ਦੀ ਭਲਾਈ ਦੀ ਅਰਦਾਸ ਕਰਾਂਗਾ, ਈਸ਼ਵਰ ਦਾ ਭਜਨ ਕਰਾਂਗਾ, ਸੰਸਾਰਕ ਝੰਜਟਾਂ ਤੋਂ ਅਲੱਗ ਰਹਿ ਕੇ ਦਿਲ ਕੁਝ ਸ਼ਾਂਤੀ ਪਾ ਸਕੇਗਾ। ਰਾਮਕ੍ਰਿਸ਼ਨ ਖੱਤਰੀ ਤੋਂ ਸਾਧੂ ਗੋਬਿੰਦ ਪ੍ਰਕਾਸ਼ ਬਣ ਕੇ ਥੋੜ੍ਹੇ ਦਿਨਾਂ 'ਚ ਹੀ ਵੇਖਿਆ ਕਿ ਇਹ ਸੋਚਣਾ ਹੀ ਭਰਮ ਸੀ।

ਸਾਧੂ ਸਮਾਜ ਦੇ ਅੰਦਰ ਜਾ ਕੇ ਵੇਖਿਆ ਕਿ ਇਸ ਸਮਾਜ ਦੇ ਇੱਕਾ ਦੁੱਕਾ ਵਿਅਕਤੀਆਂ ਨੂੰ ਛੱਡ ਕੇ ਸਾਰਾ ਸਮਾਜ ਮਹਾਂ ਪਤਿਤ, ਭ੍ਰਿਸ਼ਟ, ਦੁਰਾਚਾਰੀ, ਐਯਾਸ਼, ਲੋਭੀ, ਨਿਕੰਮਾ, ਨਿਠਲਾ, ਈਰਖਾਲੂ, ਅਨਪੜ੍ਹ, ਅਗਿਆਨੀ, ਨਸ਼ੇਬਾਜ਼ ਅਤੇ ਘੋਰ ਮਾਨਸਿਕ ਬੀਮਾਰ ਪ੍ਰਵਿਰਤੀ ਦਾ ਹੈ। ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿਚ ਨਿਰਾਥਕਤਾ ਦੀ ਸੂਲ ਚੁਭਣ ਲੱਗੀ। ਸੁਧਾਰ ਲਈ ਉਨ੍ਹਾਂ ਨੇ ਉਦਾਸੀਨ ਮਹਾਂਮੰਡਲ 'ਚ ਗਠਨ ਕੀਤਾ। ਇਸ ਤੋਂ ਪਹਿਲਾਂ ਉਹ ਬਨਾਰਸ ਵਿਚ ਇਕ ਥਾਂ ਉਤੇ ਉਹਦੇ ਬੱਚੇ ਨੂੰ ਪੜ੍ਹਾਅ ਇਕ ਸੱਜਣ ਪੁਰਸ਼ ਦੇ ਘਰ ਜਾਂਦੇ ਹੁੰਦੇ ਸਨ। ਇਹ ਸੱਜਣ ਪੁਰਸ਼ ਇਨ੍ਹਾਂ ਦੀ ਬਹੁਤ ਆਓ ਭਗਤ ਕਰਦੇ ਹੁੰਦੇ ਸਨ। ਦੁਰਗਾ ਪੂਜਾ ਦੇ ਮੌਕੇ 'ਤੇ ਇਕ ਦਿਨ ਜਦੋਂ ਇਹ ਉਸੇ ਸੱਜਣ ਪੁਰਸ਼ ਦੇ ਘਰ ਪਹੁੰਚੇ ਤਾਂ ਇਨ੍ਹਾਂ ਦੀ ਬੜੀ ਖਾਤਰਦਾਰੀ ਕੀਤੀ ਗਈ। ਖੂਬ ਆਦਰ ਨਾਲ ਇਸ਼ਨਾਨ ਕਰਵਾਇਆ, ਸਾਫ਼ ਕੱਪੜੇ ਪਹਿਨਣ ਨੂੰ ਦਿੱਤੇ, ਚੰਗਾ ਭੋਜਨ ਕਰਵਾਇਆ, ਪਰ ਇਸ ਸਾਰੇ ਸਮੇਂ ਵਿਚ ਉਨ੍ਹਾਂ ਨੇ ਵੇਖਿਆ ਕਿ ਜਿਸ ਛੋਟੇ ਬਾਲਕ ਨੂੰ ਉਹ ਪੜ੍ਹਾਉਂਦੇ ਸਨ ਉਹ ਰੋਹਿਤ ਸੀ। ਇਕੱਲ ਮਿਲਦਿਆਂ ਹੀ ਉਸ ਬਾਲਕ ਨੇ ਆ ਕੇ ਕਿਹਾ - ਮਾਸਟਰ ਸਾਹਿਬ ਇਥੋਂ ਭੱਜ ਜਾਓ। ਪਿਤਾ ਜੀ ਤੁਹਾਡੀ ਬਲੀ ਦੇਣਾ/ਚੜ੍ਹਾਉਣਾ ਚਾਹੁੰਦੇ ਹਨ। ਖੱਤਰੀ ਸਾਹਿ ਨੂੰ ਕੱਟਿਆ ਤਾਂ ਖੂਨ ਨਹੀਂ ਮਿਲਦਾ। ਚੁੱਪ ਚੁਪੀਤੇ ਇਹ ਉਥੋਂ ਭੱਜ ਆਵੇ ਅਤੇ ਇਉਂ ਜਿੰਦ ਬਚ ਗਈ।

ਬਨਾਰਸ ਵਿਚ ਇਨ੍ਹਾਂ ਦੀ ਇਕ ਦਿਨ ਭੇਂਟ ਚੰਦਰ ਸ਼ੇਖਰ ਆਜ਼ਾਦ ਨਾਲ ਹੋਈ। ਗੱਲਬਾਤ ਚਲੀ ਮਿਲਣਾ ਜੁਲਣਾ ਸ਼ੁਰੂ ਹੋਇਆ ਅਤੇ ਗੱਲਬਾਤ ਦੇ ਸਿਲਸਲੇ ਵਿਚ ਆਜ਼ਾਦ ਨੇ ਦੇਸ਼ ਦੇ ਲਈ ਕੰਮ ਕਰਨ ਦੇ ਦਿੱਤਾ ਇਨ੍ਹਾਂ ਨੂੰ ਇਨਕਲਾਬੀ ਦਲ ਵਿਚ ਸ਼ਾਮਲ ਹੋਣ ਦਾ ਸੱਦਾ ਦੇ ਦਿੱਤਾ। ਇਕ ਚੰਗੇ ਕੰਮ ਵਿਚ ਜ਼ਿੰਦਗੀ ਲਾਉਣ ਦੀ ਸੰਭਾਵਨਾ ਸਾਹਮਣੇ ਵੇਖ ਕੇ ਇਨ੍ਹਾਂ ਉਨ੍ਹਾਂ ਨੂੰ ਸਵੀਕਾਰ ਕਰ ਲਿਆ।

ਸੰਸਕ੍ਰਿਤ, ਹਿੰਦੀ, ਮਰਾਠੀ, ਗੁਰਮੁਖੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਗਿਆਤਾ ਰਾਮਕ੍ਰਿਸ਼ਨ ਦਲ ਵਿਚ ਬਹੁਤ ਹੀ ਉਤਸ਼ਾਹੀ ਕਾਰਕੁੰਨ ਸਾਬਤ ਹੋਏ। ਅਨੇਕਾਂ ਫੌਜੀ ਕਾਰਵਾਈਆਂ ਵਿਚ ਵੀ ਬਹੁਤ ਸ਼ਾਨ ਨਾਲ ਆਪਣਾ ਫਰਜ਼ ਅਦਾ ਕੀਤਾ। ਇਨ੍ਹਾਂ ਨੂੰ ਪੁਲਿਸ ਨੇ ਪੂਨੇ ਵਿਚ ਗ੍ਰਿਫ਼ਤਾਰ ਕੀਤਾ ਸੀ। ਕੁਝ ਦਿਨ ਲਾਲਚ ਅਤੇ ਬਾਂਦਰ ਘੁਰਕੀਆਂ ਵਿਖਾਉਣ ਪਿਛੋਂ ਵੀ ਜਦੋਂ ਪੁਲਿਸ ਇਨ੍ਹਾਂ ਨੂੰ ਵਿਸ਼ਵਾਸਘਾਤਕ ਨਾ ਬਣਾ ਸਕੀ ਤਾਂ ਆਖਿਰਕਾਰ ਖਫ਼ਾ ਹੋ ਕੇ ਪਿਛਾ ਛੱਡ ਦਿੱਤਾ। ਮੁਕੱਦਮੇ ਦੇ ਦੌਰਾਨ ਇਹ ਸਿੱਧ ਹੋਇਆ ਕਿ ਇਨ੍ਹਾਂ ਮੱਧ ਪ੍ਰਾਂਤ ਅਤੇ ਮਹਾਂਰਾਸ਼ਟਰ ਵਿਚ ਵੀ ਦਲ ਨੂੰ ਜਥੇਬੰਦ ਕਰਨ ਵਿਚ ਕਾਫ਼ੀ ਮਿਹਨਤ ਕੀਤੀ ਸੀ। ਮੁਕੱਦਮੇ ਵਿਚ ਇਨ੍ਹਾਂ ਨੂੰ ਦਸ ਸਾਲ ਦੀ ਸਜ਼ਾ ਹੋਈ। ਪੂਰੀ ਸਜ਼ਾ ਕੱਟ ਕੇ ਆਉਣ ਪਿਛੋਂ ਵੀ ਇਨ੍ਹਾਂ ਆਰਾਮ ਨਹੀਂ ਕੀਤਾ। ਪਹਿਲਾਂ ਰਾਜ ਕੁਮਾਰ ਜੀ ਦੇ ਘਰ ਦਾ ਪ੍ਰਬੰਧ ਕਰਨ ਵਿਚ ਜੁਟੇ ਰਹੇ। ਪਿਛੋਂ ਯੋਗੇਸ਼ ਚੈਟਰਜੀ ਦੀ ਭੁੱਖ ਹੜਤਾਲ ਦੇ ਸਿਲਸਿਲੇ ਵਿਚ ਪ੍ਰਚਾਰ ਕਰਦੇ ਰਹੇ ਅਤੇ ਇਸ ਤੋਂ ਪਿਛੋਂ ਸਮੂਹ ਰਾਜਸੀ ਕੈਦੀਆਂ ਨੂੰ ਛੁਡਵਾਉਣ ਲਈ ਜਬਰਦਸਤ ਅੰਦੋਲਨ ਸ਼ੁਰੂ ਕੀਤਾ।

ਬਾਕੀ ਜ਼ਿੰਦਗੀ ਲਗਾਤਾਰ ਆਜ਼ਾਦੀ ਦੀ ਲੜਾਈ ਦੇ ਫੌਜੀਆਂ ਦੀ ਸਹਾਇਤਾ ਕਰਨ ਅਤੇ ਉਨ੍ਹਾਂ ਦੇ ਇਤਿਹਾਸ ਨੂੰ ਇਕੱਠਾ ਕਰਨ ਅਤੇ ਲੋਕਾਂ ਨੂੰ ਇਨਕਲਾਬ ਲਹਿਰ ਦੇ ਇਤਿਹਾਸ ਤੋਂ ਜਾਣੂ ਕਰਾਉਣ ਲਈ ਲਗਾਤਾਰ ਕੰਮ ਕਰਦੇ ਰਹੇ ਸਨ।

1977 ਵਿਚ ਉਨ੍ਹਾਂ ਕਾਕੋਰੀ ਸਾਜ਼ਿਸ਼ ਵਿਚ ਸ਼ਾਮਲ ਮਿੱਤਰਾਂ ਦੀਆਂ ਜਿਹੜੀਆਂ ਯਾਦਾਂ ਲਿਖੀਆਂ ਉਨ੍ਹਾਂ ਵਿਚੋਂ ਇਕ ਹਿੱਸਾ ਪੰਜਾਬੀ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ।

.....

ਆਪਣੇ ਇਨਕਲਾਬੀ ਸ਼ਹੀਦਾਂ ਅਤੇ ਕਾਕੋਰੀ ਕੇਸ ਦੇ ਆਪਣੇ ਸਾਥੀਆਂ ਦੀ ਹਵਾਲਾਤ ਜ਼ਿੰਦਗੀ ਦੀਆਂ ਮਾਨਸਿਕ ਬੁਲੰਦੀਆਂ ਦੀ ਯਾਦ ਆਉਂਦੀ ਹੈ ਅਤੇ ਕਿਸੇ ਸ਼ਾਇਰ ਦਾ ਇਹ ਸ਼ੇਅਰ ਵੀ ਯਾਦ ਆਉਣ ਬਿਨਾ ਨਹੀਂ ਰਹਿੰਦਾ।

**ਆਪਣਾ ਆਪਣਾ ਹੌਸਲਾ ਹੈ,**
**ਆਪਣਾ ਆਪਣਾ ਜ਼ਬਤੇ ਗ਼ਮ,**
**ਵਹ ਵਫ਼ਸ ਕਹਿ ਤੇ ਰਹੇ,**
**ਹਮ ਆਸ਼ੀਆਂ ਕਹਿ ਤੇ ਰਹੇ।**

ਸਾਡੇ ਸ਼ਾਸਤਰਕਾਰਾਂ ਨੇ (ਧਾਰਮਿਕ ਗ੍ਰੰਥਾਂ ਦੇ ਰਚੇਤਿਆਂ) ਨੇ ਆਤਮਾ ਨੂੰ ਆਨੰਦ ਦਾ ਰੂਪ ਮੰਨਿਆ ਹੈ। ਇਸ ਸੱਚ ਦੇ ਦਰਸ਼ਨ ਸਾਨੂੰ ਸਭ ਤੋਂ ਵੱਧ ਉਸ ਸਮੇਂ ਹੁੰਦੇ ਹਨ ਜਿਸ ਸਮੇਂ ਅਸੀਂ ਫਾਂਸੀ ਦੀ ਸਜ਼ਾ ਸੁਣ ਚੁੱਕੇ ਵਿਅਕਤੀਆਂ ਨੂੰ ਵੀ ਚੰਗੀ ਤਰ੍ਹਾਂ ਜਾਣੀ ਸਮਝੀ ਮੌਤ ਦੀ ਛਾਇਆ ਵਿਚ ਵੀ ਦਿਲ ਦੀਆਂ ਬੁਲੰਦੀਆਂ 'ਚੋਂ ਮਜ਼ਾਕ ਕਰਦਿਆਂ ਵੇਖਦੇ ਹਾਂ ਭਾਵ ਮੌਤ ਨੂੰ ਟਿਚਰਾਂ ਕਰਦਿਆਂ ਵੇਂਹਦੇ ਹਾਂ। ਸਿਰਫ਼ ਬਹਾਦਰੀ ਦਾ ਬਾਹਰੀ ਵਿਖਾਵਾ ਕਰਨ ਦੇ ਵਜੋਂ ਹੀ ਨਹੀਂ, ਸਗੋਂ ਆਤਮਾ ਦੇ ਨਿਰਛੱਲ ਅਤੇ ਖੁੱਲ੍ਹੇ ਪ੍ਰਕਾਸ਼ ਵਿਚ ਵੀ ਅਤੇ ਮੈਨੂੰ ਅਜਿਹੀਆਂ ਮਾਨਸਿਕ ਬੁਲੰਦੀਆਂ ਦੇ ਦਰਸ਼ਨ ਕਰਨ ਦਾ ਸੁਭਾਗ ਕਾਕੋਰੀ ਕੇਸ ਦੇ ਆਪਣੇ ਸਾਥੀ ਮੁਲਜ਼ਮਾਂ ਦੇ ਹਵਾਲਾਤੀ ਜੀਵਨ ਵਿਚ ਵੇਖਣ ਨੂੰ ਮਿਲਿਆ।



**ਮੁਖ਼ਬਰ ਅਤੇ ਮੁਖ਼ਵੀਰ**

ਮੇਰਾ ਜਨਮ ਮਹਾਂਰਾਸ਼ਟਰ ਦੇ ਆਂਚਲ ਵਿਚ ਬੁਲਢਾਨਾ ਜ਼ਿਲ੍ਹੇ ਦੇ ਚਿਖਲੀ ਪਿੰਡ ਵਿਚ ਹੋਇਆ ਸੀ ਅਤੇ ਮੂਲ ਰੂਪ ਵਿਚ ਮਰਾਠੀ ਭਾਸ਼ਾ ਹਾਂ। ਹਿੰਦੀ ਵਿਚ ਮੇਰਾ ਗਿਆਨ ਸਿਰਫ਼ ਕੰਮ ਚਲਾਊ ਹੀ ਸੀ। ਮੈਨੂੰ ਜਦੋਂ ਕਾਕੋਰੀ ਸਾਜ਼ਿਸ਼ ਕੇਸ ਵਿਚ ਗ੍ਰਿਫ਼ਤਾਰ ਕਰਕੇ ਜੇਲ੍ਹ ਪਹੁੰਚਾਇਆ ਗਿਆ ਤਾਂ ਮੈਨੂੰ ਕੁਝ ਦਿਨ ਹੋਰ ਸਾਥੀ ਮੁਲਜ਼ਮਾਂ ਨਾਲੋਂ ਅਲੱਗ ਰੱਖਿਆ ਗਿਆ। ਹੋਰ ਸਾਥੀਆਂ ਨੂੰ ਇਹਦੀ ਖ਼ਬਰ ਮਿਲੀ ਤਾਂ ਉਨ੍ਹਾਂ ਨੂੰ ਇਹ ਜਾਣਨ ਦੀ ਉਤਸੁਕਤਾ ਸੁਭਾਵਿਕ ਰੂਪ 'ਚ ਹੋਈ ਕਿ ਆਖਿਰ ਮੈਨੂੰ ਹੋਰ ਸਾਰਿਆਂ ਨਾਲੋਂ ਅਲੱਗ ਕਿਉਂ ਰੱਖਿਆ ਗਿਆ ਹੈ ਕਿਉਂਕਿ ਆਮ ਤੌਰ 'ਤੇ ਉਨ੍ਹਾਂ ਮੁਲਜ਼ਮਾਂ ਨੂੰ ਹੀ ਅਲੱਗ ਰੱਖਿਆ ਜਾਂਦਾ ਸੀ ਜਿਹੜੇ ਆਪਣਾ ਜੁਰਮ ਸਵੀਕਾਰ ਕਰ ਲੈਂਦੇ ਸਨ ਅਤੇ ਸਰਕਾਰ ਤੋਂ ਮੁਆਫ਼ੀਨਾਮਾ ਹਾਸਲ ਕਰਕੇ ਆਪਣੇ ਸਾਥੀਆਂ ਦੇ ਵਿਰੁੱਧ ਗਵਾਹੀ ਦੇਣ ਨੂੰ ਤਿਆਰ ਹੋ ਜਾਂਦੇ ਸਨ।

ਅੰਗਰੇਜ਼ੀ 'ਚ ਇਹਨੂੰ 'ਅਪਰੂਵਰ' ਅਤੇ ਹਿੰਦੋਸਤਾਨੀ 'ਮੁਖ਼ਬਰ' ਕਿਹਾ ਜਾਂਦਾ ਹੈ। ਸ੍ਰੀ ਸੀਤਲਾ ਸਹਾਏ ਅਤੇ ਸ੍ਰੀ ਮੋਹਨ ਲਾਲ ਗੌਤਮ ਆਦਿ ਜਿਹੜੇ ਇਸ ਕੇਸ ਵਿਚ ਫੜੇ ਹੋਏ ਸਨ ਅਤੇ ਜੇਲ੍ਹ 'ਚ ਬੰਦ ਸਨ ਅਤੇ ਮੈਨੂੰ ਵਿਅਕਤੀ ਰੂਪ ਵਿਚ ਨਹੀਂ ਜਾਣਦੇ ਸਨ। ਉਨ੍ਹਾਂ ਨੇ ਇਕ ਕੈਦੀ ਵਾਰਡਨ ਦੇ ਰਾਹੀਂ ਇਹ ਜਾਣਨ ਦਾ ਯਤਨ ਕੀਤਾ ਕਿ ਮੈਂ ਵੀ ਕਿਤੇ ਮੁਖ਼ਬਰ ਤਾਂ ਨਹੀਂ ਬਣ ਗਿਆ ਹਾਂ। ਉਨ੍ਹਾਂ ਨੇ ਮੈਨੂੰ ਗੋਬਿੰਦ ਪ੍ਰਕਾਸ਼ ਨੂੰ ਕਰਾਚੀ ਵਾਲਾ ਸਵਾਮੀ ਗੋਵਿੰਦਾਨੰਦ ਸਮਝ ਲਿਆ ਜਿਹੜਾ ਉਨ੍ਹਾਂ ਤੋਂ ਇਨਕਲਾਬੀ ਕੰਮ ਦੇ ਲਈ ਕੁਝ ਆਰਥਿਕ ਸਹਾਇਤਾ ਲੈ ਗਏ ਸਨ। ਸੋ ਆਖਿਰ ਉਨ੍ਹਾਂ ਦੇ ਅਪਰੂਵਰ ਹੋ ਜਾਣ ਨਾਲ ਉਨ੍ਹਾਂ ਦਾ ਘਬਰਾ ਜਾਣਾ ਸੁਭਾਵਿਕ ਸੀ। ਉਨ੍ਹਾਂ ਨੇ ਸਾਰੇ ਹੀ ਮੁਲਜ਼ਮਾਂ ਵਿਚ 3ਮੇਰੇ ਮੁਖ਼ਬਰ ਹੋ ਜਾਣ ਦੀ ਗੱਲ ਪ੍ਰਚਾਰਿਤ ਕਰ ਦਿੱਤੀ ਅਤੇ ਬਾਹਰ ਸ੍ਰੀ ਜਵਾਹਰ ਲਾਲ ਨਹਿਰੂ ਆਦਿ ਦੇ ਕੋਲ ਵੀ ਇਹ ਸਮਾਚਾਰ ਭੇਜ ਦਿੱਤਾ ਤਾਂ ਕਿ ਬਾਹਰ ਗੋਵਿੰਦਾਨੰਦ ਦੇ ਸੰਪਰਕ ਦੇ ਹੋਰ ਲੋਕ ਵੀ ਸਾਵਧਾਨ ਹੋ ਜਾਣ।

ਵਾਰਡਨ ਨੇ ਆ ਕੇ ਮੈਨੂੰ ਪੁੱਛਿਆ ਕਿ,ਕੀ ਤੁਸੀਂ ਮੁਖ਼ਬਰ ਹੋ? ਮੁਖ਼ਬਰ ਦਾ ਅਰਥ ਮੈਂ ਨਹੀਂ ਜਾਣਦਾ ਸੀ। ਮੈਂ ਸੰਸਕ੍ਰਿਤ ਦੀ ਮੱਧਿਅਮ (ਅੱਠਵੀਂ) ਸ਼੍ਰੇਣੀ (ਜਮਾਤ) ਦਾ ਵਿਦਿਆਰਥੀ ਸਾਂ। ਸੋ ਇਸ ਮੁਖ਼ਬਰ ਸ਼ਬਦ ਨੂੰ ਮੈਂ 'ਮੁਖ਼ਬੀਰ' ਭਾਵ 'ਮੁਖ਼ਵੀਰ' ਸ਼ਬਦ ਦਾ ਵਿਗੜਿਆ ਰੂਪ ਸਮਝ ਲਿਆ ਅਤੇ ਮੈਂ ਵਾਰਡਨ ਨੂੰ ਨਿਰਮਤਾਪੂਰਵਕ ਕਿਹਾ ਕਿ ਮੇਰੇ ਅਨੇਕਾਂ ਸਾਥੀ ਮਹਾਨ ਵੀਰ ਹਨ, ਜਿਹੜੇ ਇਸੇ ਜੇਲ੍ਹ ਵਿਚ ਹਨ, ਮੈਂ ਉਨ੍ਹਾਂ ਤੋਂ ਬਹੁਤ ਛੋਟਾ ਹਾਂ, ਫਿਰ ਭਲਾ ਮੈਨੂੰ ਮੁੱਬੀਰ (ਮੁੱਖਵੀਰ) ਭਾਵ ਨਾਇਕ ਕਿਵੇਂ ਕਹਿ ਜਾ ਸਕਦਾ ਹੈ? ਨਾ ਤਾਂ ਕੈਦੀ ਵਾਰਡਨ ਮੇਰੀ ਗੂੜ੍ਹ ਸੰਸਕ੍ਰਿਤਕ ਭਾਸ਼ਾ ਸਮਝਦਾ ਸੀ, ਨਾ ਮੈਂ ਹੀ ਉਨ੍ਹਾਂ ਦੀ ਜੇਲ੍ਹ ਵਿਚ ਚਲਣ ਵਾਲੀ ਵਿਸ਼ੇਸ਼ ਸ਼ਬਦਾਵਲੀ ਵਾਲੀ ਹਿੰਦੀ ਸਮਝਦਾ ਸਾਂ। ਜਦੋਂ ਕਈ ਵਾਰੀ ਮੇਰੇਅਤੇ ਸ੍ਰੀ ਮੋਹਨ ਲਾਲ ਗੌਤਮ, ਸ੍ਰੀ ਸੀਤਲ ਸਹਾਏ ਆਦਿ ਦੇ ਵਿਚਕਾਰ ਇਸ ਤਰ੍ਹਾਂ ਆ ਜਾ ਕੇ ਉਸ ਕੈਦੀ ਵਾਰਡਨ ਨੇ ਮੈਨੂੰ ਕੁਝ ਸਖ਼ਤ ਸ਼ਬਦਾਂ ਵਿਚ ਕਿਹਾ ਕਿ ਉਹ ਸਾਰੇ ਤਾਂ ਮੈਨੂੰ ਮੁਖ਼ਬਰ ਦੱਸਦੇ ਹਨ, ਤਾਂ ਵੀ ਮੇਰੀ ਸਮਝ ਵਿਚ ਕੁਝ ਨਾ ਆਇਆ ਕਿ ਮਾਮਲਾ ਕੀ ਹੈ। ਜੇਲ੍ਹ ਵਿਚ ਤਨਹਾਈ ਦੇ ਵਿਚ ਨਾ ਜਾਣੇ ਮਨ ਵਿਚ ਕੀ ਕੀ ਨਹੀਂ ਆਉਂਦਾ ਜਾਂਦਾ ਰਿਹਾ। ਇਹ ਵੀ ਵਿਚ ਆਇਆ ਕਿ ਕਿਤੇ ਸਾਥੀਆਂ ਦੀ ਇਹ ਮਨਸ਼ਾ ਤਾਂ ਨਹੀਂ ਕਿ ਸਾਰੇ ਇਨਕਲਾਬੀ ਕੰਮ, ਭਾਵ ਸਰਕਾਰ ਅਤੇ ਕਾਨੂੰਨ ਦੀਆਂ ਨਜ਼ਰਾਂ ਵਿਚ ਅਪਰਾਧ ਮੁੱਖ ਜ਼ਿੰਮੇਵਾਰੀ ਲੈ ਹੀ ਲੈਣੀ ਹੈ ਤਾਂ ਇਨਕਲਾਬੀ ਜੋਸ਼, ਫ਼ਖ਼ਰ ਮੇਰਾ ਸੀਨਾ ਫੁਲ ਗਿਆ ਅਤੇ ਮੈਂ ਗੌਰਵਮਈ ਸੁਰ ਨਾਲ ਉਸ ਨੂੰ ਕਹਿ ਦਿੱਤਾ, "ਉਨ੍ਹਾਂ ਨੂੰ ਕਹਿ ਦੇਣਾ ਮੈਂ ਮੁਖ਼ਬੀਰ (ਮੁੱਖਵੀਰ ਜਾਂ ਨਾਇਕ) ਬਣਨ ਨੂੰ ਤਿਆਰ ਹਾਂ" ਅਤੇ ਉਹਨੇ ਜਾ ਕੇ ਇਹੋ ਸ੍ਰੀ ਗੌਤਮ ਅਤੇ ਸ੍ਰੀ ਸੀਤਲਾ ਸਹਾਏ ਨੂੰ ਕਹਿ ਵੀ ਦਿੱਤਾ।

ਜਦੋਂ ਪਿਛੋਂ ਜੇਲ੍ਹ ਅਤੇ ਪੁਲਿਸ ਅਧਿਕਾਰੀ ਮੈਥੋਂ ਪੁੱਛਗਿੱਛ ਦੌਰਾਨ ਮੈਥੋਂ ਅਜਹੀ ਨਾ ਸਕੇ ਜਿਹੜੀ ਸਾਡੇ ਮੁਕੱਦਮੇ ਵਿਚ ਸਰਕਾਰੀ ਪੱਖ ਵਿਚ ਕੰਮ ਆ ਸਕਦੀ ਤਾਂ ਵੀ ਹੁਣ ਹੋਰ ਸਾਰੇ ਸਾਥੀਆਂ ਦੇ ਨਾਲ ਹੀ ਉਨ੍ਹਾਂ ਦੀ ਬਾਰਕ ਵਿਚ ਭੇਜ ਦਿੱਤਾ ਗਿਆ। ਮੈਂ ਜਦੋਂ ਉਨ੍ਹਾਂ ਕੋਲ ਗਿਆ ਤਾਂ ਸਾਰੇ ਸਾਥੀਆਂ ਵਿਚ ਸਨਸਨੀ ਫੈਲ ਗਈ। ਮਾਮਲ ਕੀ ਹੈ? ਇਸ ਮੁਖ਼ਬਰ ਨੂੰ ਸਾਡੇ ਵਿਚ ਕਿਉਂ ਭੇਜਿਆ ਗਿਆ ਹੈ? ਆਪਣੇ ਪ੍ਰਤੀ ਸਾਥੀਆਂ ਦੀ ਬੇਰੁਖੀ ਹੀ ਨਹੀਂ ਸਗੋਂ ਤ੍ਰਿਸਕਾਰ ਦਾ ਵਿਉ ਵੇਖਕੇ ਮੈਂ ਵੀ ਹੈਰਾਨ ਸੀ। ਪੰਡਿਤ ਰਾਮ ਪ੍ਰਸ਼ਾਦ ਦੀਆਂ ਅੱਖਾਂ 'ਚੋਂ ਤਾਂ ਮੇਰੇ ਉਤੇ ਅੰਗਾਰੇ ਹੀ ਵਰ੍ਹ ਰਹੇ ਸਨ ਪ੍ਰੰਤੂ ਦਾਦਾ ਸਚੀਂਦਰ ਨਾਥ ਸਨਿਆਲ ਦੇਖਿਆ ਉਤੇ ਕਦੇ ਕੋਈ ਭਾਵ ਦਿਖਦਾ ਅਤੇ ਕਦੇ ਕੋਈ। ਉਨ੍ਹਾਂ ਨੂੰ ਲੱਗਾ ਮੇਰਾ ਆਚਰਣ ਤਾਂ ਅਜਿਹਾ ਨਹੀਂ ਹੈ ਜਿਹੜਾ ਮੁਖ਼ਬਰ ਬਣਨ ਲਈ ਸੁਭਾਵਿਕ ਹੁੰਦਾ ਅਤੇ ਕੋਈ ਮੁਖ਼ਬਰ ਵੀ ਆਮ ਤੌਰ'ਤੇ ਹੋਰਾਂ ਮੁਲਜ਼ਮਾਂ ਦੇ ਨਾਲ ਖੁਦ ਵੀ ਰਹਿਣਾ ਨਹੀਂ ਚਾਹੁੰਦਾ। ਕਿਉਂਕਿ ਕਿਸੇ ਵੀ ਇਨਕਲਾਬੀ ਮਾਮਲੇ ਦੇ ਮੁਖ਼ਬਰ ਨੂੰ ਇਹ ਪੱਕਾ ਵਿਸ਼ਵਾਸ ਹੁੰਦਾ ਹੈ ਕਿ ਇਨਕਲਾਬੀ ਲੋਕ ਮੌਕਾ ਮਿਲਦਿਆਂ ਹੀ ਉਹਨੂੰ ਜਿਉਂਦੇ ਨਹੀਂ ਛੱਡਣਗੇ। ਅਧਿਕਾਰੀ ਵੀ ਅਪਰੂਵਰ (ਮੁਖ਼ਬਰ) ਨੂੰ ਮੁਲਜ਼ਮਾਂ ਦੇ ਨਾਲ ਨਹੀਂ ਰੱਖਦੇ। ਕਿਤੇ ਮੈਨੂੰ ਸਿੱਧਾ ਪੜ੍ਹਾ ਕੇ ਪੁਲਿਸ ਨੇ ਕੁਝ ਹੋਰ ਗੁਪਤ ਭੇਦਾਂ ਨੂੰ ਉਨ੍ਹਾਂ ਨਾਲ ਰਹਿ ਕੇ ਜਾਣਨ ਲਈ ਤਾਂ ਉਨ੍ਹਾਂ ਵਿਚਕਾਰ ਨਹੀਂ ਭੇਜਿਆ ਗਿਆ ਹੈ?

ਸਚੀਂਦਰ ਨਾਥ ਨੇ ਮੈਨੂੰ ਕਿਹਾ, "ਹੁਣ ਤੱਕ ਜਿਹੜਾ ਤੈਨੂੰ ਸਾਥੋਂ ਅਲੱਗ ਰੱਖਿਆ ਗਿਆ ਹੈ ਤਾਂ ਤੁਸੀਂ ਜ਼ਰੂਰ ਅਜਿਹਾ ਕੁਝ ਕੀਤਾ ਜਾਂ ਕਿਹਾ ਹੋਵੇਗਾ ਜਿਸ ਨਾਲ ਪੁਲਿਸ ਨੂੰ ਲੱਗਾ ਹੋਵੇਗਾ ਕਿ ਤੂੰ ਮੁਖ਼ਬਰ ਬਣ ਸਕਦਾ ਹੈ ਅਤੇ ਤੂੰ ਵਾਰਡਨ ਨੂੰ ਕਿਹਾ ਸੀ ਕਿ ਤੂੰ ਮੁਖ਼ਬਰ ਬਣਨ ਨੂੰ ਤਿਆਰ ਹੈ ਅਤੇ ਤੂੰ ਵਾਰਡਨ ਨੂੰ ਕਿਹਾ ਸੀ ਕਿ ਤੂੰ ਮੁਖ਼ਬਰ ਬਣਨ ਨੂੰ ਤਿਆਰ ਹੈਂ। ਮੁਖ਼ਬਰ ਦਾ ਮਤਲਬ ਸਮਝਦਾ ਹੈਂ ਕੀ ਹੁੰਦਾ ਹੈ? ਮੈਂ ਵਿਚੋਂ ਹੀ ਟੋਕਕੇ ਕਿਹਾ, "ਜੀ, ਜ਼ਿਆਦਾ ਨਹੀਂ ਤਾਂ ਅੱਠਵੀਂ ਤੱਕ ਤਾਂ ਸੰਸਕ੍ਰਿਤ ਪੜ੍ਹਿਆ ਹੀ ਹਾਂ। 'ਮੁੱਖਵੀਰ' ਸ਼ਬਦ ਦਾ ਅਰਥ ਭਲਾ ਮੈਂ ਨਹੀਂ ਸਮਝਾਂਗਾ? ਤੁਸੀਂ ਮੈਥੋਂ ਵੱਡੇ ਹੋ, ਤੁਹਾਡੇ ਸਾਹਮਣੇ ਮੈਂ ਬਹੁਤ ਛੋਟਾ ਹਾਂ, ਪਰ ਜਦੋਂ ਤੁਹਾਡੀ ਆਗਿਆ ਹੈ ਕਿ ਮੈਨੂੰ ਤੁਹਾਡੇ ਸਭ ਵਿਚੋਂ ਮੁੱਖਵੀਰ ਹੋਣਾ ਚਾਹੀਦਾ ਹੈ ਤਾਂ ਮੈਂ ਵੀ ਇਸ ਨਾਲ ਆਤਮਸਾਤ ਕਰ ਲਿਆ ਹੈ। ਇਸ 'ਚ ਮੇਰਾ ਕੀ ਅਪਰਾਧ ਹੈ? ਮੁਖ਼ਵੀਰ ਦੇ ਤੌਰ 'ਤੇ ਫਾਂਸੀ ਪਾਉਣ ਲਈ ਮੈਂ ਪੂਰੀ ਤਰ੍ਹਾਂ ਤਿਆਰ ਹਾਂ। ਮੁੱਖਵੀਰ ਦਾ ਮਤਲਬ ਤਾਂ ਮੈਂ ਚੰਗੀ ਤਰ੍ਹਾਂ ਸਮਝਦਾ ਹਾਂ ਪ੍ਰੰਤੂ ਆਪਣੇ ਪ੍ਰਤੀ ਸਾਥੀਆਂ ਦਾ ਜਿਹੜਾ ਵਿਉਪਾਰ ਵੇਖ ਰਿਹਾ ਹਾਂ ਉਹ ਮੇਰੀ ਸਮਝ ਵਿਚ ਭੋਰਾ ਭਰ ਵੀ ਨਹੀਂ ਆ ਰਿਹਾ ਹੈ। ਮੈਂ ਇਸ ਤੋਂ ਬਹੁਤ ਦੁਖੀ ਹਾਂ।

ਤਜਰਬੇਕਾਰ ਵਡੇਰੇ ਸਚਿੰਦਰ ਦਾ ਅੱਧੇ ਸੈਂਕੜੇ ਵਿਚ ਹੀ ਸਮਝ ਗਏ ਕਿ ਸਾਰਾ ਮਾਮਲਾ ਕੀ ਹੈ ਅਤੇ ਉਨ੍ਹਾਂ ਨੇ ਖ਼ੁਸ਼ੀ 'ਚ ਚਿਲਾਉਂਦਿਆਂ ਹੋਇਆਂ ਸਾਰਿਆਂ ਨੂੰ ਕਿਹਾ, "ਸੁਣੋ ਭਰਾਵੋ, ਇਸ ਰਾਮਕ੍ਰਿਸ਼ਨ ਨੂੰ ਪੁਲਿਸ ਨੇ ਨਹੀਂ, ਇਹਦੇ ਸੰਸਕ੍ਰਿਤ ਗਿਆਨ ਨੇ ਹੀ, 'ਮੁਖ਼ਬਰ' ਭਾਵ ਮੁੱਖਵੀਰ ਬਣਾ ਦਿੱਤਾ ਹੈ। ਇਹਦਾ ਸੰਸਕ੍ਰਿਤਕ ਗਿਆਨ ਪੁਲਿਸ ਨਾਲੋਂ ਜ਼ਿਆਦਾ ਤਕੜਾ ਹੈ।' ਫਿਰ ਤਾਂ ਪੂਰੀ ਧੁਮੱਚੜ ਪਈ। ਸਾਰੇ ਹੱਸ ਹੱਸ ਦੂਹਰੇ ਹੋਣ ਲੱਗੇ। ਸਾਰੇ

ਵਾਰੀ ਵਾਰੀ ਮੈਨੂੰ ਗਲਵਕੜੀ 'ਚ ਲੈ ਕੇ ਜੱਫ਼ੀਆਂ ਪਾ ਪਾ ਕੇ ਮਿਲੇ। ਇਸ ਦੌਰਾਨ ਮਨਾਂ 'ਚ ਜਿਹੜੀ ਕਾਲਿਖ ਚੜ੍ਹੀ ਸੀ, ਸਾਰੀ ਧੁਖ ਕੇ ਬਾਹਰ ਆ ਗਈ ਅਤੇ ਮਨ ਪਹਿਲਾਂ ਨਾਲੋਂ ਵੀ ਜ਼ਿਆਦਾ ਸਾਫ਼ ਅਤੇ ਪ੍ਰਫੁਲਤ ਹੋ ਕੇ ਚਮਕਣ ਲੱਗਾ। ਸਾਥੀਆਂ ਦੇ ਸਨੇਹ ਦੀ ਮਿਠਾਸ ਨਾਲ ਮੇਰੇ ਇਸ ਗੂੜ ਸੰਸਕ੍ਰਿਤ ਗਿਆਨ ਦਾ ਮਜ਼ਾਕ ਕਈ ਹਫ਼ਤਿਆਂ ਤੱਕ ਸਾਥੀਆਂ ਦੇ ਮਨੋਰੰਜਨ ਦਾ ਵਿਸ਼ਾ ਬਣਿਆ ਰਿਹਾ।

**ਸਾਡੇ ਮਨੋਰੰਜਨ**

ਇਨਕਲਾਬੀ ਪਾਰਟੀ ਦੇ ਸਾਡੇ ਸਾਰੇ ਮੁਲਜ਼ਮਾਂ ਵਿਚ ਨੌਜਵਾਨਾਂ ਅਤੇ ਬਜ਼ੁਰਗਾਂ ਦਾ ਫਰਕ ਸੁਭਾਵਿਕ ਹੀ ਸੀ। ਬੱਚਿਆਂ ਦੇ ਲਈ ਬਜ਼ੁਰਗਾਂ ਦਾ ਅਤੇ ਬਜ਼ੁਰਗਾਂ ਦੇ ਲਈ ਬੱਚਿਆਂ ਦਾ ਆਚਰਣ ਸਦਾ ਮਨੋਰੰਜਨ ਦਾ ਆਧਾਰ ਹੁੰਦਾ ਤੁਰਿਆ ਆਇਆ ਹੈ। ਸਾਡੇ ਇਨਕਲਾਬੀਆਂ ਦੀ ਸਾਂਝੀ ਹਵਾਲਾਤੀ ਜ਼ਿੰਦਗੀ ਵਿਚ ਵੀ ਇਹ ਗੱਲ ਸੀ। ਨੌਜਵਾਨਾਂ ਦੇ ਅੱਲੜਪਨ ਦਾ ਅਤੇ ਬਜ਼ੁਰਗਾਂ ਦੇ ਸਾਵਧਾਨੀ ਪੂਰਨ ਆਚਰਣ ਦੋਵੇਂ ਹੀ ਭਰੂਣ ਰੂਪ ਵਿਚ ਮਨੋਰੰਜਨ ਜਾਂ ਹਾਸੇ ਠੱਠੇ ਦੀ ਸਮੱਗਰੀ ਜੁਟਾ ਦਿੰਦੇ ਸਨ। ਸਾਡੇ ਸਾਰਿਆਂ ਦਾ ਸਮਾਂ ਜ਼ਿਆਦਾਤਰ ਗਾਣਾ ਗਾਉਣ ਅਤੇ ਇਕ ਦੂਸਰੇ ਦੀਆਂ ਜਾਂ ਕੁਝ ਬਜ਼ੁਰਗਾਂ ਦੀਆਂ ਨਕਲਾਂ ਲਾ ਕੇ ਹਾਸਾ ਠੱਠਾ ਕਰਨ ਵਿਚ ਹੀ ਲੰਘ ਜਾਂਦਾ ਸੀ। ਖੇਡਾਂ ਜਾਂ ਹਾਸੇ ਠੱਠੇ ਲਈ ਲੋੜੀਂਦਾ ਸਮਾਂ ਤੇ ਸਾਧਨ ਮਿਲ ਗਏ ਸਨ। ਇਸ ਸਬੰਧ ਵਿਚ ਮੈਂ ਆਪਣੇ ਸਾਥੀ ਰਾਮ ਦੁਲਾਰੇ ਤ੍ਰਿਵੇਦੀ ਦੇ ਹੀ ਸ਼ਬਦਾਂ ਵਿਚ ਸਾਂਝਾ ਕਰਨਾ ਚਾਹੁੰਦਾ ਹਾਂ :-

"ਜੇਲ੍ਹ ਵਿਚ ਅਸੀਂ ਸਾਰਿਆਂ ਕੈਦੀਆਂ ਨੇ ਅਖਾੜਾ ਗੋਡ ਰੱਖਿਆ ਸੀ; ਕਬੱਡੀ ਖੇਡਦੇ ਸਾਂ ਅਤੇ ਨਿਯਤ ਕੀਤੇ ਸਮੇਂ ਉਤੇ ਪੜ੍ਹਨਾ ਵੀ ਜ਼ਰੂਰੀ ਹੁੰਦਾ ਸੀ। ਹਫ਼ਤੇ 'ਚ ਦੋ ਦਿਨ, ਬਹਿਸ ਮੁਆਬਸੇ ਲਈ ਤਹਿ ਕਰ ਦਿੱਤੇ ਗਏ ਸਨ। ਕੁਝ ਦਿਨਾਂ ਪਿਛੋਂ ਹਰਮੋਨੀਅਮ, ਸਿਤਾਰ ਆਦਿ ਵੀ ਹਾਸਲ ਹੋ ਗਏ ਸਨ। ਖ਼ੂਬ ਗਾਉਣਾ ਵਜਾਉਣਾ ਵੀ ਹੁੰਦਾ ਸੀ। ਸਾਡੇ ਲੋਕਾਂ ਵਿਚੋਂ ਰਾਜ ਕੁਮਾਰ, ਸੁਰੇਸ਼ ਬਾਬੂ ਅਤੇ ਰਾਮ ਪ੍ਰਸਾਦ (ਬਿਸਮਿਲ) ਚੰਗਾ ਸੋਹਣਾ ਗਾ ਲੈਂਦੇ ਸਨ। ਠਾਕੁਰ ਰੌਸ਼ਨ ਸਿੰਘ ਅਤੇ ਮੁਕੰਦਮੀ ਲਾਲ ਅਖਾੜੇ ਵਿਚ ਅਤੇ ਵਿਸ਼ਨੂੰ ਸ਼ਰਨ ਦਬਾਲਿਸ ਸਤਰੰਜ਼ ਵਿਚ ਵਿਸ਼ੇਸ਼ ਰੁਚੀ ਰੱਖਦੇ ਸਨ।"

"ਫਾਂਸੀ ਅਤੇ ਲੰਮੀਆਂ ਸਜ਼ਾਵਾਂ ਸਾਡੇ ਮੂਹਰੇ ਨਾਚ ਕਰ ਰਹੀਆਂ ਸਨ ਤਾਂ ਫਿਰ ਜਿੰਨੇ ਦਿਨ ਇਕ ਸਾਥ ਹਾਂ, ਕਿਉਂ ਨਾ ਮੇਲੇ ਵਾਂਗੂ ਜ਼ਿੰਦਗੀ ਦਾ ਆਨੰਦ ਮਾਣੀਏ ? ਇਹ ਸੀ ਉਹ ਭਾਵਨਾ ਜਿਹਦੇ ਅਨੁਸਾਰ ਅਸੀਂ ਲੋਕ ਕੰਮ ਕਰ ਰਹੇ ਸਾਂ। ਮਹੀਨੇ ਵਿਚ ਦੋ ਦਾਹਵਤਾਂ (ਪਾਰਟੀਆਂ) ਦਾ ਪ੍ਰਬੰਧ ਕੀਤਾ ਜਾਂਦਾ ਸੀ। ਉਸ ਵਿਚ ਸਾਡੇ ਵਕੀਲ ਵੀ ਸੱਦੇ ਜਾਂਦੇ ਸਨ ਅਤੇ ਦਿਨ ਭਰ ਗਾਉਣ ਵਜਾਉਣ, ਹਾਸੇ ਠੱਠੇ, ਮਨੋਰੰਜਨ ਵਿਚ ਲੰਘ ਜਾਂਦੇ ਸੀ। ਇਸੇ ਦੌਰਾਨ ਬਸੰਤ ਆਇਆ। ਫੈਸਲਾ ਹੋਇਆ ਕਿ ਸਭ ਲੋਕ ਉਸ ਦਿਨ ਬਸੰਤੀ ਰੰਗ ਦੀ ਗਾਂਧੀ ਟੋਪੀ ਸਿਰ ਉਤੇ ਪਾ ਕੇ ਅਤੇ ਹੱਥਾਂ ਵਿਚ ਬਸੰਤੀ ਰੁਮਾਲ ਲੈ ਕੇ ਅਦਾਲਤ ਵਿਚ ਜਾਣ। ਇਹ ਵੀ ਫੈਸਲਾ ਹੋਇਆ ਕਿ ਉਸ ਦਿਨ ਦੇ ਲਈ ਕੋਈ ਖਾਸ ਗੀਤ ਹੋਵੇ। ਰਾਤੋ ਰਾਤ ਇਸ ਗੀਤ ਦੀ ਰਚਨਾ ਕੀਤੀ ਗਈ।" ਜਿਹੜਾ ਬਾਅਦ ਵਿਚ ਸਭ ਤੋਂ ਵੱਧ ਪ੍ਰਸਿੱਧ ਹੋਇਆ ਅਤੇ ਅੱਜ ਤੱਕ ਹਰ ਸਟੇਜ ਅਤੇ ਸਮਾਗਮ ਦਾ ਹਿੱਸਾ ਬਣਿਆ ਹੋਇਆ ਹੈ। ਇਨਕਲਾਬੀ ਜੋਸ਼ ਅਤੇ ਨਿਡਰਤਾ ਦਾ ਪ੍ਰਤੀਕ ਇਹ ਗੀਤ ਰਾਮ ਪ੍ਰਸ਼ਾਦ ਬਿਸਮਿਲ ਸਮੇਤ ਸਾਰਿਆਂ ਨੇ ਸਾਂਝੇ ਤੌਰ 'ਤੇ ਲਿਖਿਆ, ਸੋਧਿਆ ਅਤੇ ਗਾਇਆ ਸੀ। ਇਹ ਗੀਤ ਸੀ :-

**ਮੇਰਾ ਰੰਗ ਦੇ ਬਸੰਤੀ ਚੌਲਾ।**

.....

**ਇਸ ਰੰਗ ਵਿਚ ਰੰਗ ਕੇ ਸ਼ਿਵਾ ਨੇ ਮਾਂ ਦਾ ਬੰਧਨ ਖੋਲ੍ਹਾ**

**ਯਹੀ ਰੰਗ ਹਲਦੀ ਘਾਟੀ ਵਿਚ ਸੀ ਖੁਲ੍ਹਕਰ ਖੇਲਾ**

**ਨਵ ਬਸੰਤ ਮੇਂ ਭਾਰਤ ਕੇ ਹਿੱਤ ਵੀਰੋਂ ਕਾ ਯਹ ਮੇਲਾ**

**ਮੇਰਾ ਰੰਗ ਦੇ ਬਸੰਤੀ ਚੌਲਾ!!**

**ਮੇਰਾ ਰੰਗ ਦੇ ਬਸੰਤੀ....**

"ਰਾਤੋ ਰਾਤ ਇਕ ਨਾਟਕ ਵੀ ਖੇਡਿਆ ਗਿਆ, ਸਾਰੇ ਇਹ ਅਨੁਭਵ ਕਰ ਰਹੇ ਸਨ ਕਿ ਹੁਣ ਤੋਂ ਪਿਛੋਂ ਸਾਰਿਆਂ ਦੇ ਸਾਰੇ ਇਕ ਸਾਥ ਫਿਰ ਅਜਿਹੇ ਮੇਲੇ ਵਿਚ ਸ਼ਾਮਲ ਨਹੀਂ ਹੋ ਸਕਣਗੇ। ਨਾਟਕ ਅਛੂਤੋਂ ਦੁਧਾਰ (ਅਛੂਤਾਂ ਦੀ ਮੁਕਤੀ) ਉਤੇ ਸੀ। ਜੇਲ੍ਹ ਅਧਿਕਾਰੀ ਵੀ ਵੇਖਣ ਲਈ ਆਏ ਸਨ। ਪੰਡਿਤ ਰਾਮ ਪ੍ਰਸ਼ਾਦ ਜੀ ਨੇ ਕੁੱਲੂ ਚਮਿਆਰ ਦਾ ਰੋਲ ਬਹੁਤ ਬਾਖੂਬੀ ਨਾਲ ਅਦਾ ਕੀਤਾ ਸੀ।"

**"ਤੋਰੇ ਸੇ ਨੈਨਾ ਮਿਲਤ ਨਹੀਂ!"**

ਉਸ ਨਾਟਕ ਵਿਚ ਅਮਰ ਸ਼ਹੀਦ ਰਾਮ ਪ੍ਰਸ਼ਾਦ ਬਿਸਮਿਲ ਨੇ ਕੁੱਲੂ ਚਮਾਰ ਦਾ ਰੋਲ ਅਦਾ ਕਰਦਿਆਂ ਇਕ ਗੀਤ ਵੀ ਗਾਇਆ ਸੀ। ਜਿਹਦੀ ਪਹਿਲੀ ਲਾਈਨ ਅੱਜ ਵੀ ਮੇਰੇ ਮਨ ਵਿਚ ਚਮਕ ਉੱਠਦੀ ਹੈ :

[ਨੋਟ : ਇਹ ਲਿਖਤ 1977 'ਚ ਲਿਖੀ ਗਈ ਸੀ ਅਨੁਵਾਦਕ]

**ਤੋਰੇ ਸੇ ਨੈਣਾਂ ਮਿਲਤ ਨਾਹੀਂ।**

**ਬਦਾਊ ਢੂੰਢਤ, ਬਨਾਰਸ ਢੰਡਤ**

**ਤੋਰੇ ਸੇ ਨੈਣਾ ਮਿਲਤ ਨਾਹੀ!**

ਅਤੇ ਉਸ ਅਮਰ ਸ਼ਹੀਦ ਦੀ ਮਸਤ ਅਤੇ ਜਿੰਦਾ ਦਿਲ ਤਸਵੀਰ ਮਨਦੀਆਂ ਅੱਖਾਂ ਵਿਚ ਅੱਜ ਵੀ ਉਸੇ ਤਰ੍ਹਾਂ ਭਟਕਣ ਲਗਦੀ ਹੈ ਜਿਸ ਤਰ੍ਹਾਂ ਉਹ ਉਸ ਸਮੇਂ ਉਸ ਗਾਣੇ ਨੂੰ ਗਾਉਂਦੇ ਅਤੇ ਅਭਿਨਵ (ਪੇਸ਼ਕਾਰੀ) ਕਰਦਿਆਂ ਹੋਇਆਂ ਮਟਕਦੇ ਸਨ। ਫਾਂਸੀ ਦੇ ਤਖ਼ਤੇ ਦੇ ਵੱਲ ਦ੍ਰਿੜ੍ਹਤਾ ਅਤੇ ਬੇਖੌਫ਼ ਮਸਤ ਚਾਲੇ ਤੁਰੇ ਜਾਣ ਵਾਲੇ ਮਤਵਾਲੇ ਅੰਦਾਜ਼ ਨੱਚਦੇ ਵੀ ਸਨ ਅਤੇ ਫਾਂਸੀ ਉਤੇ ਫਖ਼ਰ ਨਾਲ ਤਨਾ ਸੀਨਾ ਅਤੇ ਮਟਕਦੀ ਤੇ ਹੁਲਾਰੇ ਖਾਂਦੀ ਖੁਸਮਿਜਾਜੀ ਕਮਰ ਨਾਲ ਤੁਰੇ ਜਾ ਰਹੇ ਸਨ।

**ਇਨਕਲਾਬੀ ਅਤੇ ਪਾਗਲਪਨ**

ਦੁਨੀਆ ਵਾਲੇ ਤਾਂ ਸਾਨੂੰ ਸਾਰਿਆਂ ਨੂੰ ਪਾਗਲ ਕਹਿੰਦੇ ਹੀ ਸਨ। ਅਸੀਂ ਵੀ ਇਕ ਦੂਸਰੇ ਨੂੰ ਆਜ਼ਾਦੀ ਦੇ ਲਈ ਆਪਣੇ ਤੋਂ ਕੁਝ ਜ਼ਿਆਦਾ ਹੀ ਪਾਗਲ ਮੰਨਕੇ ਉਹਦਾ ਸਨਮਾਨ ਕਰਦੇ ਸਾਂ। ਅਜਿਹੀ ਹੀ ਇਕ ਖੁਸ਼ ਮਿਜਾਜੀ ਗੋਸ਼ਠੀ ਵਿਚ ਸਚਿੰਦਰ ਨੇ ਸਾਰਿਆਂ ਤੋਂ ਪੁੱਛਿਆ, "ਕਿਉਂ ਮਿੱਤਰੋ, ਤੁਹਾਡੇ ਘਰਾਣੇ ਵਿਚ ਕਦੇ ਕੋਈ ਪਾਗਲ ਵੀ ਹੋਇਆ ਸੀ ਜਾਂ ਨਹੀਂ ?" ਆਪਣੇ ਪਰਿਵਾਰ ਦੇ ਭੂਤਕਾਲ ਦੇ ਇਤਿਹਾਸ ਦੀ ਕਥਾ ਨੂੰ ਯਾਦ ਕਰਕੇ ਜਦੋਂ ਕੋਈ ਇਹ ਦੱਸ ਦਿੰਦਾ ਸੀ ਕਿ ਉਹਦੀ ਫਲਾਣੀ ਪੀੜ੍ਹੀ ਦਾ ਫਲਾਣਾ ਰਿਸ਼ਤੇਦਾਰ ਪਾਗਲ ਹੋ ਗਿਆ ਤਾਂ ਦਾਦਾ ਕਿਹਾ ਕਰਦੇ ਸਨ, "ਬਿਲਕੁਲ ਠੀਕ! ਨਹੀਂ ਤਾਂ ਤੁਸੀਂ ਇਨਕਲਾਬ ਦਲ ਵਿਚ ਸ਼ਾਮਲ ਹੀ ਕਿਉਂ ਹੁੰਦੇ ?" ਮੈਂ ਵੀ ਯਾਦ ਕਰਕੇ ਆਪਣੇ ਪੁਰਖਿਆਂ ਵਿਚੋਂ ਕਿਸੇ ਪਾਗਲ ਨੂੰ ਲੱਭ ਹੀ ਲਿਆ ਸੀ ਅਤੇ ਸਚਿੰਦਰ ਦਾ ਤੋਂ ਫਿਰ ਹੀ ਇਨਕਲਾਬੀ ਹੋ ਸਕਣ ਦਾ ਪ੍ਰਮਾਣ ਪੱਤਰ ਹਾਸਲ ਕਰ ਸਕਿਆ ਸਾਂ।

**ਅਦਾਲਤ ਵਿਚ ਵੀ ਹਾਸਾ ਮਖੌਲ**

ਜਦੋਂ ਸਾਨੂੰ ਜੇਲ੍ਹ ਤੋਂ ਪੁਲਿਸ ਾਿ ਗੱਡੀ ਵਿਚ ਬੰਦ ਕਰਕੇ ਅਦਾਲਤ ਵਿਚ ਲੈ ਕੇ ਜਾਂਦੇ ਹੁੰਦੇ ਸਨ ਤਾਂ ਅਸੀਂ ਹਰ ਵਾਰ ਕੋਈ ਨਾ ਕੋਈ ਗਾਣਾ ਗਾਉ ਹੋਏ ਅਤੇ ਨਾਹਰੇ ਲਾਉਂਦੇ ਹੋਏ ਹੀ ਜਾਂਦੇ ਸਾਂ। ਜਿਵੇਂ ਕਿ ਪਹਿਲਾਂ ਹੀ ਭਾਈ ਰਾਮ ਦੁਲਾਰੇ ਦੀਆਂ ਯਾਦਾਂ ਵਿਚ ਆਇਆ ਹੈ, ਜਦੋਂ ਅਸੀਂ ਬਸੰਤੀ ਟੋਪੀ ਅਤੇ ਬਸੰਤੀ ਰੁਮਾਲ ਲੈ ਕੇ ਅਦਾਲਤ ਵਿਚ ਪਹੁੰਚੇ ਤਾਂ ਉਸਦੇ ਦੂਸਰੇ ਹੀ ਦਿਨ ਲਖਨਊ ਦੀ ਉਤਸ਼ਾਹੀ ਜਨਤਾ ਆਪਣੇ ਸਾਰੇ ਹੀ ਕੱਪੜੇ ਬਸੰਤੀ ਰੰਗ ਨਾਲ ਰੰਗੇ ਹੋਏ ਪਾ ਕੇ ਜੇਲ੍ਹ ਤੋਂ ਅਦਾਲਤ ਤੱਕ ਦੇ ਸਾਡੇ ਰਾਹ ਉਤੇ ਖਲੋਤੀ ਸਾਡਾ ਸੁਆਗਤ ਕਰ ਰਹੀ ਸੀ ਅਤੇ ਸਾਡਾ ਉਤਸ਼ਾਹ ਵਧਾ ਰਹੀ ਸੀ।

ਅਦਾਲਤ ਦੇ ਕਮਰੇ ਵਿਚ ਵੀ ਸਾਡੇ ਹਾਸੇ ਠੱਠੇ ਦੀ ਧਾਰਾ ਰੁਕਦੀ ਨਹੀਂ ਸੀ। ਵਕੀਲਾਂ ਦੀ ਬਹਿਸ ਅਤੇ ਗਵਾਹਾਂ ਦੇ ਬਿਆਨਾਂ ਵਿਚ ਆਈਆਂ ਅਨੇਕਾਂ ਗੱਲਾਂ ਨਾਲ ਸਾਡਾ ਮਨੋਰੰਜਨ ਹੁੰਦਾ ਸੀ।

ਸਰਕਾਰ ਦੇ ਪੱਖ ਵਿਚ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਇਕ ਵਿਦਿਆਰਥੀ ਨੂੰ ਗਵਾਹੀ ਦੇ ਰੂਪ ਵਿਚ ਇਹ ਕਹਾਉਣ ਲਈ ਪੇਸ਼ ਕੀਤਾ ਗਿਆ ਕਿ ਉਹ ਇਹ ਦੱਸੇ ਕਿ ਪ੍ਰਸਿੱਧ ਇਨਕਲਾਬੀ ਪਰਚੇ 'ਦਾ ਰੈਵੋਲੂਸ਼ਨਰੀ' ਦਾ ਪਾਰਸਲ ਮੁਲਜ਼ਮ ਰਾਜ ਕੁਮਾਰ ਸਿਨਹਾ ਨੇ, ਯੂਨੀਵਰਸਿਟੀ ਦੇ ਡਾਕਘਰ ਤੋਂ ਭੇਜਿਆ ਸੀ। ਉਸ ਨਾਲ ਬਹਿਸ ਕਰਦਿਆਂ ਹੋਇਆਂ ਜਦੋਂ ਬਚਾਅ ਪੱਖ ਵਲੋਂ ਇਹ ਪੁੱਛਿਆ ਗਿਆ ਕਿ ਜਿਸ ਪਾਰਸਲ ਨੂੰ ਉਹਨੇ ਵੇਖਿਆ ਸੀ ਕਿ ਉਹ ਕਿੰਨਾ ਵੱਡਾ ਸੀ, ਤਾਂ ਪਹਿਲਾਂਤਾਂ ਉਹ ਠਠੰਬਰ ਗਿਆ ਅਤੇ ਫਿਰ ਉਹਨੇ ਆਪਣੇ ਦੋਵੇਂ ਹੱਥ ਆਪਣੀ ਛਾਤੀ ਦੇ ਸਾਹਮਣੇ ਪੂਰੀ ਤਰ੍ਹਾਂ ਤਾਣ ਕੇ ਜੋੜ ਲਏ ਅਤੇ ਉਨ੍ਹਾਂ ਨੂੰ ਸਹਿਜੇ-ਸਹਿਜੇ ਅਲੱਗ ਕਰਦਿਆਂ ਹੋਇਆਂ ਦੋਵੇਂ ਹੱਥਾਂਨੂੰ ਮੋਢਿਆਂ ਤੱਕ ਖੋਲ੍ਹ ਕੇ ਲਗਭਗ ਦੋ ਗਜ਼ ਦਾਇਰਾ ਖਿੱਚ ਕੇ ਦੱਸਿਆ ਕਿ ਪਾਰਸਲ ਦਾ ਅਕਾਰ ਇਹਦੇ ਵਿਚਕਾਰ ਦਾ ਸੀ ਅਤੇ ਕਿਹਾ ਕਿ ਡਾਕਘਰ ਵਾਲੇ ਇਸ ਤੋਂ ਵੱਡਾ ਪਾਰਸਲ ਸਵੀਕਾਰ ਹੀ ਨਹੀਂ ਕਰਦੇ। ਇਸ ਉਤੇ ਅਦਾਲਤ 'ਚ ਖੂਬ ਹਾਸਾ ਫੁੱਟਿਆ।

**ਸ਼ਾਸਤਰੀ ਜੀ ਦੀ ਗਵਾਹੀ ਦਾ 'ਸਿਲਸਿਲਾ'**

ਬਚਾਅ ਪੱਖ ਦੇ ਇਕ ਗਵਾਹ ਸੰਸਕ੍ਰਿਤ ਦੇ ਧਨਾਤਰ ਵਿਦਵਾਨ ਸਨ। ਉਹ ਬਚਾਅ ਪੱਖ ਵਿਚ ਗਵਾਹੀ ਵਿਚ ਬਹਿਸ ਦੇ ਸੰਭਾਵਤ ਸਵਾਲਾਂ ਦੇ ਜਵਾਬਾਂ ਨੂੰ ਸਿਲਸਲੇਵਾਰ ਚੰਗੀ ਤਰ੍ਹਾਂ ਯਾਦ ਕਰਕੇ ਆਏ ਸਨ। ਬਹਿਸ ਵਿਚ ਜਾ ਸਰਕਾਰੀ ਵਕੀਲ ਨੇ ਇਕ ਪ੍ਰਸ਼ਨ ਪੁੱਛਿਆ ਤਾਂ ਉਸ ਨੇ ਜਵਾਬ ਵਿਚ ਉਨ੍ਹਾਂ ਕਿਹਾ, "ਵੇਖੋ ਵਕੀਲ ਸਾਹਿਬ ਇਹ ਤੁਹਾਡਾ ਸਵਾਲ ਹੈ ਤਾਂ ਠੀਕ ਅਤੇ ਇਹਦਾ ਜਵਾਬ ਵੀ ਮੇਰੇ ਕੋਲ ਹੈ ਪਰ ਇਹ ਸਵਾਲ ਅੱਗੇ ਆਵੇਗਾ, ਇਥੇ ਨਹੀਂ। ਤੁਸੀਂ ਸਿਲਸਲੇਵਾਰ ਪੁੱਛਦੇ ਜਾਉ।" ਸਰਕਾਰੀ ਵਕੀਲ ਨੇ ਕਿਹਾ, "ਅਤੇ ਜੇ ਮੈਂ ਇਹਨੂੰ ਇਥੇ ਹੀ ਪੁੱਛ ਲਵਾਂ ਤਾਂ ?" ਉਹ ਬੋਲੇ, "ਇਸ ਨਾਲ ਮੇਰਾ ਸਿਲਸਿਲਾ ਹੀ ਵਿਗੜ ਜਾਵੇਗਾ।" ਸਰਕਾਰੀ ਵਕੀਲ ਦੀਆਂ ਪਹਿਲਾਂ ਤਾਂ ਤਿਊੜੀਆਂ ਚੜ੍ਹ ਗਈਆਂ, ਪਰ ਫਿਰ ਕੁਝ ਮੁਸਕਰਾ ਕੇ ਉਹ ਇਹ ਕਹਿ ਕੇ ਬਹਿ ਗਏ, "ਲਉ ਸਾਹਿਬ, ਇਹਦਾ ਤਾਂ ਸਿਲਸਿਲਾ ਹੀ ਵਿਗੜ ਗਿਆ। ਸਾਡੇ ਬਚਾਅ ਪੱਖ ਦੇ ਵਕੀਲ ਸ੍ਰੀ ਚੰਦਰ ਭਾਨੂੰ ਗੁਪਤ ਦੇ ਚਿਹਰੇ ਦੇ ਹਾਵ ਭਾਵ ਇਸ ਸਬੰਧੀ ਵੇਖਣ ਯੋਗ ਹੀ ਸਨ। ਕਈ ਦਿਨਾਂ ਤੱਕ ਸਾਡੇ ਲੋਕਾਂ ਦਰਮਿਆਨ ਸ਼ਾਸਤਰੀ ਜੀ ਦਾ 'ਸਿਲਸਲਾ ਵਿਗੜਨ' ਉਤੇ ਹਾਸਾ ਠੱਠਾ ਚਲਦਾ ਰਿਹਾ।

**ਭੁੱਖ ਹੜਤਾਲ ਵਿਚ ਮਖੌਲ**

ਹਵਾਲਾਤੀ ਜ਼ਿੰਦਗੀ ਵਿਚ ਸਾਨੂੰ ਕਈ ਵਾਰੀ ਭੁੱਖ ਹੜਤਾਲਾਂ ਵੀ ਕਰਨੀਆਂ ਪਈਆਂ ਪ੍ਰੰਤੂ ਉਸ ਦੌਰਾਨ ਵੀ ਸਾਡੇ ਹਾਸੇ ਮਖੌਲ ਦੀ ਧਾਰਾ ਕਦੇ ਰੁਕੀ ਨਹੀਂ ਬੇਪ੍ਰਵਾਹ ਚਲਦੀ ਰਹੀ। ਭੁੱਖ ਹੜਤਾਲ ਦੇ ਦੌਰਾਨ ਸ੍ਰੀ ਮਨਮਥ ਨਾਥ ਗੁਪਤ ਖੁਦ ਵਧੀਆ ਵਧੀਆ ਖਾਣ ਵਾਲੀਆਂ ਚੀਜ਼ਾਂ ਦੀਆਂ ਗੱਲਾਂ ਕਰਕੇ ਸਾਨੂੰ ਸਾਰਿਆਂ ਨੂੰ ਹਸਾਉਣ ਦੀ ਸਫ਼ਲ ਕੋਸ਼ਿਸ਼ ਕਰਦੇ ਰਹਿੰਦੇ ਸਨ। ਜਦੋਂ ਕੋਈ ਕਹਿੰਦਾ ਕਿ ਇਸ ਤਰ੍ਹਾਂ ਦੇ ਖਾਣਿਆਂ ਦੀਆਂ ਗੱਲਾਂ ਕਰਕੇ ਤਾਂ ਭੁੱਖ ਦੀ ਵੇਦਨਾ ਹੋਰ ਵਧ ਜਾਂਦੀ ਹੈ, ਤਾਂ ਉਹ ਕਹਿੰਦੀ, "ਹੁਣ ਜਦੋਂ ਭੁੱਖਿਆਂ ਮਰਨਾ ਹੀ ਹੈ ਤਾਂ ਘੱਟੋ ਘੱਟ ਵਧੀਆ ਸਵਾਦਿਸ਼ਟ ਚੀਜ਼ਾਂ ਦੇ ਨਾਂ ਲੈਂਦਿਆਂ ਹੋਇਆਂ ਤਾਂ ਮਰੀਏ। ਇਸ ਵਿਚ ਭਲਾ ਕੀ ਗੁਨਾਹ ਹੈ।"

ਮੈਨੂੰ ਉਨ੍ਹਾਂ ਦੀਆਂ ਦਲੀਲਾਂ ਠੀਕ ਲੱਗੀਆਂ। ਮਿਸਾਲ ਵਜੋਂ ਅਸੀਂ ਆਪਣੀ ਇਨਕਲਾਬੀ ਜ਼ਿੰਦਗੀ ਵਿਚ ਆਜ਼ਾਦੀ ਦੀ ਭੁੱਖ ਵਿਚ ਆਜ਼ਾਦੀ ਦਾ ਨਾਂ ਲੈ ਕੇ ਹੀ ਤਾਂ ਮਰਦੇ ਰਹੇ ਸਾਂ। ਉਸ ਨਾਲ ਸਾਡੀ ਹੀ ਨਹੀਂ ਸਾਰੇ ਦੇਸ਼ ਦੇ ਲੋਕਾਂ ਦੀ ਆਜ਼ਾਦੀ ਦੀ ਭੁੱਖ ਵੀ ਹੋਰ ਵਧ ਜਾਂਦੀ ਸੀ। ਸਾਡੀ ਇਨਕਲਾਬੀ ਜ਼ਿੰਦਗੀ ਦਾ, ਜ਼ਿੰਦਗੀ ਦੇ ਬਲੀਦਾਨ ਦਾ ਉਦੋਂ ਇਸ ਤੋਂ ਵੱਧ ਹੋਰ ਕੀ ਮੁੱਲ ਸੀ ?

**ਅਦਾਲਤ ਦਾ ਨਾਟਕ**

ਇਕ ਦਿਨ ਅਦਾਲਤ ਵਲੋਂ ਫੈਸਲਾ ਸੁਣਾਏ ਜਾਣ ਤੋਂ ਪਹਿਲਾਂ ਅਸੀਂ ਲੋਕਾਂ ਨੇ ਆਪਣੀ ਖੁਦ ਦੀ ਅਦਾਲਤ ਦਾ ਨਾਟਕ ਕੀਤਾ ਅਤੇ ਜਿਸ ਵਿਚ ਹਰ ਇਕ ਮੁਲਜ਼ਮ ਦੀ ਕਿਸਮਤ ਦਾ ਫੈਸਲਾ ਸੁਣਿਆ ਗਿਆ। ਸਭ ਤੋਂ ਪਹਿਲਾਂ ਪੰਡਿਤ ਰਾਮਪ੍ਰਸ਼ਾਦ ਬਿਸਮਿਲ ਦੀ ਕਿਸਮਤ ਦਾ ਫੈਸਲਾ ਸੁਣਿਆ ਗਿਆ ਅਤੇ ਉਹਦੇ 'ਗੁਨਾਹਾਂ' ਦੀ ਇਕ ਲੰਬੀ ਚੌੜੀ ਫਹਿਰਿਸ਼ਤ (ਸੂਚੀ) ਗਿਣਾਈ ਗਈ ਜਿਸ ਵਿਚ ਭਾਰਤ ਦੇਸ਼ ਨੂੰ 'ਦਿਆਲੂ ਬਰਤਾਨਵੀ ਸਾਮਰਾਜਵਾਦ' ਤੋਂ ਖੋਹਣ ਦੀ ਕੋਸ਼ਿਸ਼ ਕਰਨਾ ਮੁੱਖ ਅਪਰਾਧ ਦੱਸ ਕੇ ਉਹਨਾਂ ਨੂੰ ਇਕਦਮ 'ਮੌਤ ਦੀ ਸਜ਼ਾ' ਸੁਣਾਈ ਗਈ।

ਫਿਰ ਦੂਸਰੇ ਨੰਬਰ ਉਤੇ ਸਚਿੰਦਰ ਨਾਥ ਸਨਿਆਲ ਆਇਆ। ਉਹਦੇ ਅਪਰਾਧਾਂ ਦੀ ਵੀ ਬਹੁਤ ਲੰਮੀ ਸੂਚੀ ਸੀ। ਉਹਦੇ ਅਪਰਾਧ ਹੋਰ ਵੀ ਸੰਗੀਨ ਦ੍ਰਿਸ਼ਟੀ ਨਾਲ ਵੇਖੇ ਗਏ ਸਨ। ਇਹਦਾ ਕਾਰਨ ਇਹ ਸੀ ਕਿ 'ਮਾਂ ਬਾਪ ਸਰਕਾਰ' ਨੇ ਉਹਨਾਂ ਨੂੰ ਇਸਤੋਂ ਪਹਿਲਾਂ ਵੀ ਬਨਾਰਸ ਸਾਜ਼ਿਸ਼ ਕੇਸ ਵਿਚ ਉਮਰ ਭਰ ਕਾਲੇਪਾਣੀ ਜੇਲ੍ਹ ਦੀ ਸਜ਼ਾ ਦਿੱਤੀ ਸੀ। ਕਿਉਂਕਿ ਉਹ ਉਸ ਪ੍ਰਸਿੱਧ 'ਪੁਰਾਣਾ ਅਤੇ ਪਾਗਲ' ਬਾਗੀ ਰਾਜ ਬਿਹਾਰੀ ਬੋਸ ਦੇ ਸੱਜੇ ਹੱਥ ਸਨ ਜਿਨ੍ਹਾਂ ਨੇ ਲਾਰਡ ਹਾਰਡਿੰਗ ਉਤੇ ਬੰਬ ਸੁਟਵਾਇਆ ਸੀ ਅਤੇ ਉਹਨਾਂ ਨੂੰ ਅੰਡੇਮਾਨ ਵਰਗੇ, 'ਸਿਹਤ ਸੁਧਾਰਕ' ਟਾਪੂ ਦੀ ਸੈਲੂਅਰ ਜੇਲ੍ਹ ਵਿਚ ਰੱਖ ਕੇ ਆਪਣੇ 'ਦਿਮਾਗ' ਨੂੰ ਸੁਧਾਰਨ ਦਾ ਮੌਕਾ ਦਿੱਤਾ ਗਿਆ ਸੀ। ਉਥੋਂ ਆਉਣ ਤੋਂ ਪਿਛੋਂ ਜਦੋਂ ਉਹਨਾਂ ਇਕ ਸੁੰਦਰ ਲੜਕੀ ਨਾਲ ਸ਼ਾਦੀ ਕਰ ਲਈ ਤਾਂ ਸਾਡੀ 'ਚੰਗੀ ਸਰਕਾਰ' ਧੋਖੇ ਵਿਚ ਆ ਗਈ ਸੀ ਕਿ ਸ਼ਾਇਦ ਉਹਦਾ (ਸਚੀਂਦਰ ਦਾ) ਦਿਮਾਗ ਕੁਝ 'ਸਹੀ' ਹੋ ਗਿਆ ਹੈ ਪ੍ਰੰਤੂ ਆਖਰ ਵਿਚ ਉਹ 'ਪਾਗਲ' ਦਿਮਾਗ ਦਾ ਇਨਕਲਾਬੀ ਹੀ ਨਿਕਲਿਆ ਅਤੇ ਉਨ੍ਹਾਂ ਨੇ ਮੁੜ ਦੁਬਾਰਾ ਉਤਰੀ ਭਾਰਤ ਵਿਚ 'ਹਿੰਦੋਸਤਾਨੀ ਰੀਪਬਲਿਕ ਪਾਰਟੀ' ਦੇ ਨਾਂ ਨਾਲ ਇਕ 'ਖਤਰਨਾਕ ਪਾਰਟੀ' ਦਾ ਐਨੀ 'ਚੰਗੀ ਸਰਕਾਰ' ਨੂੰ ਉਖਾੜ ਸੁੱਟਣ ਲਈ ਗਠਨ ਕੀਤਾ। ਉਨ੍ਹਾਂ ਨੇ 'ਦਾ ਰੈਵੋਲੂਸਨਰੀ' (ਇਨਕਲਾਬੀ) ਨਾਂ ਦਾ ਇਕ ਪਰਚਾ ਛਪਵਾ ਕੇ ਸਮੁੱਚੇ ਭਾਤਰ ਵਿਚ ਇਥੋਂ ਤੱਕ ਕਿ ਧਰਮਾਂ ਅਤੇ ਸ੍ਰੀਲੰਕਾ ਵਿਚ ਵੀ ਵੰਡਿਆ ਅਤੇ ਉਹ ਵੀ ਹਰ ਜਗ੍ਹਾ ਇਕੋ ਹੀ ਦਿਨ ਵੰਡਾਇਆ ਗਿਆ ਅਤੇ ਲੋਕਾਂ ਦੇ ਦਿਮਾਗ ਨੂੰ 'ਖਰਾਬ' ਕਰਨ ਦਾ ਦੁਸ਼ਟ' ਕੰਮ ਕੀਤਾ। ਸਭ ਤੋਂ ਵੱਡਾ ਅਪਰਾਧ ਇਨ੍ਹਾਂ ਨੇ ਇਹ ਕੀਤਾ ਕਿ 'ਬੰਦੀ ਜੀਵਨ' ਨਾਂ ਦੀ ਪ੍ਰਸਿੱਧ ਕਿਤਾਬ ਲਿਖ ਕੇ ਨੌਜਵਾਨਾਂ ਨੂੰ ਗੁੰਮਰਾਹ ਕੀਤਾ। ਹਿੰਦੋਸਤਾਨ ਰਿਪਬਲਿਕ ਪਾਰਟੀ ਦੇ ਵਿਧਾਨ ਨੂੰ ਬਣਵਾਉਣ ਦਾ ਕੰਮ ਵੀ ਇਨ੍ਹਾਂ ਨੇ ਹੀ ਕੀਤਾ ਜਿਸ ਦੇ ਉਦੇਸ਼ ਵਿਚ 'ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਕਰ ਸਕੇ' ਵਰਗੀ 'ਖਤਰਨਾਕ' ਗੱਲ ਲਿਖੀ ਸੀ।

ਅਪਰਾਧਾਂ ਦੀ ਇਹ ਸੂਚੀ ਸੁਣਾਉਣ ਤੋਂ ਪਿਛੋਂ ਉਨ੍ਹਾਂ ਤੋਂ ਇਹ ਪੁੱਛਿਆ ਗਿਆ ਕਿ ਉਨ੍ਹਾਂ ਨੂੰ ਵੀ ਫਾਂਸੀ ਕਿਉਂ ਨਾ ਦਿੱਤੀ ਜਾਵੇ ? ਇਸ ਉਤੇ ਸਚਿੰਦਰ ਨਾਥ ਨੇ ਹੱਸ ਕੇ ਜਵਾਬ ਦਿੱਤਾ, "ਜਦੋਂ ਤੁਸੀਂ "ਮਾਂ ਬਾਪ ਸਰਕਾਰ" ਬਣੇ ਬੈਠੇ ਹੋ ਤਾਂ ਜਿਹਦੀ ਪਤਨੀ ਸੋਹਣੀ ਅਤੇ ਨੌਜਵਾਨ ਹੋਵੇ ਉਹਨੂੰ ਤੁਸੀਂ ਫਾਂਸੀ ਕਿਵੇਂ ਦੇ ਸਕਦੇ ਹੋ ?" ਇਸ ਉਤੇ ਸਾਡੀ 'ਅਦਾਲਤ' ਨੇ ਮੁੜ ਵਿਚਾਰ ਕੀਤਾ ਅਤੇ ਸਚੀਂਦਰਦਾਦਾ ਨੂੰ ਸਿਰਫ਼ ਉਮਰ ਭਰ ਜੇਲ੍ਹ ਦੀ ਸਜ਼ਾ ਹੀ ਸੁਣਾਈ ਗਈ। ਇਉਂ ਹਰ ਇਕ ਨੂੰ ਉਹਦੇ ਅਪਰਾਧ ਸੁਣਾ ਕੇ ਉਨ੍ਹਾਂ ਮੁਤਾਬਕ ਬਣਦੀ ਸਜ਼ਾ ਉਹਨੂੰ ਸੁਣਾ ਦਿੱਤੀ ਗਈ ਸੀ।

**ਰੌਸ਼ਨ ਸਿੰਘ ਗੁੱਸੇ ਹੋ ਗਏ**

ਠਾਕੁਰ ਰੌਸ਼ਨ ਸਿੰਘ ਵਿਰੁੱਧ ਕੋਈ ਸਰਕਾਰੀ ਗਵਾਈ ਇਕ ਤਰ੍ਹਾਂ ਨਾਲ ਆਈ ਹੀ ਨਹੀਂ ਸੀ। ਇਉਂ ਸਾਡੇ ਲੋਕਾਂ ਦੇ ਵਿਚਾਰ ਵਿਚ ਉਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਪੰਜ ਪੰਜ ਸਾਲ ਦੀ ਸਜ਼ਾ ਹੋਣੀ ਚਾਹੀਦੀ ਸੀ। ਆਖਿਰ ਸਾਡੀ 'ਅਦਾਲਤ' ਨੇ ਠਾਕੁਰ ਸਾਹਿਬ ਨੂੰ ਪੰਜ ਸਾਲ ਦੀ 'ਸਜ਼ਾ' ਸੁਣਾਈ। ਇਸ ਤੇ ਉਹ ਬਹੁਤ ਗੁੱਸੇ ਹੋ ਗਏ ਅਤੇ ਆਪਣੀ 'ਸਜ਼ਾ' ਨੂੰ ਹਾਸੇ ਮਖੌਲ 'ਚ ਨਾ ਲੈ ਕੇ ਪੂਰੇ ਗੁੱਸੇ ਵਿਚ ਆ ਗਏ। ਕਹਿਣ ਲੱਗੇ 'ਬਦਮਾਸ਼ੋ! ਮੈਂ ਕੋਈ ਕੱਦੂ ਵੇਚ ਕੇ ਆਇਆ ਹਾਂ। ਕੀ ਤੁਸੀਂ ਮੈਨੂੰ ਘੱਟ ਤੋਂ ਘੱਟ ਸਜ਼ਾ ਸੁਣਾਓ। ਤੁਹਾਡੇ ਲੋਕਾਂ ਦਾ ਵੱਸ ਚਲੇ ਤਾਂ ਇਸ ਅਭਾਗੇ ਨੂੰ ਸ਼ਾਇਦ ਛੱਡ ਹੀ ਦਿਉ।"

ਮੈਨੂੰ ਯਾਦ ਹੈ ਕਿ ਮੈਂ ਉਨ੍ਹਾਂ ਨੂੰ ਹੋਰ ਵੀ ਚਿੜਾਉਣ ਲਈ ਕਿਹਾ ਸੀ, "ਠਾਕੁਰ ਸਾਹਿਬ ਸਾਡੀ ਅਦਾਲਤ' ਦੇ ਸਾਹਮਣੇ ਵਿਗੜਨ ਨਾਲ ਕੰਮ ਨਹੀਂ ਚਲਣਾ। ਤੁਹਾਡੀ ਤਾਂ 'ਬਮਰੌਲੀ' ਡਕੈਤੀ ਵਿਚ ਸਿਰਫ਼ ਆਵਾਜ਼ ਹੀ ਸੁਣੀ ਗਈ ਸੀ। ਤੁਹਾਡੇ ਵਰਗੀ ਆਵਾਜ਼ ਤਾਂ ਹੋਰ ਵੀ ਕਿਸੇ ਦੀ ਹੋ ਸਕਦੀ ਹੈ। ਅਸੀਂ ਤੁਹਾਨੂੰ ਪੰਜ ਸਾਲ ਦੀ ਸਜ਼ਾ ਸੁਣਾ ਕੇ ਤੁਹਾਡੇ ਉਤੇ ਮਿਹਰਬਾਨੀ ਕਰ ਰਹੇ ਹਾਂ। ਜ਼ਿਆਦਾ ਬੋਲੇਗੇ ਤਾਂ ਇਹ 'ਅਦਾਲਤ' ਤੁਹਾਨੂੰ ਅਦਾਲਤ ਦੀ ਮਾਨਹਾਨੀ ਕਰਨਦੇ ਦੋਸ਼ ਹੇਠ ਵੱਧ ਤੋਂ ਵੱਧ ਹੋਰ ਪੰਦਰਾਂ ਵੀਹ ਦਿਨਾਂ ਦੀ ਸਜ਼ਾ ਦੇ ਸਕਦੀ ਹੈ। ਉਸ ਤੋਂ ਵੱਧ ਕਿਸੇ ਵੀ ਹਾਲਤ ਵਿਚ ਨਹੀਂ। ਸੋ ਤੁਸੀਂ ਆਪਣੀ ਜਗ੍ਹਾ ਚੁੱਪਚਾਪ ਬੈਠੇ ਰਹੋ ਅਤੇ ਇਸ ਅਦਾਲਤ ਨੂੰ ਆਪਣੀ ਕਾਰਵਾਈ ਕਰਨ ਦਿਓ।"

ਇਸ ਉਤੇ ਸਾਰੇ ਸਾਥੀ ਇਕੋ ਵੇਰੀ ਹੱਸ ਪਏ, ਪਰ ਠਾਕੁਰ ਸਾਹਿਬ ਹੋਰ ਵੀ ਭੜਕ ਉਠੇ। ਕਹਿਣ ਲੱਗੇ, "ਉਏ ਭੈਂਗੀ ਅੱਖ ਵਾਲਿਆ [ਮੇਰੇ ਵੱਲ ਇਸ਼ਾਰਾ ਕਰਕੇ] ਬਹੁਤ ਜ਼ਿਆਦਾ ਆਪਣੇ ਆਪ ਨੂੰ ਨਾ ਸਮਝੀਂ! ਵੱਡਾ ਆਇਆ ਮੈਨੂੰ 'ਕੁਝ ਦਿਨਾ' ਦੀ ਸਜ਼ਾ ਦੇਣ ਵਾਲਾ। ਬੱਚੂ ਬਾਹਰ ਹੁੰਦਾ ਤਾਂ ਸਾਡੀ ਅਜਿਹੀ ਤੌਹੀਨ ਕਰਨ ਉਤੇ ਤੈਨੂੰ ਉਹ ਮਜ਼ਾ ਚਖਾਉਂਦਾ ਕਿ ਜ਼ਿੰਦਗੀ ਭਰ ਨਾ ਭੁੱਲਦਾ।"

ਮੈਂ ਉਹਨੂੰ ਹੋਰ ਵੀ ਚਿੜਾਉਣ ਲੱਗਾ ਸਾਂ ਕਿ ਕਰਦਾ [ਗੋਵਿੰਦਚਰਨ ਕਰ] ਅਤੇ ਦੁਬਲਿਸ਼ ਜੀ ਨੇ ਮੈਨੂੰ ਰੋਕ ਦਿੱਤਾ। ਪ੍ਰੰਤੂ ਉਨ੍ਹਾਂ ਨੂੰ ਫਿਰਵੀ ਕਰਦਾ ਨੇ ਇਹੋ ਕਿਹਾ, "ਠਾਕੁਰ ਸਾਹਿਬ! ਤੁਸੀਂ ਇਨ੍ਹਾਂ ਬੱਚਿਆਂ ਉਤੇ ਐਵੇਂ ਵਾਧੂ ਦਾ ਗੁੱਸਾ ਨਾ ਕਰੋ। ਉਂਝ ਸਹੀ ਪੁੱਛੋ ਤਾਂ ਸਬੂਤਾਂ ਨੂੰ ਵੇਖਦਿਆਂ ਹੋਇਆਂ ਜ਼ਿਆਦਾ ਸਜ਼ਾ ਨਹੀਂ ਹੀ ਮਿਲਣੀ ਚਾਹੀਦੀ। ਹਮ ਸਭ ਸਮਝਤਾ ਹੈ।" ਇਹ ਸੁਣ ਕੇ ਠਾਕੁਰ ਸਾਹਿਬ ਬਹੁਤ ਮਯੂਸ ਹੋ ਗਏ ਸਨ। ਖੈਰ ਉਸ ਰਾਤ ਉਥੋਂ ਦਾ ਹਾਲ ਇਹਸੀ ਕਿ ਜਿਸ ਕਿਸੇ ਸਾਥੀ ਨੂੰ ਹੋਸ ਨਾਲੋਂ ਘੱਟ ਸਜ਼ਾ ਸੁਣਾਈ ਜਾਂਦੀ ਸੀ ਤਾਂ ਉਹ ਆਪਣਾ ਅਪਮਾਨ ਸਮਝਣ ਲੱਗਦਾ ਸੀ। ਉਂਝ ਠਾਕੁਰ ਸਾਹਿਬ ਨੂੰ ਛੱਡ ਕੇ ਕਿਸੇ ਨੇ ਕੁਝ ਕਿਹਾ ਨਹੀਂ। ਪ੍ਰੰਤੂ ਘੱਟ ਸਜ਼ਾ ਸੁਣਨ ਵਾਲੇ ਸਾਥੀ ਦਿਲ ਹੀ ਦਿਲ ਵਿਚ ਉਦਾਸ ਜ਼ਰੂਰ ਹੋ ਗਏ। ਸਬੂਤਾਂ ਨੂੰ ਵੇਂਹਦਿਆਂ ਹੋਇਆਂ ਸਾਡੇ ਲੋਕਾਂ ਦਾ ਵਿਚਾਰ ਸੀ ਕਿ ਫਾਂਸੀ ਦੀ ਸਜ਼ਾ ਜੇ ਕਿਸੇ ਨੂੰ ਵੀ ਹੋ ਸਕਦੀ ਹੈ ਤਾਂ ਉਹ ਰਾਮ ਪ੍ਰਸਾਦ 'ਬਿਸਮਿਲ' ਨੂੰ ਹੀ ਹੋ ਸਕਦੀ ਹੈ। ਉਮਰ ਕੈਦ ਸਚਿੰਦਰ ਨਾਥ ਸਨਿਆਲ ਨੂੰ ਅਤੇ ਰਾਜਿੰਦਰ ਲਹਿਰੀ ਨੂੰ ਅਤੇ ਬਾਕੀ ਲੋਕਾਂ ਨੂੰ ਪੰਜ-ਪੰਜ ਜਾਂ ਦਸ ਦਸ ਸਾਲਾਂ ਦੀ ਸਜ਼ਾ ਹੀ ਹੋਵੇਗੀ। ਦਰਅਸਲ ਸਾਰਿਆਂ ਦੀ ਰਾਇ ਇਹ ਠਾਕੁਰ ਰੌਸ਼ਨ ਸਿੰਘ ਨੂੰ ਪੰਜ ਸਾਲ ਤੋਂ ਵੱਧ ਦੀ ਸਜ਼ਾ ਨਹੀਂ ਹੋਣੀ ਚਾਹੀਦੀ ਸੀ। ਉਸ ਰਾਤ ਬਾਰਾਂ ਵਜੇ ਤੱਕ ਨਾਟਕ ਚਲਦਾ ਰਿਹਾ ਅਤੇ ਹਾਸੇ ਠੱਠੇ ਵਿਚ ਅਸੀਂ ਲੋਕ ਇਸ ਤਰ੍ਹਾਂ ਇਕ ਦੂਸਰੇ ਦੀ ਕਿਸਮਤ ਦਾ ਫੈਸਲਾ ਕਰਦੇ ਰਹੇ।

'ਆਮੀ ਪ੍ਰਸਤੁਤ ਆਛੀ' [ਮੈਂ ਉਹਦੇ ਲਈ ਤਿਆਰ ਹਾਂ]

ਪਤਾ ਨਹੀਂ ਕਿਉਂ ਸਾਉਣ ਤੋਂ ਪਹਿਲਾਂ ਮੈਂ ਰੌਸ਼ਨ ਲਹਿਰੀ ਦੇ ਬਿਸਤਰੇ ਵਿਚ ਜਾ ਕੇ ਉਹਦੇ ਨਾਲ ਸੌਂ ਗਿਆ ਅਤੇ ਗੰਭੀਰ ਹੋ ਕੇ ਪੁੱਛਿਆ, "ਲਹਿਰੀ ਦਾ ਸੱਚੋ ਸਚ ਦਸ ਤੈਨੂੰ ਕੀ ਮਹਿਸੂਸ ਹੋ ਰਿਹਾ ਹੈ? ਤੁਹਾਨੂੰ ਕਿੰਨੀ ਸਜ਼ਾ ਹੋ ਸਕਦੀ ਹੈ? ਉਂਝ ਵੀ ਤੁਸੀਂ ਦਸਾਂ ਸਾਲਾਂ ਦੀ ਸਜ਼ਾ ਸੁਣ ਕੇ ਬੰਗਾਲ ਤੋਂ ਆਏ ਹੋ।" ਉਨ੍ਹਾਂ ਨੇ ਬਹੁਤ ਹੀ ਸ਼ਾਂਤ ਲਹਿਜੇ 'ਚ ਮੁਸਕਰਾਉਂਦਿਆਂ ਹੋਇਆਂ ਬੰਗਾਲੀ 'ਚ ਕਿਹਾ, "ਤੁਸੀਂ ਠੀਕ ਬੋਲ 'ਚੋਂ ਭਾਈ, ਆ ਜਨਮ ਕੈਦ ਦੇਉ ਕਮ ਹੋ ਬੇਈ ਨਾ। ਸਾਲਾਮ ਫਾਂਸੀ ਓ ਦੀਤੇ ਪਾਰੇ।' ਤਾਰ ਜਨਯ ਆਮੀ ਪਰਸਤੁਤ ਆਛੀ।" [ਤੁਸੀਂ ਠੀਕ ਕਹਿੰਦੇ ਹੋ ਭਰਾ ਜੀ, ਉਮਰ ਕੈਦ ਤੋਂ ਘੱਟ ਤਾਂ ਹੋਣਾ ਹੀ ਕੀ ਹੈ। ਉਹ ਸਾਲੇ ਫਾਂਸੀ ਦੀ ਦੇ ਸਕਦੇ ਹਨ। ਉਹਦੇ ਲਈ ਮੈਂ ਤਿਆਰ ਹਾਂ।]

**ਉਹ ਦਿਲ ਪਿਘਲਾ ਦੇਣ ਵਾਲੇ ਪਲ**

ਆਖਿਰ ਉਸ 1927 ਦੀ 6 ਅਪ੍ਰੈਲ ਦਾ ਸੂਰਜ ਨਿਕਲਿਆ। ਅਸੀਂ ਸਾਰੇ ਸਵੇਰੇ ਸਵੇਰੇ ਹੀ ਛੇਤੀ ਛੇਤੀ ਇਸ਼ਨਾਨ ਕਰਨ ਅਤੇ ਸਵੇਰ ਦੀਆਂ ਕ੍ਰਿਆਵਾਂ ਵਿਚ ਰੁਝੇ ਗਏ। ਉਸ ਦਿਨ ਸਾਰੇ ਸਾਥੀਆਂ ਦੇ ਚਿਹਰਿਆਂ ਉਤੇ ਇਕ ਅਜੀਬ ਗੰਭੀਰ ਛਾਈ ਹੋਈ ਸੀ। ਹਰ ਇਕ ਦੇ ਦਿਲ ਵਿਚ ਇਕ ਅਜੀਬ ਉਥਲ ਪੁੱਥਲ ਹੋਈ ਸੀ। ਜ਼ਿੰਦਗੀ ਅਤੇ ਮੌਤ ਦੀ ਸਜ਼ਾ ਵਾਲੇ ਸਾਥੀਆਂ ਦੇ ਵਿਛੜਣ ਦਾ ਐਨਾ ਡੂੰਘਾ ਦੁੱਖ ਹੁੰਦਾ ਹੈ, ਇਹ ਮੈਨੂੰ ਉਸ ਦਿਨ ਹੀ ਅਨੁਭਵ ਹੋਇਆ। ਪੰਡਿਤ ਰਾਮਪ੍ਰਸ਼ਾਦਿ ਜੀ ਬਿਸਮਿਲ ਕੱਟੜ ਆਰੀਆ ਸਮਾਜੀ ਸਨ। ਉਹ ਆਪਣਾ ਭੋਜਨ ਅਲੱਗ ਬਣਾ ਕੇ ਖਾਂਦੇ ਹੁੰਦੇ ਸਨ। ਉਸ ਦਿਨ ਵੀ ਉਹ ਆਪਣੇ ਪੂਜਾ ਪਾਠ, ਹਵਨ ਆਦਿ ਤੋਂ ਵੇਹਲੇ ਹੋ ਕੇ ਭੋਜਨ ਕਰਨ ਬੈਠੇ ਹੀ ਸਨ ਕਿ ਪਿਛੇ ਪਿਛੇ ਮੈਂ ਪਹੁੰਚ ਗਿਆ ਅਤੇ ਹੱਥ ਜੋੜ ਕੇ ਭਿੱਜੀਆਂ ਹੋਈਆਂ ਅੱਖਾਂ ਨਾਲ ਉਨ੍ਹਾਂ ਨੂੰ ਬੇਨਤੀ ਕੀਤੀ "ਪੰਡਿਤ ਜੀ, ਪਤਾ ਨਹੀਂ ਕਿ ਅੱਜ ਇਸ ਬੈਰਕ ਤੋਂ ਜਾਣ ਪਿਛੋਂ ਅਸੀਂ ਲੋਕ ਦੁਬਾਰਾ ਮਿਲ ਸਕੀਏ ਜਾਂ ਨਾ ਮਿਲ ਸਕੀਏ। ਮੇਰੀ ਇਕ ਛੋਟੀ ਜਿਹੀ ਇੱਛਾ ਹੈ। ਜੇ ਤੁਸੀਂ ਆਗਿਆ ਦੇ ਦਿਓ ਤਾਂ ਪੂਰੀ ਕਰ ਲਵਾਂ।" ਇਹ ਸੁਣ ਕੇ ਪੰਡਿਤ ਜੀ ਮਾਨਸਿਕ ਦਰਦ ਨਾਲ ਵਿਆਕੁਲ ਹੋ ਗਏ। ਪੁੱਛਣ ਲੱਗੇ, "ਕੀ ਚਾਹੁੰਦੇ ਹੋ ਭਾਈ?" ਮੈਂ ਕਿਹਾ, "ਅੱਜ ਮੈਂ ਆਪਣੇ ਹੱਥਾਂ ਨਾਲ ਦੋ ਬੁਰਕੀਆਂ ਤੁਹਾਨੂੰ ਖੁਆਉਣੀਆਂ ਚਾਹੁੰਦਾ ਹਾਂ।" ਫੌਰਨ ਆਪਣੇ ਭੋਜਨ ਦੀ ਥਾਲੀ ਮੇਰੇ ਸਾਹਮਣੇ ਕਰਕੇ ਬੋਲੇ, "ਲਉ ਭਾਈ, ਖੁਆ ਦਿਓ। ਮੈਂ ਵੀ ਤੁਹਾਨੂੰ ਆਪਣੇ ਹੱਥਾਂ ਨਾਲ ਖੁਆਵਾਂਗਾ।" ਅਸੀਂ ਦੋਵੇਂ ਆਪਣੇ ਹੱਥਾਂ ਨਾਲ ਖੁਆ ਹੀ ਰਹੇ ਸਾਂ ਕਿ ਇਹ ਖਬਰ ਬਿਜਲੀ ਵਾਂਗੀ ਸਾਰੇ ਸਾਥੀਆਂ ਵਿਚ ਫੈਲਗਈ।

ਫਿਰ ਸਾਰੇ ਸਾਥੀ ਭੱਜੇ-ਭੱਜੇ ਆਏ ਅਤੇ ਉਨ੍ਹਾਂ ਸਾਰਿਆਂ ਨੇ ਪੰਡਿਤ ਜੀ ਨੂੰ ਅਤੇ ਆਲੇ ਦੁਆਲੇ ਦੇ ਇਕ ਦੂਸਰੇ ਸਾਥੀ ਨੂੰ ਖਾਣਾ ਖੁਆਉਣ ਲੱਗੇ। ਇਹ ਭੋਜਨ ਛਕਣਾ ਨਹੀਂ ਸੀ। ਸਗੋਂ ਇਕ ਦੂਸਰੇ ਤੋਂ ਇਕ ਤਰ੍ਹਾਂ ਦੀ ਆਖਰੀ ਵਿਦਾਈ ਲਈ ਜਾ ਰਹੀ ਸੀ। ਸਾਡੇ ਲੋਕਾਂ ਹੱਥ ਇਕ ਦੂਸਰੇ ਦੇ ਮੂੰਹ ਵਿਚ ਬੁਰਕੀ ਲੈ ਕੇ ਜਾਂਦੇ ਸਨ ਅਤੇ ਉਧਰ ਅੱਖਾਂ ਵਿਚੋਂ ਟੱਪ ਟੱਪ ਕਰਕੇ ਅਥਰੂ ਡਿੱਗ ਰਹੇ ਸਨ ਇਕ ਅਜੀਬ ਜਿਹਾ ਦਿਲ ਪਿਘਲਾ ਦੇਣ ਵਾਲਾ ਦਰਦਵਿੰਨਾ ਦ੍ਰਿਸ਼ ਸੀ। ਕਦੇ ਕਦੇ ਅੱਜ ਵੀ ਉਸ ਦ੍ਰਿਸ਼ ਦੀ ਯਾਦ ਆਉਂਦੀ ਹੈ ਤਾਂ ਦਿਲ ਰੋ ਉਠਦਾ ਹੈ।

ਪੁਲਿਸ ਦੇ ਇਕ ਵਿਸ਼ੇਸ਼ ਪ੍ਰਬੰਧ ਹੇਠ ਅਸੀਂ ਸਾਰੇ ਸਾਥੀ ਅਦਾਲਤ ਵਿਚ ਲਿਆਂਦਾ ਗਏ। ਜੱਜ ਨੇ ਫੈਸਲਾ ਸੁਣਾਉਣਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਅੰਗਰੇਜ਼ ਜੱਜ [ਹੈਮਿਲਟਨ] ਨੇ ਪੰਡਿਤ ਰਾਮ ਪ੍ਰਸ਼ਾਦ ਬਿਸਮਿਲ ਦਾ ਨਾਂ ਲਿਆ ਅਤੇ ਉਨ੍ਹਾਂ ਨੂੰ ਧਾਰਾ 124 ਏ ਅਤੇ 120 ਬੀ ਦੇ ਅਧੀਨ ਉਮਰ ਕੈਦ ਦੀ ਜੇਲ੍ਹ ਸਜ਼ਾ ਅਤੇ ਦਫ਼ਾ 396 ਦੇ ਹੇਠ ਮੌਤ ਦੀ ਸਜ਼ਾ ਸੁਣਾਈ ਗਈ। ਦੂਸਰੇ ਨੰਬਰ ਉਤੇ ਉਹਨੇ ਸ੍ਰੀ ਰਾਜਿੰਦਰ ਨਾਥ ਲਹਿੜੀ ਨੂੰ ਵੀ ਉਨ੍ਹਾਂ ਸਾਰੀਆਂ ਧਾਰਾਵਾਂ ਹੇਠ ਆਉਂਦੀ ਉਨ੍ਹੀਂ ਹੀ ਸਜ਼ਾ ਸੁਣਾਈ ਪ੍ਰੰਤੂ ਜਿਵੇਂ ਹੀ ਹੈਮਿਲਟਨ ਨੇ ਤੀਸਰਾ ਨਾਂ ਠਾਕੁਰ ਰੌਸ਼ਨ ਸਿੰਘ ਦਾ ਸੱਦਿਆ ਤਾਂ ਅਸੀਂ ਸਾਰੇ ਹੈਰਾਨ ਪ੍ਰੇਸ਼ਾਨ ਅਤੇ ਰੁਝੇ ਹੱਕੇ ਬੱਕੇ ਜੇਹੇ ਹੋ ਗਏ।

"ਜਜਵਾ ਕਾ ਬਕਰ-ਬਕਰ ਕਰ ਗਵਾ ?" [ਜੱਜ ਕੀ ਬਕੜ ਬਕੜ ਕਰ ਗਿਆ]

ਉਨ੍ਹਾਂ ਨੂੰ ਜੱਜ ਨੇ ਪਹਿਲੀਆਂ ਦੋ ਧਰਾਵਾਂ ਦੇ ਹੇਠ ਪੰਜ ਪੰਜ ਸਾਲ ਦੀ ਜੇਲ੍ਹ ਦੀ ਸਜ਼ਾ (ਅੰਗਰੇਜ਼ੀ ਵਿਚ ਹੀ) ਸੁਣਾਇਆ। ਅਸੀਂ ਸਾਰੇ ਕੁਝ ਤਸੱਲੀ ਜੇਹੀ ਹੀ ਮਹਿਸੂਸ ਕਰਨ ਦੀ ਲੱਗੇ ਸਾਂ ਕਿ ਇਸੇ ਦੌਰਾਨ ਦਫ਼ਤਰ 396 ਹੇਠ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਉਸ ਗੈਰ ਕਿਆਸੀ (ਅਚਨਚੇਤੀ) ਸਜ਼ਾ ਸੁਣਾ ਕੇ ਸਾਡੇ ਦਿਲਾਂ ਵਿਚ ਜਿਵੇਂ ਹਥੌੜੇ ਵਰਗੀ ਸੱਟ ਵੱਜੀ। ਠਾਕੁਰ ਸਾਹਿਬ ਅਤੇ ਫਾਂਸੀ ਦੀ ਸਜ਼ਾ। ਸਾਡੇ ਵਿਚੋਂ ਕੋਈ ਵੀ ਹੁਣ ਇਸ ਮਾਨਸਿਕ ਹਾਲਤ ਵਿਚ ਨਹੀਂ ਰਿਹਾ ਕਿ ਜੱਜ ਇਸ ਤੋਂ ਅੱਗੇ ਕੀ ਫੈਸਲਾ ਸੁਣਾ ਰਿਹਾ ਹੈ। ਉਹਨੂੰ ਠੀਕ ਤਰ੍ਹਾਂ ਸੁਣ ਸਕੀਏ। ਠਾਕੁਰ ਸਾਹਿਬ ਅੰਗਰੇਜ਼ੀ ਬਿਲਕੁਲ ਨਹੀਂ ਜਾਣਦੇ ਸਨ। ਇਸ ਕਰਕੇ ਜੱਜ ਨੇ ਜਿਹੜੀ ਅੰਗਰੇਜ਼ੀ ਵਿਚ 'ਫਾਈਵ ਯੀਅਰ', 'ਫਾਈਵ ਯੀਅਰ' ਕਿਹਾ, ਉਹ ਉਨ੍ਹਾਂ ਹਿਸਾ ਤਾਂ ਸਮਝ ਗਏ, ਪਰ ਬਾਅਦ ਦੀ ਅੰਗਰੇਜ਼ੀ ਉਹਦੇ ਸਮਝ ਵਿਚ ਨਹੀਂ ਆਈ। ਦੁਬਲਿਸ ਜੀ ਉਨ੍ਹਾਂ ਦੇ ਕੋਲ ਹੀ ਖਲੋਤੇ ਸਨ। ਉਨ੍ਹਾਂ ਤੋਂ ਰੌਸ਼ਨ ਸਿੰਘ ਨੇ ਪੁੱਛਿਆ, "ਜਜਵਾ ਯੇ ਬਾਦ ਮੇਂ ਕਾ ਬਕਰ ਬਕਰ ਕਰ ਗਵਾ?"

ਦੁਬਲਿਸ ਜੀ ਨੇ ਆਪਣਾ ਸੱਜਾ ਹੱਥ ਉਨ੍ਹਾਂ ਦੇ ਲੱਕ ਦੁਆਲੇ ਪਾ ਕੇ ਜੱਫੀ 'ਚ ਲੈਂਦਿਆਂ ਕਿਹਾ, "ਠਾਕੁਰ ਸਾਹਿਬ! ਜੱਜ ਨੇ ਤੁਹਾਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ।" ਐਨਾ ਸੁਣਦਿਆਂ ਹੀ ਠਾਕੁਰ ਸਾਹਿਬ ਦਾ ਚਿਹਰਾ ਐਊ ਖਿੜ ਗਿਆ ਜਿਵੇਂ ਗੁਲਾਬ ਦਾ ਫੁੱਲ। ਉਹ ਤੁਰੰਤ ਪੰਡਿਤ ਰਾਮ ਪ੍ਰਸਾਦਿ ਬਿਸਮਿਲ ਦੇ ਵੱਲ ਘੁੰਮਕੇ ਕਹਿਣ ਲੱਗੇ, "ਕਿਉਂ ਪੰਡਿਤ ਜੀ! ਇਕੱਲਿਆਂ ਜਾਣਾ ਚਾਹੁੰਦੇ ਸੋ?" ਠਾਕੁਰ ਸਾਹਿਬ ਦਾ ਇਹ ਵਿਉਪਹਾਰ ਵੇਖ ਕੇ ਸਾਰੇ ਹੱਕੇ ਬੱਕੇ ਰਹਿ ਗਏ।

ਸਜ਼ਾ ਸੁਣਾ ਕੇ ਜੱਜ ਚਲਾ ਗਿਆ। ਪੁਲਿਸ ਵਾਲਿਆਂ ਨੇ ਫਾਂਸੀ ਦੀ ਸਜ਼ਾ ਪਾਉਣ ਵਾਲੇ ਤਿੰਨਾਂ ਸਾਥੀਆਂ ਨੂੰ ਸਭ ਤੋਂ ਪਹਿਲਾਂ ਲਿਜਾਣ ਦੀ ਕਾਹਲੀ ਵਿਖਾਈ ਪ੍ਰੰਤੂ ਉਹਨਾਂ ਨੂੰ ਅਸੀਂ ਸਾਰਿਆਂ ਨੇ ਇਉਂ ਨਾ ਕਰਨ ਨੂੰ ਇਹ ਕਹਿ ਕੇ ਰੋਕਿਆ ਕਿ, "ਸਾਨੂੰ ਉਨ੍ਹਾਂ ਨੂੰ ਆਖਰੀ ਵਾਰੀ ਮਿਲ ਲੈਣ ਦਿਓ, ਹੁਣ ਤਾਂ ਇਸ ਜ਼ਿੰਦਗੀ 'ਚ ਮਿਲ ਸਕਣਾ ਮੁਸ਼ਕਿਲ ਹੈ।" ਇਹ ਸੁਣਕੇ ਸਿਪਾਹੀ ਰੁਕ ਗਏ। ਸਭ ਤੋਂ ਪਹਿਲਾਂ ਮੈਂ ਆਪਣੀ ਜੇਬ ਵਿਚੋਂ ਜੇਲ੍ਹ ਤੋਂ ਲਿਆਂਦੇ ਹੋਏ ਫੁੱਲ ਕੱਢੇ ਅਤੇ ਉਨ੍ਹਾਂ ਨੂੰ ਪੰਡਿਤ ਰਾਮ ਪ੍ਰਸ਼ਾਦ ਬਿਸਮਿਲ ਰਾਜਿੰਦਰ ਨਾਥ ਲਹਿੜੀ ਅਤੇ ਠਾਕੁਰ ਰੌਸ਼ਨ ਸਿੰਘ ਦੇ ਚਰਨਾਂ ਵਿਚ ਰੱਖ ਕੇ ਪ੍ਰਣਾਮ ਕੀਤਾ। ਉਨ੍ਹਾਂ ਤਿੰਨਾਂ ਨੇ ਮੈਨੂੰ ਘੁੱਟ ਕੇ ਗਲੇ ਨਾਲ ਲਾ ਲਿਆ। ਗਲਵਕੜੀ ਲੈਂਦਿਆਂ ਤੇ ਜੱਫੀ ਪਾਉਂਦਿਆਂ ਪੰਡਿਤ ਜੀ ਨੇ ਕਿਹਾ ਕਿ, "ਖੱਤਰੀ ਭਰਾ, ਤੇਰੇ ਇਸ ਅਟੁੱਟ ਪ੍ਰੇਮ ਭਰੇ ਵਿਉਹਾਰ ਨੂੰ ਫਾਂਸੀ ਉਤੇ ਚੜ੍ਹਨ ਸਮੇਂ ਤਕ ਯਾਦ ਰੱਖਾਂਗਾ।" ਉਸ ਤੋਂ ਪਿਛੋਂ ਸਾਰੇਸਾਥੀਆਂ ਨੇ ਮੇਰੇ ਕੋਲੋਂ ਬਚੇ ਹੋਏ ਫੁੱਲ ਲੈ ਕੇ ਆਪਸ ਵਿਚ ਵੰਡ ਲਏ ਅਤੇ ਇਕ ਇਕ ਕਰਕੇ ਸਾਰਿਆਂ ਨੇ ਆਪਣੇ ਵਿਛੜਣ ਵਾਲੇ ਤਿੰਨਾਂ ਸਾਥੀਆਂ ਨੂੰ ਪ੍ਰਣਾਮ ਕਰਕੇ ਉਨ੍ਹਾਂ ਦੇ ਚਰਨਾਂ ਵਿਚ ਫੁੱਲ ਚੜ੍ਹਾਏ। ਲੰਬੀ ਜੁਦਾਈ ਜਾਂ ਅੰਤਿਮ ਜੁਦਾਈ ਦੇ ਇਨ੍ਹਾਂ ਪਲਾਂ ਵਿਚ ਉਮਰ ਅਤੇ ਅਹੁਦੇ ਦੀਆਂ ਸਾਰੀਆਂ ਕੰਧਾਂ ਢਹਿ ਗਈਆਂ। ਛੋਟੇ ਵੱਡੇ ਦਾ ਵਿਚਾਰ ਤੇ ਫਰਕ ਅਲੋਪ ਹੋ ਗਿਆ। ਸਚਿੰਦਰ ਦਾਦਾ, ਕਰਦਾਦਾ ਅਤੇ ਸੁਰੇਸ਼ ਦਾਦਾ (ਸਚਿੰਦਰ ਨਾਥ ਸਨਿਆਲ, ਗੋਵਿੰਦਚਰਨ ਕਰ, ਸੁਰੇਸ਼ ਚੰਦਰ ਭੱਟਾਚਾਰੀਆ) ਵਰਗੇ ਤਜਰਬੇਕਾਰ ਅਤੇ ਵਡੇਰੇ ਸਾਥੀਆਂ ਨੇ ਵੀ ਭਾਵਭਿੰਨੇ ਮਨ ਨਾਲ ਉਨ੍ਹਾਂ ਤਿੰਨਾਂ ਮਹਾਨ ਸ਼ਖਸੀਅਤਾਂ ਦੇ ਚਰਨ ਛੂਹੇ ਸਨ।

935-443-0211

# ਮਈ ਦਿਵਸ ਦੀ ਸੰਗਰਾਮੀ ਵਿਰਾਸਤ

(ਸਫ਼ਾ 1 ਦੀ ਬਾਕੀ)



ਨੇ ਮਜ਼ਦੂਰ ਜਮਾਤ ਦੀ ਇਨਕਲਾਬੀ ਪੇਸ਼ਕਦਮੀਂ ਨੂੰ ਰੋਕਣ ਲਈ ਕਈ ਆਰਥਕ ਰਿਆਇਤਾਂ ਤੇ ਸਿਆਸੀ ਹੱਕ ਦੇ ਦਿੱਤੇ। ਪਰ ਕੌਮਾਂਤਰੀ ਕਮਿਊਨਿਸਟ ਲਹਿਰ ਆਪਣੀਆਂ ਅੰਦਰੂਨੀ ਕਮਜ਼ੋਰੀਆਂ ਕਾਰਨ ਸਰਮਾਏਦਾਰੀ ਰਾਜ ਨੂੰ ਖ਼ਤਮ ਕਰਕੇ ਬਹੁਤ ਸਾਰੇ ਮੁਲਕਾਂ ਵਿਚ ਸਮਾਜਵਾਦੀ ਰਾਜਾਂ ਦੀ ਉਸਾਰੀ ਦੇ ਅਮਲ ਨੂੰ ਬਰਕਰਾਰ ਨਾ ਰੱਖ ਸਕੀ। ਸੋਵੀਅਤ ਯੂਨੀਅਨ ਤੋਂ ਸ਼ੁਰੂ ਹੋ ਕੇ ਸਮਾਜਵਾਦੀ ਰਾਜ ਵਾਲੇ ਮੁਲਕਾਂ ਵਿਚ ਸਰਮਾਏਦਾਰੀ ਦੀ ਮੁੜ-ਬਹਾਲੀ ਤੇ ਸਮਾਜਵਾਦ ਨੂੰ ਪਛਾੜਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਓੜਕ ਸਮਾਜਵਾਦੀ ਕੈਂਪ ਟੁੱਟ ਗਿਆ ਅਤੇ ਇਕ-ਇਕ ਕਰਕੇ ਮਜ਼ਦੂਰ ਜਮਾਤ ਦੇ ਰਾਜ ਖ਼ਤਮ ਹੋ ਗਏ।

ਇਸ ਪਛਾੜ ਨੇ ਸਰਮਾਏਦਾਰੀ ਜਮਾਤ ਲਈ ਵਿਗਿਆਨਕ ਸਮਾਜਵਾਦੀ ਇਨਕਲਾਬ ਅਤੇ ਕਮਿਊਨਿਸਟ ਵਿਚਾਰਧਾਰਾ ਉੱਪਰ ਵਿਚਾਰਧਾਰਕ ਹਮਲਾ ਤੇਜ਼ ਕਰਨ ਦਾ ਰਾਹ ਸਾਫ਼ ਕਰ ਦਿੱਤਾ। 'ਸਰਮਾਏਦਾਰੀ ਦਾ ਕੋਈ ਬਦਲ ਨਹੀਂ' ਦੀ ਪਿਛਾਖੜੀ ਸੁਰ ਦਾ ਚਾਰ-ਚੁਫੇਰੇ ਬੋਲਬਾਲਾ ਹੋ ਗਿਆ। ਇਕ ਪਾਸੇ, ਅਮਰੀਕਣ ਸਾਮਰਾਜਵਾਦ ਦੀ ਅਗਵਾਈ ਹੇਠ ਪੂਰੇ ਸਿਲਸਿਲੇਵਾਰ ਤਰੀਕੇ ਨਾਲ ਆਰਥਕ ਢਾਂਚਾ-ਢਲਾਈ ਭਾਵ ਬੇਲਗਾਮ ਖੁੱਲ੍ਹੀ ਮੰਡੀ ਆਰਥਿਕਤਾ ਦਾ ਮਾਡਲ ਵੱਖ-ਵੱਖ ਮੁਲਕਾਂ ਉੱਪਰ ਥੋਪਿਆ ਗਿਆ। ਅਤੇ ਦੂਜੇ ਪਾਸੇ ਪੂਰੀ ਦੁਨੀਆ ਵਿਚ ਮਜ਼ਦੂਰ ਜਮਾਤ ਵਲੋਂ ਲਹੂ ਡੋਲ੍ਹਕੇ ਹਾਸਲ ਕੀਤੀਆਂ ਜਿੱਤਾਂ ਉੱਪਰ ਤਿੱਖੇ ਹਮਲੇ ਸ਼ੁਰੂ ਹੋ ਗਏ। ਟਰੇਡ ਯੂਨੀਅਨ ਅਧਿਕਾਰਾਂ, ਕਿਰਤ ਕਾਨੂੰਨਾਂ ਤੋਂ ਲੈਕੇ ਸੀਮਤ ਆਰਥਕ ਲਾਭਾਂ ਤਕ ਜੋ ਵੀ ਸੀਮਤ ਰਿਆਇਤਾਂ, ਸਮਾਜਿਕ ਸੁਰੱਖਿਆ ਲਾਭ ਤੇ ਹੋਰ ਹੱਕ ਜਿੱਤੇ ਗਏ ਸਨ ਉਨ੍ਹਾਂ ਵਿਚ ਕਟੌਤੀਆਂ, ਅਧਿਕਾਰਾਂ ਨੂੰ ਖ਼ੋਰਾ ਲਾਉਣ ਲਈ ਹਮਲੇ ਅਤੇ ਕਿਰਤ ਤੇ ਟਰੇਡ ਯੂਨੀਅਨ ਕਾਨੂੰਨਾਂ ਵਿਚ ਮਜ਼ਦੂਰ ਵਿਰੋਧੀ ਰੱਦੋਬਦਲ ਇਸ ਕਦਰ ਕੀਤੇ ਗਏ ਕਿ ਸਰਮਾਏਦਾਰੀ ਨੂੰ ਮਨਮਾਨੀਆਂ ਕਰਨ ਦੀ ਪੂਰੀ ਖੁੱਲ੍ਹ ਦੇ ਦਿੱਤੀ ਗਈ। ਮਜ਼ਦੂਰ ਜਮਾਤ ਲਹਿਰ ਵਿਚ ਆਰਥਕਵਾਦ-ਸੁਧਾਰਵਾਦ ਭਾਰੂ ਹੋਣ ਕਾਰਨ ਅਤੇ ਇਨਕਲਾਬੀ ਟਰੇਡ ਯੂਨੀਅਨ ਧਿਰ ਬਹੁਤ ਹੀ ਕਮਜ਼ੋਰ ਹੋਣ ਕਾਰਨ ਸਰਮਾਏਦਾਰੀ ਦੇ ਇਸ ਚੌਤਰਫ਼ੇ ਹਮਲੇ ਨੂੰ ਕਿਸੇ ਅਸਰਦਾਰ ਚੁਣੌਤੀ ਦਾ ਸਾਹਮਣਾ ਨਹੀਂ ਕਰਨਾ ਪਿਆ।

ਇਸ ਕਮਜ਼ੋਰੀ ਦੇ ਬਾਵਜੂਦ, ਪਿਛਲੇ ਸਾਲਾਂ 'ਚ ਸੰਸਾਰ ਸਰਮਾਏਦਾਰੀ ਪ੍ਰਬੰਧ ਨੂੰ ਜਿਸ ਤਰ੍ਹਾਂ ਦੇ ਡੂੰਘੇ ਆਰਥਕ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ, ਅਤੇ ਜਿਸ ਜਮਾਂਦਰੂ ਰੋਗ ਦਾ ਇਸ ਕੋਲ ਕੋਈ ਪੱਕਾ ਹੱਲ ਨਹੀਂ ਹੈ, ਉਸਨੇ ਸਰਮਾਏਦਾਰੀ ਪ੍ਰਬੰਧ ਦੀ ਸਥਿਰਤਾ ਅਤੇ ਸਦੀਵੀਪਣ ਦੇ ਦਾਅਵਿਆਂ ਦਾ ਖੋਖਲਾਪਣ ਬੁਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ। ਸਾਬਕਾ ਸਮਾਜਵਾਦੀ ਰਾਜਾਂ ਦੀਆਂ 'ਬੁਰਾਈਆਂ' ਬਾਰੇ ਧੂੰਆਂਧਾਰ ਭੰਡੀ ਮੁਹਿੰਮ ਚਲਾਕੇ ਇਨ੍ਹਾਂ ਮੁਲਕਾਂ ਦੇ ਅਵਾਮ ਨੂੰ ਸਰਮਾਏਦਾਰੀ ਦੇ ਮੁਰੀਦ ਬਣਾਕੇ ਪੇਸ਼ ਕਰਨ ਦਾ ਜੋ ਪ੍ਰਚਾਰ ਗ਼ੁਬਾਰਾ ਫੈਲਾਇਆ ਗਿਆ ਸੀ ਉਸਦੀ ਫੂਕ ਬੁਰੀ ਤਰ੍ਹਾਂ ਨਿਕਲ ਚੁੱਕੀ ਹੈ। ਆਪਣੇ ਸੰਕਟ ਦਾ ਬੋਝ ਵਿਤੀ ਸੰਜਮ ਦੀ ਨੀਤੀਆਂ ਰਾਹੀਂ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਉੱਪਰ ਵੱਧ ਤੋਂ ਵੱਧ ਲੱਦਦੇ ਜਾਣ ਦੀ ਸਰਮਾਏਦਾਰੀ ਪ੍ਰਬੰਧ ਦੀ ਧੁੱਸ ਨੇ ਸਰਮਾਏਦਾਰੀ ਦੇ ਗੜ੍ਹ ਮੁਲਕਾਂ ਅੰਦਰ ਡੂੰਘੀ ਲੋਕ-ਬੇਚੈਨੀ ਨੂੰ ਜਨਮ ਦਿੱਤਾ ਹੈ। 'ਆਕੂਪਾਈ ਵਾਲ ਸਟਰੀਟ' ਅੰਦੋਲਨ ਰਾਹੀਂ ਅਮਰੀਕਾ ਵਿਚ ਲੋਕ ਬੇਚੈਨੀ ਦਾ ਤਿੱਖਾ ਇਜ਼ਹਾਰ ਸਾਹਮਣੇ ਆ ਚੁੱਕਾ ਹੈ। ਗਰੀਸ, ਸਪੇਨ ਅਤੇ ਪੁਰਤਗਾਲ ਦਾ ਆਰਥਕ ਦੀਵਾਲੀਆਪਣ ਲਾਇਲਾਜ ਹੱਦ ਤਕ ਪਹੁੰਚ ਚੁੱਕਾ ਹੈ। ਫਰਾਂਸ ਵਿਚ 9 ਮਾਰਚ ਤੋਂ ਸ਼ੁਰੂ ਹੋਏ ਲਗਾਤਾਰ ਅੰਦੋਲਨ ਵਿਚ 31 ਮਾਰਚ ਨੂੰ 200 ਤੋਂ ਵੱਧ ਵਿਰੋਧ-ਪ੍ਰਦਰਸ਼ਨ ਹੋਏ ਜਿਨ੍ਹਾਂ ਵਿਚ ਲੱਖਾਂ ਲੋਕ 'ਅੱਪ ਆਲ ਨਾਈਟ' ਦੇ ਸੱਦੇ ਤਹਿਤ ਸੜਕਾਂ 'ਤੇ ਆ ਨਿਕਲੇ, ਟਰੇਡ ਯੂਨੀਅਨਾਂ ਅਤੇ ਵਿਦਿਆਰਥੀ ਜਥੇਬੰਦੀਆਂ ਦੇ ਅਨੁਸਾਰ ਇਹ ਤਾਦਾਦ 12 ਲੱਖ ਦੇ ਕਰੀਬ ਸੀ। ਰਾਜਧਾਨੀ ਪੈਰਿਸ ਵਿਚ ਇਕ ਲੱਖ ਸੱਠ ਹਜ਼ਾਰ ਲੋਕਾਂ ਨੇ ਪੁਰਜੋਸ਼ ਮੁਜ਼ਾਹਰਾ ਕੀਤਾ। ਹੜਤਾਲ ਐਨੀ ਜ਼ਬਰਦਸਤ ਸੀ ਕਿ ਪੈਰਿਸ ਦੇ ਹਵਾਈ ਅੱਡੇ ਤੋਂ 20% ਉਡਾਣਾਂ ਰੱਦ ਕਰਨੀਆਂ ਪੈ ਗਈਆਂ। ਹਰ ਰਾਤ ਨੂੰ ਇਕ ਹਜ਼ਾਰ ਤੋਂ ਉੱਪਰ ਲੋਕ ਪੈਰਿਸ ਦੇ ਪਲੇਸ ਡੀ ਲਾ ਰਿਪਬਲਿਕ ਚੌਕ ਵਿਚ ਇਕੱਠੇ ਹੋਕੇ ਅਜੋਕੇ ਆਲਮੀ ਆਰਥਕ ਪ੍ਰਬੰਧ ਵਿਚ ਅਹਿਮ ਸੁਧਾਰਾਂ ਦੀ ਮੰਗ ਕਰਦੇ ਹਨ। ਫਰਾਂਸ ਦੇ ਕਿਰਤ ਮੰਤਰਾਲੇ ਅਨੁਸਾਰ ਮਾਰਚ ਵਿਚ ਬੇਰੋਜ਼ਗਾਰੀ 36 ਲੱਖ ਦੇ ਰਿਕਾਰਡ-ਤੋੜ ਅੰਕੜੇ ਤਕ ਪਹੁੰਚ ਚੁੱਕੀ ਹੈ। ਹੌਲੈਂਡੇ ਦੀ 'ਸੋਸ਼ਲਿਸਟ' ਸਰਕਾਰ ਇਸ ਉੱਪਰ ਕਾਬੂ ਪਾਉਣ ਦੇ ਨਾਂ ਹੇਠ ਕਿਰਤ ਕਾਨੂੰਨਾਂ ਨੂੰ ਕਮਜ਼ੋਰ ਕਰਕੇ ਸਰਮਾਏਦਾਰੀ ਜਮਾਤ ਦੇ ਹੱਥ ਮਜ਼ਬੂਤ ਕਰਨਾ ਚਾਹੁੰਦੀ ਹੈ ਜਿਸਦਾ ਲੋਕ ਤਿੱਖਾ ਵਿਰੋਧ ਕਰ ਰਹੇ ਹਨ ਜਿਸ ਦੇ ਨਤੀਜੇ ਵਜੋਂ ਪੁਲਿਸ ਨਾਲ ਹਿੰਸਕ ਝੜਪਾਂ ਹੋ ਰਹੀਆਂ ਹਨ। ਗ਼ੌਰਤਲਬ ਹੈ ਕਿ ਇਸ "ਟਾਕਰੇ" ਵਿਚ ਅੱਲ੍ਹੜ ਉਮਰ ਦੇ ਨੌਜਵਾਨ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਜੋਸ਼ੋ-ਖ਼ਰੋਸ਼ ਨਾਲ ਸ਼ਾਮਲ ਹੋ ਰਹੇ ਹਨ ਅਤੇ ਪਹਿਲੀ ਮਈ ਨੂੰ ਸਰਕਾਰੀ ਬਿੱਲ ਦਾ ਹੋਰ ਵੀ ਵਿਆਪਕ ਵਿਰੋਧ ਹੋਣ ਦੀ ਸੰਭਾਵਨਾ ਹੈ। ਚਾਹੇ ਵਿਕਸਤ ਪੱਛਮੀ ਮੁਲਕ ਹਨ ਜਾਂ ਤੀਜੀ ਦੁਨੀਆ ਦੇ "ਵਿਕਾਸਸ਼ੀਲ" ਮੁਲਕ, ਉੱਥੋਂ ਦੇ ਸਰਮਾਏਦਾਰੀ ਨਿਜ਼ਾਮ ਆਮ ਲੋਕਾਂ ਦੀ ਲੁੱਟਖਸੁੱਟ ਨੂੰ ਬੇਤਹਾਸ਼ਾ ਵਧਾਕੇ ਅਤੇ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਲਈ ਬਜਟਾਂ ਵਿਚ ਤਿੱਖੀਆਂ ਕਟੌਤੀਆਂ ਕਰਕੇ ਮਿਹਨਤਕਸ਼ ਲੋਕਾਂ ਦਾ ਜਿਊਣਾ ਹੋਰ ਦੁੱਭਰ ਕਰ ਰਹੇ ਹਨ ਅਤੇ ਉਨ੍ਹਾਂ ਅੰਦਰ ਸਰਮਾਏਦਾਰੀ ਦੀ ਸਥਿਰਤਾ ਬਾਰੇ ਬੇਭਰੋਸੀ ਨੂੰ ਵਧਾ ਰਹੇ ਹਨ।

ਸਾਡੇ ਆਪਣੇ ਮੁਲਕ ਵਿਚ 1991 ਤੋਂ ਲੈਕੇ ਮਨਮੋਹਣ ਸਿੰਘ ਦੀ ਅਗਵਾਈ ਹੇਠ ਸ਼ੁਰੂ ਕੀਤੇ ਗਏ ਢਾਂਚਾ-ਢਲਾਈ ਦੇ ਆਰਥਕ ਮਾਡਲ ਨੇ ਜਿਥੇ ਮੁਲਕ ਦੇ ਆਰਥਕ ਵਸੀਲਿਆਂ ਦੀ ਹੋਰ ਵੀ ਬੇਰੋਕ-ਟੋਕ ਅਤੇ ਹੋਰ ਵੀ ਵਧੇਰੇ ਬੇਤਹਾਸ਼ਾ ਲੁੱਟਮਾਰ ਦਾ ਰਾਹ ਖੋਲ੍ਹ ਦਿੱਤਾ ਉੱਥੇ ਸਮੂਹ ਮਿਹਨਤਕਸ਼ ਅਵਾਮ ਸਮੇਤ ਮਜ਼ਦੂਰ ਜਮਾਤ ਦੇ ਹਿੱਤਾਂ ਅਤੇ ਹੱਕਾਂ ਉੱਪਰ ਨਵੀਂ ਤਰ੍ਹਾਂ ਦੇ 'ਨਵਉਦਾਰਵਾਦੀ' ਹਮਲੇ ਸ਼ੁਰੂ ਹੋ ਗਏ। ਜਿਨ੍ਹਾਂ ਨੂੰ ਹੁਣ ਕਾਰਪੋਰੇਟ ਸਰਮਾਏਦਾਰੀ ਦੀ ਬਹੁਤ ਹੀ ਚਹੇਤੀ, ਮੋਦੀ ਸਰਕਾਰ ਆਰਥਕ ਸੁਧਾਰਾਂ ਦੇ ਅਗਲੇ ਦੌਰ ਦੇ ਨਾਂ ਹੇਠ ਬੇਮਿਸਾਲ ਤੇਜ਼ੀ ਨਾਲ ਲਾਗੂ ਕਰਨ ਵਿਚ ਜੁਟੀ ਹੋਈ ਹੈ। ਗੁਜਰਾਤ ਮਾਡਲ ਦੇ 'ਵਿਕਾਸ' ਦੇ ਤਜਰਬੇ ਨੂੰ ਪੂਰੇ ਮੁਲਕ ਉੱਪਰ ਧੜਾਧੜ ਲਾਗੂ ਕੀਤਾ ਜਾ ਰਿਹਾ ਹੈ। ਇਸ ਹਮਲੇ ਦੀ ਮੁੱਖ ਖ਼ਾਸੀਅਤ ਕਾਰਪੋਰੇਟ ਸਰਮਾਏਦਾਰੀ ਵਲੋਂ ਸਾਡੇ ਮੁਲਕ ਦੀ ਕਿਰਤ ਸ਼ਕਤੀ ਅਤੇ ਕੁਦਰਤੀ ਵਸੀਲਿਆਂ ਦੀ ਵੱਧ ਤੋਂ ਵੱਧ ਲੁੱਟਖਸੁੱਟ ਅਤੇ ਮਾਰਧਾੜ ਦਾ ਰਾਹ ਪੱਧਰਾ ਕਰਕੇ ਉਨ੍ਹਾਂ ਦੇ ਸੁਪਰ-ਮੁਨਾਫ਼ੇ ਯਕੀਨੀਂ ਬਣਾਉਣਾ ਹੈ। ਸੱਤਾਧਾਰੀ ਹੁੰਦੇ ਸਾਰ ਮੋਦੀ ਦੇ ਮੁੱਖ ਤਰਜ਼ੀਹੀ ਕੰਮਾਂ, ਜਾਂ ਜ਼ਿੰਮੇ ਲੱਗੇ ਫਰਜ਼ਾਂ, ਵਿੱਚੋਂ ਇਕ ਸੀ ਕਿਰਤ ਕਾਨੂੰਨਾਂ ਵਿਚ ਮਜ਼ਦੂਰਾਂ ਦੇ ਹਿੱਤਾਂ ਅਤੇ ਟਰੇਡ ਯੂਨੀਅਨ ਹੱਕਾਂ ਦਾ ਵਢਾਂਗਾ ਕਰਨ ਵਾਲੀਆਂ ਸੋਧਾਂ ਕਰਨਾ। ਜਿਸਨੂੰ ਇਸਨੇ ਬਾਖ਼ੂਬੀ ਅੰਜਾਮ ਦਿੱਤਾ ਹੈ। ਇਸਦੇ ਨਤੀਜੇ ਵਜੋਂ, ਕਿਰਤੀਆਂ ਦੀ ਅਸੁਰੱਖਿਆ ਅਤੇ ਸਰਮਾਏਦਾਰੀ ਦੀਆਂ ਮਨਮਾਨੀਆਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ ਜੋ ਆਉਣ ਵਾਲੇ ਦਿਨਾਂ ਵਿਚ ਹੋਰ ਵੀ ਵਿਕਰਾਲ ਰੂਪ ਵਿਚ ਸਾਹਮਣੇ ਆਵੇਗਾ। ਗੁੜਗਾਓਂ-ਮਾਨੇਸਰ ਦੇ ਸਨਅਤੀ ਖੇਤਰ ਵਿਚ ਰਾਜ-ਮਸ਼ੀਨਰੀ ਦੇ ਸਰਗਰਮ ਸਹਿਯੋਗ ਨਾਲ ਕਾਰਪੋਰੇਟ ਸਰਮਾਏਦਾਰੀ ਵਲੋਂ ਨਪੀੜੀ ਤੇ ਨਿਚੋੜੀ ਜਾ ਰਹੀ ਮਜ਼ਦੂਰ ਜਮਾਤ ਦੀ ਦਰਦਨਾਕ ਹਾਲਤ ਨਮੂਨੇ ਦੀ ਮਿਸਾਲ ਪੇਸ਼ ਕਰਦੀ ਹੈ ਕਿ 'ਮੇਕ ਇਨ ਇੰਡੀਆ' ਤਹਿਤ ਉਸਾਰੀਆਂ ਜਾ ਰਹੀਆਂ ਸਨਅਤੀ ਪੱਟੀਆਂ ਵਿਚ ਮਜ਼ਦੂਰਾਂ ਦੇ ਕੰਮ ਦੇ ਹਾਲਾਤ ਕਿਸ ਤਰ੍ਹਾਂ ਦੇ ਅਸੁਰੱਖਿਅਤ ਹੋਣਗੇ।

ਹਾਲ ਹੀ ਵਿਚ ਲੇਵਾਦਾ ਸੈਂਟਰ ਵਲੋਂ ਇਕ ਕਰਵਾਏ ਗਏ ਇਕ ਸਰਵੇਖਣ ਵਿਚ 50 ਫ਼ੀਸਦੀ ਤੋਂ ਵੱਧ ਰੂਸੀ ਲੋਕਾਂ ਨੇ ਸਮਾਜਵਾਦੀ ਪ੍ਰਬੰਧ ਅਤੇ ਸੋਵੀਅਤ ਯੂਨੀਅਨ ਨੂੰ ਦੁਬਾਰਾ ਲਿਆਉਣ ਦੇ ਹੱਕ ਵਿਚ ਰਾਇ ਦਿੱਤੀ ਹੈ। ਸੰਨ 2000 ਤੋਂ ਲੈਕੇ ਰੂਸੀ ਲੋਕਾਂ ਵਿਚ ਸੋਵੀਅਤ ਯੂਨੀਅਨ ਦੇ ਟੁੱਟਣ ਦਾ ਹੇਰਵਾ ਉੱਭਰਕੇ ਸਾਹਮਣੇ ਆਇਆ ਹੈ। ਇਹ ਲੋਕ ਰਾਇ ਦਰਅਸਲ ਉਥੇ ਸਮਾਜਵਾਦ ਦੇ ਪਰਦੇ ਹੇਠ ਸਰਮਾਏਦਾਰੀ ਦੀ ਮੁੜ-ਬਹਾਲੀ ਦੇ ਪ੍ਰਬੰਧ ਦੇ ਹੱਕ 'ਚ ਨਹੀਂ ਸਗੋਂ ਸੱਚੇ ਸਮਾਜਵਾਦ ਪ੍ਰਤੀ ਲੋਕਾਂ ਦੀ ਤਾਂਘ ਦਾ ਇਜ਼ਹਾਰ ਹੈ। ਦੁਨੀਆ ਦੇ ਵੱਖ-ਵੱਖ ਮੁਲਕਾਂ ਅਤੇ ਸਾਡੇ ਆਪਣੇ ਮੁਲਕ ਵਿਚ ਬਣ ਚੁੱਕੇ ਹਾਲਾਤ ਨੇ ਅੱਜ ਸਾਡੇ ਲਈ ਉਸ ਸੰਘਰਸ਼ ਦੀ ਅਹਿਮੀਅਤ ਹੋਰ ਵੀ ਵਧਾ ਦਿੱਤੀ ਹੈ ਜੋ 119 ਵਰ੍ਹੇ ਪਹਿਲਾਂ ਸ਼ਿਕਾਗੋ ਦੇ ਮਜ਼ਦੂਰਾਂ ਨੇ ਲੜਿਆ ਸੀ। ਮਜ਼ਦੂਰ ਜਮਾਤ ਦੇ ਸੰਘਰਸ਼ਾਂ ਨੂੰ ਆਰਥਕਵਾਦ-ਸੁਧਾਰਵਾਦ ਦੇ ਘਾਤਕ ਪ੍ਰਭਾਵ ਹੇਠੋਂ ਕੱਢਕੇ ਇਸ ਇਨਕਲਾਬੀ ਸਿਆਸੀ ਸੂਝ ਨਾਲ ਲੈਸ ਕਰਨਾ ਹੋਵੇਗਾ ਕਿ ਇਸ ਮਨੁੱਖਤਾ ਵਿਰੋਧੀ ਪ੍ਰਬੰਧ ਦੇ ਖ਼ਾਤਮੇ ਲਈ ਇਨਕਲਾਬੀ ਜਮਾਤੀ ਸੰਗਰਾਮ ਵਿਚ ਮੁਹਰੈਲ ਭੂਮਿਕਾ ਨਿਭਾਉਣ ਜ਼ਰੀਏ ਹੀ ਉਸ ਉਜ਼ਰਤੀ ਗ਼ੁਲਾਮੀ ਦਾ ਖ਼ਾਤਮਾ ਸੰਭਵ ਹੈ ਜਿਸ ਵਿਚ ਮਜ਼ਦੂਰ ਜਮਾਤ ਨਪੀੜੀ ਅਤੇ ਲੁੱਟੀ ਜਾ ਰਹੀ ਹੈ। ਇਸ ਸੂਝ ਦਾ ਸੰਚਾਰ ਕਰਨਾ ਅੱਜ ਇਨਕਲਾਬੀ-ਜਮਹੂਰੀ ਲਹਿਰ ਦਾ ਸਭ ਤੋਂ ਅਹਿਮ ਕਾਰਜ ਹੈ। (**ਬਾਕੀ ਸਫ਼ਾ 14 'ਤੇ**)

**ਕੈਲਗਰੀ ਹਾਕਸ ਕਲੱਬ ਦੀ ਵਿੰਨੀਪੈਗ ਦੇ ਟੋਬਾ ਵਾਰੀਅਰਜ਼ ਕੱਪ 'ਚ ਖਿਤਾਬੀ ਜਿੱਤ**

# ਹਾਕਸ ਕਲੱਬ ਦੇ ਮਨਵੀਰ ਸਿੰਘ ਮਾਂਗਟ ਨੂੰ ਬਿਹਤਰੀਨ ਖਿਡਾਰੀ ਐਲਾਨਿਆ



**ਕੈਲਗਰੀ ਹਾਕਸ ਹਾਕੀ ਕਲੱਬ ਦੀਆਂ ਦੋਵੇਂ ਟੀਮਾਂ ਸੈਮੀਫਾਈਨਲ ਮੈਚ ਦੌਰਾਨ ।**

ਕੈਲਗਰੀ : ਕੈਲਗਰੀ ਹਾਕਸ ਕਲੱਬ ਨੇ ਵਿੰਨੀਪੈਗ ਵਿੱਚ ਹੋਏ ਟੋਬਾ ਵਾਰੀਅਰਜ਼ ਗੋਲਡ ਕੱਪ ਵਿੱਚ ਕਾਫੀ ਚੰਗਾ ਪ੍ਰਦਰਸ਼ਨ ਕੀਤਾ ਹੈ। 22 ਅਤੇ 23 ਅਪਰੈਲ ਨੂੰ ਹੋਏ ਇਸ ਟੂਰਨਾਮੈਂਟ ਵਿੱਚ ਭਾਗ ਲੈਣ ਲਈ ਇਸ ਕਲੱਬ ਦੀਆਂ ਦੋ ਟੀਮਾਂ ਗਈਆਂ ਸਨ। ਕੈਲਗਰੀ ਹਾਕਸ (ਬਲਿਊ) ਨੇ ਪਹਿਲਾ ਅਤੇ ਕੈਲਗਰੀ ਹਾਕਸ (ਰੈੱਡ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਟੀਮਾਂ ਦਾ ਕੈਲਗਰੀ ਪੁੱਜਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। 20 ਮਈ ਤੋਂ 22 ਮਈ ਤੱਕ ਹੋਣ ਵਾਲ਼ੇ 19ਵੇਂ ਹਾਕਸ ਫੀਲਡ ਹਾਕੀ ਟੂਰਨਾਮੈਂਟ ਦੀ ਤਿਆਰੀ ਵਿੱਚ ਇਹ ਪ੍ਰਦਰਸ਼ਨ ਨਵੀਂ ਰੂਹ ਫੂਕੇਗਾ।

ਇਸ ਟੂਰਨਾਮੈਂਟ ਵਿੱਚ ਕੈਨੇਡਾ ਦੀਆਂ ਅੱਠ ਹਾਕੀ ਕਲੱਬਾਂ ਨੇ ਭਾਗ ਲਿਆ ਲੀਗ ਦੇ ਮੈਚਾਂ ਤੋਂ ਬਾਅਦ ਸੁਰਜੀਤ ਕਲੱਬ ਲੋਪੋਂ, ਐਡਮਿੰਟਨ ਯੂਥ ਕਲੱਬ (ਵਾਈਟ), ਕੈਲਗਰੀ ਹਾਕਸ (ਬਲਿਊ) ਅਤੇ ਕੈਲਗਰੀ ਹਾਕਸ (ਰੈਡ) ਦੀਆਂ ਟੀਮਾਂ ਸੈਮੀਫਾਈਨਲ ਵਿੱਚ ਪੁੱਜੀਆਂ। ਪਹਿਲੇ ਸੈਮੀਫਾਈਨਲ ਮੈਚ ਵਿੱਚ ਕੁਲਜੀਤ ਸਿੱਧੂ ਦੇ ਤਿੰਨ ਗੋਲ਼ਾਂ ਸਦਕਾ ਐਡਮਿੰਟਨ ਦੀ ਟੀਮ ਨੇ ਸੁਰਜੀਤ ਕਲੱਬ ਲੋਪੋਂ ਦੀ ਟੀਮ ਨੂੰ 6–3 ਦੇ ਫਰਕ ਨਾਲ਼ ਹਰਾਇਆ। ਕੈਲਗਰੀ ਹਾਕਸ (ਬਲਿਊ) ਅਤੇ ਕੈਲਗਰੀ ਹਾਕਸ (ਰੈਡ) ਵਿਚਕਾਰ ਖੇਡਿਆ ਗਿਆ ਦੂਜਾ ਸੈਮੀਫਾਈਨਲ ਕਾਫੀ ਰੌਚਿਕ ਰਿਹਾ। ਮੈਚ ਦੇ ਨਿਰਧਾਰਿਤ ਸਮੇਂ ਤੱਕ ਗੋਲ ਰਹਿਤ ਬਰਾਬਰੀ ਤੋਂ ਬਾਅਦ ਟਾਈਬ੍ਰੇਕਰ ਦੌਰਾਨ ਕੈਲਗਰੀ ਹਾਕਸ (ਬਲਿਊ) ਦੀ ਟੀਮ 5–3 ਦੇ ਫਰਕ ਨਾਲ਼ ਜੇਤੂ ਰਹੀ।

ਫਾਈਨਲ ਮੈਚ ਦਾ ਪਹਿਲਾ ਅੱਧ ਬਿਨਾਂ ਕਿਸੇ ਗੋਲ ਦੇ ਬਰਾਬਰ ਰਿਹਾ। ਦੂਜੇ ਅੱਧ ਦੌਰਾਨ ਬਿਕਰਮਜੀਤ ਮਾਨ ਦੇ ਦੋ ਗੋਲ਼ਾਂ ਸਦਕਾ ਕੈਲਗਰੀ ਹਾਕਸ ਦੀ ਟੀਮ ਮੈਚ ਤੇ ਪਕੜ ਬਣਾਉਣ ਵਿੱਚ ਕਾਮਯਾਬ ਰਹੀ। ਐਡਮਿੰਟਨ ਵਲੋਂ ਕੁਲਜੀਤ ਸਿੱਧੂ ਨੇ ਮੈਚ ਦੇ ਆਖਰੀ ਮਿੰਟਾਂ ਵਿੱਚ ਇੱਕ ਗੋਲ਼ ਉਤਾਰਿਆ। ਵੱਖ–ਵੱਖ ਟੀਮਾਂ ਦੇ ਐਲਾਨੇ ਗਏ ਬਿਹਤਰੀਨ ਖਿਡਾਰੀਆਂ ਦੀ ਸੂਚੀ ਵਿੱਚ ਕੈਲਗਰੀ ਹਾਕਸ ਦੇ ਮਨਵੀਰ ਮਾਂਗਟ (ਰਾਮਪੁਰ) ਨੂੰ ਸ਼ਾਮਲ ਕੀਤਾ ਗਿਆ। ਮਨਵੀਰ ਨੇ ਇਸ ਪ੍ਰਾਪਤੀ ਦਾ ਸਿਹਰਾ ਇੰਗਲੈਂਡ ਅਤੇ ਭਾਰਤ ਵਸਦੇ ਆਪਣੇ ਦੋਸਤਾਂ ਤੋਂ ਇਲਾਵਾ ਖਾਲਸਾ ਹਾਕੀ ਕਲੱਬ ਦੇ ਸਾਰੇ ਮੈਬਰਾਂ ਨੂੰ ਦਿੱਤਾ ਹੈ। ਕੈਲਗਰੀ ਹਾਕਸ (ਬਲਿਊ) ਦੇ ਨੌਜਵਾਨ ਗੋਲਕੀਪਰ ਗੁਰਿੰਦਰ ਸਿੰਘ ਢਿਲੋਂ ਨੇ ਵੀ ਕਾਫੀ ਚੰਗੀ ਖੇਡ ਦਿਖਾਈ। ਜੇਤੂ ਟੀਮਾਂ ਨੂੰ ਟਰਾਫੀਆਂ ਤੋਂ ਇਲਾਵਾ ਨਕਦ ਇਨਾਮਾਂ ਨਾਲ਼ ਸਨਮਾਨਿਆ ਗਿਆ। ਜੇਤੂ ਰਹੀ ਕੈਲਗਰੀ ਹਾਕਸ (ਬਲਿਊ) ਦੀ ਟੀਮ ਵਿੱਚ ਕਿਰਪਾਲ ਸਿੱਧੂ, ਮਨਵੀਰ ਮਾਂਗਟ, ਬਿਕਰਮਜੀਤ ਮਾਨ, ਗੋਲਡੀ ਬਰਾੜ, ਸੁਖਦੀਪ ਗਿੱਲ ਮਾਣੂਕੇ, ਰਘਬੀਰ ਧਾਲੀਵਾਲ (ਮੱਖਣ), ਮਨਦੀਪ ਸਿੰਘ ਦੀਪੂ, ਹੈਪੀ ਮੱਦੋਕੇ, ਕਰਮਜੀਤ ਢੁੱਡੀਕੇ, ਗੁਰਿੰਦਰ ਸਿੰਘ ਢਿਲੋਂ (ਗੋਲ ਕੀਪਰ) ਨੇ ਇਸ ਟੂਰਨਾਮੈਂਟ ਵਿੱਚ ਭਾਗ ਲਿਆ। ਤੀਜੇ ਸਥਾਨ ਤੇ ਰਹੀ ਕੈਲਗਰੀ ਹਾਕਸ (ਰੈੱਡ) ਦੀ ਟੀਮ ਵਿੱਚ ਗੁਰਦੀਪ ਹਾਂਸ, ਸੁਖਦੀਪ ਬਾਰਦੇਕੇ, ਮਨਵੀਰ ਗਿੱਲ, ਕੰਵਰ ਪਨੂੰ, ਮਨਮੋਹਨ ਗਿੱਲ ਮਾਣੂਕੇ, ਦਲਜਿੰਦਰ ਹੈਪੀ ਹੋਠੀ, ਗੁਰਮੀਤ ਹਠੂਰ, ਮਨਵੀਰ ਗਰੇਵਾਲ (ਗੋਲਕੀਪਰ) ਖੇਡੇ। ਧੀਰਾ ਪਨੂੰ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਲਈ ਪੁੱਜੇ।














ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ

# ਸਕੂਲੀ ਵਿਦਿਆਰਥੀਆਂ ਦੇ ਮਾਪਿਆਂ ਦੀ ਸੰਸਥਾ ਵਲੋਂ ਸਕੂਲਾਂ ਵਿੱਚ ਇੱਕਸਾਰਤਾ ਦੀ ਪੈਰਵੀ













- ਮਾਸਟਰ ਭਜਨ -

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਕੋਸੋ ਹਾਲ ਵਿੱਚ ਹੋਈ ਅਪਰੈਲ ਮਹੀਨੇ ਦੀ ਮੀਟਿੰਗ ਵਿੱਚ ਵੱਖ-ਵੱਖ ਮੁੱਦਿਆਂ ਉਪਰ ਬੁਲਾਰਿਆਂ ਨੇ ਵਿਚਾਰ ਰੱਖੇ। ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਕੈਲਗਰੀ ਵਾਸੀਆਂ ਨੇ ਭਾਗ ਲਿਆ। ਕੈਲਗਰੀ ਦੇ ਸਕੂਲੀ ਵਿਦਿਆਰਥੀਆਂ ਦੇ ਮਾਪਿਆਂ ਦੁਆਰਾ ਬਣਾਈ ਗਈ ਸੰਸਥਾ ਸਪੋਰਟ ਅਵਰ ਸਟੂਡੈਂਟ (ਐਸ.ਓ.ਐਸ.) ਨੇ ਸਕੂਲਾਂ ਵਿੱਚ ਇਕਸਾਰਤਾ ਦੀ ਪੈਰਵੀ ਕੀਤੀ ਹੈ। ਇਸ ਸੰਸਥਾ ਦੀ ਆਗੂ ਬਾਰਬਰਾ ਸਿਲਵਾ ਨੇ ਵਿਚਾਰ ਪ੍ਰਗਟ ਕਰਦਿਆਂ ਸਕੂਲੀ ਬੱਚਿਆਂ ਦੀ ਬਿਹਤਰੀ ਲਈ ਉਹਨਾਂ ਦੀ ਸੰਸਥਾ ਵਲੋਂ ਕੀਤਾ ਜਾ ਰਹੇ ਕਾਰਜਾਂ ਬਾਰੇ ਦੱਸਿਆ।

ਬਾਰਬਰਾ ਸਿਲਵਾ ਨੇ ਦੱਸਿਆ ਕਿ ਪਿਛਲੇ ਸਾਲ ਐਸ. ਓ. ਐਸ ਸੰਸਥਾ ਦਾ ਗਠਨ ਕੀਤਾ ਗਿਆ ਸੀ। ਉਹਨਾਂ ਕਿਹਾ ਕਿ ਸੰਸਥਾ ਦੁਆਰਾ ਅਲਬਰਟਾ ਸਰਕਾਰ ਉਪਰ ਜ਼ੋਰ ਪਾਇਆ ਜਾ ਰਿਹਾ ਹੈ ਕਿ ਜਮਾਤਾਂ ਵਿੱਚ ਅਧਿਆਪਕ-ਵਿਦਿਆਰਥੀ ਅਨੁਪਾਤ ਦਾ ਪੱਧਰ ਢੁਕਵਾਂ ਰੱਖਿਆ ਜਾਵੇ ਤਾਂ ਕਿ ਸਿੱਖਿਆ ਦਾ ਮਿਆਰ ਬਣਿਆ ਰਹੇ। ਦੂਜੇ ਮੁੱਦੇ ਬਾਰੇ ਉਹਨਾਂ ਦੱਸਿਆ ਕਿ ਸਰਕਾਰ ਉਪਰ ਇਸ ਗੱਲ ਦਾ ਵੀ ਜ਼ੋਰ ਪਾਇਆ ਜਾ ਰਿਹਾ ਹੈ ਕਿ ਸਕੂਲਾਂ ਨੂੰ ਗਰਾਂਟਾਂ ਦੇਣ ਮੌਕੇ ਲੋਕਾਂ ਦੇ ਟੈਕਸ ਦਾ ਪੈਸਾ ਪਬਲਿਕ ਸਕੂਲਾਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇ। ਇਸ ਤੋਂ ਇਲਾਵਾ ਉਹਨਾਂ ਇਹ ਵੀ ਦੱਸਿਆ ਕਿ ਸਕੂਲਾਂ ਦੀ ਪੜ੍ਹਾਈ ਨੂੰ ਫੀਸ ਮੁਕਤ ਬਣਾਉਣ ਲਈ ਸਰਕਾਰ ਉਪਰ ਜ਼ੋਰ ਪਾਇਆ ਜਾ ਰਿਹਾ ਹੈ।

ਮਾਸਿਕ ਰਸਾਲੇ 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਪਰਹਾਰ ਨੇ ਮੀਡੀਆ ਵਿੱਚ ਛਪੀਆਂ ਖਬਰਾਂ ਦੇ ਹਵਾਲੇ ਨਾਲ ਭਾਰਤ ਵਿੱਚ ਵਾਪਰੀਆਂ ਘਟਨਾਵਾਂ ਬਾਰੇ ਵੇਰਵੇ ਦਿੱਤੇ। ਉਹਨਾਂ ਕਿਹਾ ਕਿ ਭਾਰਤ ਵਿੱਚ ਮੀਡੀਆ, ਮਨੁੱਖੀ ਅਧਿਕਾਰ ਸੰਗਠਨਾਂ, ਤਰਕਸ਼ੀਲਾਂ ਅਤੇ ਲੇਖਕਾਂ ਆਦਿ ਦੀ ਆਵਾਜ਼ ਨੂੰ 'ਦੇਸ਼ ਭਗਤੀ' ਅਤੇ 'ਰਾਸ਼ਟਰਵਾਦ' ਦੇ ਨਾਮ ਤੇ ਦਬਾਈ ਜਾ ਰਹੀ ਹੈ। ਸਰਕਾਰ ਦੁਆਰਾ ਇਹਨਾਂ ਲੋਕਾਂ ਉਪਰ ਝੂਠੇ ਕੇਸ ਪਾ ਕੇ ਜੇਲ੍ਹਾਂ ਵਿੱਚ ਡੱਕਣ ਅਤੇ ਕਤਲ ਕਰਨ ਦਾ ਆਮ ਵਰਤਾਰਾ ਬਣ ਚੁੱਕਿਆ ਹੈ। ਰੇਡੀਓ ਰੈਡ ਐਫ. ਐਮ. ਦੇ ਰਿਸ਼ੀ ਨਾਗਰ ਨੇ ਕੈਨੇਡਾ ਵਿਚਲੇ ਟੈਂਪਰੇਰੀ ਵਰਕਰਾਂ ਦੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ। ਉਹਨਾਂ ਕਿਹਾ ਕਿ ਦੁਨੀਆ ਦੇ ਵੱਖ-ਵੱਖ ਮੁਲਕਾਂ ਤੋਂ ਆਏ ਇਹ ਵਰਕਰ ਤੰਗੀਆਂ ਤੁਰਸ਼ੀਆਂ, ਜੋਖ਼ਮ ਭਰਿਆ ਅਤੇ ਵਿਤਕਰੇ ਭਰਿਆ ਜੀਵਨ ਬਤੀਤ ਕਰ ਰਹੇ ਹਨ। ਉਹਨਾਂ ਕਿਹਾ ਕਿ ਇਹਨਾਂ ਦੀਆਂ ਵੋਟਾਂ ਨਾ ਹੋਣ ਕਾਰਨ ਕੋਈ ਵੀ ਪਾਰਟੀ ਇਹਨਾਂ ਦੀ ਬਾਂਹ ਨਹੀਂ ਫੜ ਰਹੀ। ਕੈਨੇਡਾ ਰੈਵੀਨਿਊ ਏਜੰਸੀ ਵਲੋਂ ਕੈਨੇਡਾ ਦੀਆਂ ਵੱਡੀਆਂ ਕਾਰਪੋਰੇਸ਼ਨਾਂ ਦੇ ਬਿਲੀਅਨ ਡਾਲਰਾਂ ਦੇ ਮਾਫ ਕੀਤੇ ਗਏ ਟੈਕਸਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਹਨਾਂ ਕਿਹਾ ਕਿ ਇਹ ਪੈਸਾ ਬਜਟ ਘਾਟੇ, ਸਿਹਤ ਅਤੇ ਸਿੱਖਿਆ ਓਪਰ ਖਰਚ ਕਰ ਕੇ ਚੰਗੇ ਨਤੀਜੇ ਕੱਢੇ ਜਾ ਸਕਦੇ ਹਨ। ਸ੍ਰੀ ਨਾਗਰ ਨੇ ਇਸ ਗੱਲ ਤੇ ਦੁੱਖ ਪ੍ਰਗਟ ਕੀਤਾ ਕਿ ਨਾਇਜੀਰੀਆ ਵਿੱਚ ਬੋਕੋ ਹਰਾਮ ਵਲੋਂ ਸਕੂਲੀ ਬੱਚੀਆਂ ਨੂੰ ਅਗਵਾ ਕਰਕੇ ਉਹਨਾਂ ਨੂੰ ਕਤਲ ਕਰਨ, ਜ਼ੁਲਮ ਕਰਨ ਤੋਂ ਇਲਾਵਾ ਮਨੁੱਖੀ ਬੰਬ ਬਣਨ ਲਈ ਧਕੇਲਿਆ ਜਾ ਰਿਹਾ ਹੈ॥

ਹਰੀਪਾਲ ਵਲੋਂ ਵੱਡੀਆਂ ਸਰਮਾਏਦਾਰ ਕੰਪਨੀਆਂ ਵਲੋਂ ਆਪਣੇ ਮੁਨਾਫੇ ਲਈ ਦੁਨੀਆ ਭਰ ਵਿੱਚ 'ਵਾਤਾਵਰਨ' ਨੂੰ ਖੜ੍ਹੇ ਕੀਤੇ ਜਾ ਰਹੇ ਖਤਰੇ ਬਾਰੇ ਖੋਜ ਭਰਪੂਰ ਪਰਚਾ ਪੜ੍ਹਿਆ ਗਿਆ। ਉਹਨਾਂ ਨੈਉਮੀ ਕਲਾਈਨ ਦੀ ਕਿਤਾਬ 'ਕੈਪੀਟਲ ਵਰਸਜ਼ ਕਲਾਈਮੇਟ' ਦੇ ਵੇਰਵੇ ਦਿੰਦਿਆਂ ਦੱਸਿਆ ਕਿ ਦੁਨੀਆ ਵਿੱਚ ਪ੍ਰਦੂਸ਼ਣ ਫੈਲਾਉਣ ਵਿੱਚ ਅਮਰੀਕਾ ਅਤੇ ਚੀਨ ਸਭ ਤੋਂ ਅੱਗੇ ਹਨ। ਉਹਨਾਂ ਕਿਹਾ ਕਿ ਸਿਰਫ 2 ਡਿਗਰੀ ਗਲੋਬਲ ਤਾਪਮਾਨ ਵੱਧਣ ਕਾਰਨ ਸਮੁੰਦਰੀ ਤੈਅ ਦਾ ਪੱਧਰ 6 ਫੁੱਟ ਵੱਧ ਸਕਦਾ ਹੈ। ਉਹਨਾਂ ਇਸ ਗੱਲ ਤੇ ਚਿੰਤਾ ਪ੍ਰਗਟ ਕੀਤੀ ਕਿ ਸਦੀ ਦੇ ਅੰਤ ਤੱਕ ਗਲੋਬਲ ਤਾਪਮਾਨ 4 ਡਿਗਰੀ ਤੱਕ ਵੱਧਣ ਕਾਰਨ ਦੁਨੀਆ ਦੇ ਵੈਨਕੂਵਰ, ਨਿਊਯਾਰਕ, ਲੰਡਨ, ਮੁੰਬਈ, ਹਾਂਗਕਾਂਗ, ਸ਼ੰਘਾਈ ਅਤੇ ਲਾਸ ਏਂਜਲਸ ਵਰਗੇ ਵੱਡੇ ਸ਼ਹਿਰਾਂ ਦੀ ਹੋਂਦ ਖਤਰੇ ਵਿੱਚ ਪੈ ਸਕਦੀ ਹੈ। ਇਸ ਮੌਕੇ 'ਤੇ ਹੋਰ ਕਈ ਬੁਲਾਰਿਆਂ ਨੇ ਵੱਖ-ਵੱਖ ਵਿਸ਼ਿਆਂ 'ਤੇ ਜਾਣਕਾਰੀ ਦਿੱਤੀ ਤੇ ਆਪਣੀਆਂ ਰਚਨਾਵਾਂ ਵੀ ਪੜ੍ਹੀਆਂ, ਜਿਨ੍ਹਾਂ ਵਿੱਚ ਤ੍ਰਿਲੋਚਨ ਦੂਹੜਾ, ਗੁਰਬਚਨ ਬਰਾੜ, ਕਮਲਪ੍ਰੀਤ ਪੰਧੇਰ, ਸੁਰਜੀਤ ਸਿੰਘ ਪਨੂੰ, ਗੁਰਦਿਆਲ ਸਿੰਘ ਖਹਿਰਾ, ਗੁਚਰਨ ਕੌਰ ਥਿੰਦ, ਅਵੀ ਜਸਵਾਲ, ਗੁਰਦੀਸ਼ ਕੌਰ ਗਰੇਵਾਲ, ਰਮਨਜੀਤ ਸਿੱਧੂ, ਮਾਸਟਰ ਜੀਤ ਸਿੰਘ, ਹਰਨੇਕ ਬਧਨੀ ਆਦਿ ਦੇ ਨਾਮ ਸ਼ਾਮਲ ਹਨ। ਇਸ ਮੌਕੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਹਾਕਸ ਫੀਲਡ ਹਾਕੀ ਅਕਾਦਮੀ ਕੈਲਗਰੀ ਵਲੋਂ ਲਗਾਈਆਂ ਜਾ ਰਹੀਆਂ ਪੰਜਾਬੀ ਪੜ੍ਹਾਉਣ ਦੀਆਂ ਜਮਾਤਾਂ ਲਈ ਮਿਲੇ ਬੇ-ਮਿਸਾਲ ਹੁੰਗਾਰੇ ਲਈ ਧੰਨਵਾਦ ਕੀਤਾ ਗਿਆ। 9 ਅਪਰੈਲ ਨੂੰ ਕੀਤੀ ਜਾ ਰਹੀ ਬੋਤਲ ਡਰਾਈਵ ਲਈ ਸਹਿਯੋਗ ਦੀ ਮੰਗ ਕੀਤੀ ਗਈ। ਸਟੇਜ ਸਕੱਤਰ ਮਾਸਟਰ ਭਜਨ ਸਿੰਘ ਨੇ ਕਿਹਾ ਕਿ ਤਕਨੀਕੀ ਖਰਾਬੀ ਕਾਰਨ ਅਮੋਲਕ ਸਿੰਘ ਦਾ ਝੰਡੇ ਦਾ ਗੀਤ ਇਸ ਵਾਰੀ ਨਹੀਂ ਦਿਖਾਇਆ ਜਾ ਸਕਿਆ ਪਰ ਪਹਿਲੀ ਮਈ ਦੀ ਮੀਟਿੰਗ ਵਿੱਚ ਦਿਖਾਇਆ ਜਾਵੇਗਾ। ਮਜ਼ਦੂਰ ਦਿਵਸ ਨੂੰ ਸਮਰਪਿਤ ਇਹ ਮੀਟਿੰਗ ਕੋਸੋ ਹਾਲ (ਕਮਰਾ ਨੰਬਰ: 102,3208-8 ਐਵੀਨਿਊ, ਨਾਰਥ ਈਸਟ) ਵਿੱਚ ਬਾਅਦ ਦੁਪਹਿਰ 2 ਵਜੇ ਹੋਵੇਗੀ। ਹੋਰ ਜਾਣਕਾਰੀ ਲਈ ਮਾਸਟਰ ਭਜਨ ਨੂੰ ਫੋਨ ਨੰਬਰ 403-455-4220 ਤੋ ਸੰਪਰਕ ਕੀਤਾ ਜਾ ਸਕਦਾ ਹੈ।

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS.
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
Contact Long time trusted name in the community
Gurbachan Singh Brar
REALTOR
* RESIDENTIAL
* BUSINESS
* LAND
* COMMERCIAL
* INDUSTRIAL
* INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

# ਮਨੁੱਖਤਾਵਾਦੀ ਸੋਚ 'ਤੇ ਪਹਿਰਾ ਦੇਣ ਵਾਲੇ ਡਾ: ਧਰਮਵੀਰ ਗਾਂਧੀ ਨੂੰ ਕੈਨੇਡਾ ਵਿੱਚ ਭਰਵਾਂ ਹੁੰਗਾਰਾ








ਸਰੀ ਕੈਨੈਡਾ ਵਿਖੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਡਾ. ਧਰਮਵੀਰ ਗਾਂਧੀ

**ਮਾ: ਭਜਨ ਕੈਲਗਰੀ**

ਡਾ: ਧਰਮਵੀਰ ਗਾਂਧੀ ਮੈਂਬਰ ਪਾਰਲੀਮੈਂਟ ਪਟਿਆਲਾ ਅਤੇ ਡਾ: ਜਗਜੀਤ ਸਿੰਘ ਚੀਮਾ ਕੁੱਝ ਦਿਨਾਂ ਤੋਂ ਕਨੇਡਾ ਫੇਰੀ ਤੇ ਆਏ ਹੋਏ ਹਨ। ਵੈਨਕੂਵਰ ਨਗਰ ਕੀਰਤਨ ਅਤੇ ਹੋਰ ਮੀਟਿੰਗਾਂ ਨੂੰ ਸੰਬੋਧਨ ਕਰਨ ਉਪਰੰਤ ਦੋਵੇਂ ਕੈਲਗਰੀ ਪੁੱਜੇ ਤਾਂ ਉਹਨਾਂ ਨੂੰ ਉਹਨਾਂ ਦੇ ਬਹੁਤ ਸਾਰੇ ਮਿੱਤਰਾਂ-ਦੋਸਤਾਂ, ਸਾਥੀਆਂ ਅਤੇ ਸ਼ੁਭਚਿੰਤਕਾਂ ਤੋਂ ਇਲਾਵਾ ਪੁਰਾਣੇ ਇਨਕਲਾਬੀ ਸਾਥੀ ਵੀ ਬੜੇ ਪਿਆਰ, ਸਤਿਕਾਰ ਅਤੇ ਨਿੱਘ ਨਾਲ ਮਿਲੇ ।

ਥਿੰਕਰਜ ਫੋਰਮ ਕੈਲਗਰੀ ਦੀ ਟੀਮ ਜੋ ਅਗਾਂਹਵਧੂ ਵਿਚਾਰਾਂ ਵਾਲੀ ਜਾਣੀ ਪਹਿਚਾਣੀ ਸੰਸਥਾ ਹੈ ਵਲੋਂ ਅਮਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਫਾਲਕਨ ਰਿੱਜ਼ ਕਮਿਊਨਿਟੀ ਹਾਲ ਵਿੱਚ 26 ਅਪ੍ਰੈਲ 2016 ਨੂੰ 6:30 ਵਜੇ ਇੱਕ ਮੀਟਿੰਗ ਆਯੋਜਿਤ ਕੀਤੀ ਗਈ। ਚਿੰਤਕਾਂ ਅਤੇ ਹਮਦਰਦਾਂ ਦੀ ਬੁਲਾਈ ਮੀਟਿੰਗ ਇਕੱਠ ਦਾ ਰੂਪ ਧਾਰਨ ਕਰ ਗਈ ।ਐਡਵੋਕੇਟ ਅਮਰਪ੍ਰੀਤ ਵਲੋਂ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਕਲਾ ਮੰਚ ਟੀਮ ਨੂੰ ਇਨਕਲਾਬੀ ਗੀਤ ਰਾਹੀਂ ਸ਼ੁਰੂਆਤ ਕਰਨ ਲਈ ਸੱਦਾ ਦਿੱਤਾ ਗਿਆ । ਗ਼ਦਰ ਸੰਘਰਸ਼ ਨਾਲ ਜੁੜੀ ਕਵੀਸ਼ਰੀ ਤੇ ਅਧਾਰਤ ਐਕਸ਼ਨਗੀਤ ਜੋ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ ਆਗੂਆਂ ਕਨ੍ਹਈਆ ਕੁਮਾਰ ਅਤੇ ਉਮਰ ਖਾਲਿਦ ਦੇ ਸੰਘਰਸ਼ ਨੂੰ ਸਮਰਪਿਤ ਕੀਤਾ ਗਿਆ, ਪੇਸ਼ ਕਰ ਕੇ ਪ੍ਰੋਗਰਾਮ ਚ ਇਨਕਲਾਬੀ ਰੰਗ ਭਰ ਦਿੱਤਾ।

ਡਾ: ਧਰਮਵੀਰ ਗਾਂਧੀ ਨੇ ਸੰਬੋਧਨ ਕਰਦਿਆਂ ਪੰਜਾਬ ਅਤੇ ਹਿੰਦੁਸਤਾਨ ਦੇ ਭਖਦੇ ਮਸਲਿਆਂਤੇ ਚਰਚਾ ਕਰਦਿਆਂ ਕਿਹਾ ਕਿ ਰ ਵਾ ਇ ਤੀ ਪਾਰਟੀਆਂ ਚ ਆਈ ਗਿਰਾਵਟ ਨੇ ਬੇੜਾ ਗਰਕ ਕਰ ਦਿੱਤਾ ਹੈ । ਆਮ ਆਦਮੀ ਪਾਰਟੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਕੁੱਝ ਆਸ ਬੱਝੀ ਸੀ ਪਰੰਤੂ ਜੇ ਆਮ ਪਾਰਟੀ ਨੇ ਆਪਣਾ ਵਖਰੇਵੇਂ ਵਾਲਾ ਅਕਸ ਨਾ ਬਚਾਇਆ ਤਾਂ ਲੋਕਾਂ ਦੀ ਰਾਇ ਬਦਲਣ ਨੂੰ ਵੀ ਬਹੁਤਾ ਚਿਰ ਨਹੀਂ ਲੱਗਣਾ । ਉਹਨਾਂ ਕਿਹਾ ਕਿ ਪੰਜਾਬ ਚੋਂ ਅਕਾਲੀਆਂ ਤੇ ਕਾਂਗਰਸ ਦਾ ਹਰ ਹਾਲਤ ਵਿੱਚ ਫਸਤਾ ਵੱਢਣਾ ਚਾਹੀਦਾ ਹੈ । ਪੰਜਾਬ ਦੇ ਪਾਣੀਆਂ ਤੇ ਵੋਟ ਰਾਜਨੀਤੀ ਕਰਨ ਤੇ ਉਨ੍ਹਾ ਕਿਹਾ ਕਿ ਇਹ ਪੰਜਾਬ ਦੇ ਲੋਕਾਂ ਨਾਲ ਬਹੁਤ ਵੱਡਾ ਧੋਖਾ ਹੈ । ਸੰਸਾਰ ਪੱਧਰੀ ਸਥਾਪਤ ਰਪੇਰੀਅਨ ਲਾਅ ਅਨੁਸਾਰ ਤੁਰੰਤ ਮਸਲਾ ਹੱਲ ਕੀਤਾ ਜਾ ਸਕਦਾ ਹੈ । ਪੰਜਾਬ ਚ ਫੈਲੀ ਗੁੰਡਾਗਰਦੀ, ਬੇਰੁਜ਼ਗਾਰੀ, ਨਸ਼ੇ, ਲੈਂਡ ਮਾਫੀਆ, ਔਰਤਾਂ ਤੇ ਜਬਰ ਆਦਿ ਬਹੁਤ ਸਾਰੇ ਮਸਲਿਆਂ ਦੀ ਬਹੁਤ ਹੀ ਭਾਵੁਕ ਢੰਗ ਨਾਲ ਪੇਸ਼ਕਾਰੀ ਕੀਤੀ ਤਾਂ ਸਰੋਤਿਆਂ ਦੇ ਲੂੰਅ ਕੰਡੇ ਖੜੇ ਹੋ ਗਏ। ਸਰੋਤਿਆਂ ਦੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਵੀ ਡਾ: ਗਾਂਧੀ ਨੇ ਦਿੱਤੇ।

ਡਾ: ਜਗਜੀਤ ਚੀਮਾ ਨੇ ਆਪਣਾ ਭਾਸ਼ਨ ਨਸ਼ਿਆਂ ਦੀ ਸਮੱਸਿਆ ਤੇ ਕੇਂਦਰਤ ਕੀਤਾ । ਉਨ੍ਹਾ ਕਿਹਾ ਕਿ ਜਿੰਨਾ ਚਿਰ ਨਸ਼ਾ ਮਾਫੀਆ , ਪੁਲੀਸ ਤੇ ਰਾਜਨੀਤੀਵਾਨਾਂ ਦਾ ਗੱਠਜੋੜ ਕਾਇਮ ਹੈ ,ਨਸ਼ੇ ਖਤਮ ਨਹੀਂ ਹੋ ਸਕਦੇ । ਅੱਜ ਦੇ ਨਸ਼ੇ ਜਿਵੇਂ ਚਿੱਟਾ ,ਕੋਕੀਨ , ਮਾਰਫੀਅਨ ਅਤੇ ਮੈਡੀਕਲ ਨਸ਼ੇ ਜਾਨਲੇਵਾ ਹਨ ਜੋ ਵੱਡੀ ਪੱਧਰ ਤੇ ਮਨੁੱਖੀ ਜਿੰਦਗੀਆਂ ਨੂੰ ਨਿਗਲ ਰਹੇ ਹਨ । ਪਰੰਤੂ ਇਸ ਦੇ ਮੁਕਾਬਲੇ ਰਵਾਇਤੀ ਨਸ਼ੇ ਅਫੀਮ, ਭੁੱਕੀ ਜਾਨਲੇਵਾ ਨਹੀਂ ਸਨ । ਇਸ ਕਰਕੇ ਮਨੁੱਖੀ ਜਿੰਦਗੀਆਂ ਨੂੰ ਬਚਾਉਣ ਅਤੇ ਮਾਫੀਆ ਗੱਠਜੋੜ ਨੂੰ ਖਤਮ ਕਰਨ ਲਈ ਇਨ੍ਹਾ ਤੋਂ ਪਾਬੰਦੀ ਖਤਮ ਕਰਨੀ ਹੀ ਇਸ ਦਾ ਹੱਲ ਹੋਣ ਵੱਲ ਕਦਮ ਹੈ। ਅਸੀਂ ਪੰਜਾਬ ਚ ਇਸ ਮਸਲੇ ਤੇ ਕੰਮ ਕੀਤਾ ਹੈ ਤੇ ਇਹ ਬਹਿਸ ਸੰਸਾਰ ਪੱਧਰ ਤੇ ਛੇੜ ਦਿੱਤੀ ਹੈ । ਹੁਣ ਇਸ ਦੇ ਚੰਗੇ ਨਤੀਜੇ ਨਿਕਲਣਗੇ ।

ਅੰਤ ਚ ਪਿੰਡ ਬਿਲਾਸਪੁਰ (ਮੋਗਾ) ਵਾਸੀਆਂ ਵਲੋਂ ਬਹੁਤ ਪਿਆਰ ਤੇ ਸਤਿਕਾਰ ਨਾਲ ਸਨਮਾਨ ਚਿੰਨ ਦੇ ਕੇ ਡਾ: ਗਾਂਧੀ ਨੂੰ ਸਨਮਾਨਿਤ ਕੀਤਾ। ਡਾ: ਗਾਂਧੀ ਨੇ ਬਹੁਤਜਜ਼ਬਾਤੀ ਹੋ ਕੇ ਬਿਲਾਸਪੁਰ ਪਿੰਡ ਚ ਕੀਤੇ ਕੰਮਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਇੱਥੇ ਇਹ ਦੱਸਣਾ ਜਰੂਰੀ ਹੋਵੇਗਾ ਕਿਡਾ: ਗਾਂਧੀ 1972 ਤੋਂ ਇਨਕਲਾਬੀ ਜਮਹੂਰੀ ਮੂਵਮੈਂਟ ਨਾਲ ਬਹੁਤ ਨੇੜੇ ਤੋਂ ਜੁੜੇ ਰਹੇ ਹਨ । ਮਨੁੱਖਤਾ ਪੱਖੀ ਸੋਚ ਉਨ੍ਹਾਂ ਨੂੰ ਵਿਰਾਸਤ ਚੋਂ ਮਿਲੀ ਹੈ। ਅਗਲੇ ਦਿਨ ਉਹ ਐਡਮੰਟਨ ਰਵਾਨਾ ਹੋ ਗਏ ਜਿੱਥੇ 28 ਅਪਰੈਲ ਨੂੰ ਪਬਲਿਕ ਮੀਟਿੰਗਾਂ ਨੂੰ ਸੰਬੋਧਨ ਕਰ ਕੇ ਟੋਰਾਂਟੋ ਪਹੁੰਚ ਜਾਣਾ ਹੈ ਤੇ 30 ਅਪਰੈਲ ਨੂੰ ਟੋਰਾਂਟੋ ਸੰਬੋਧਨ ਕਰਨਾ ਹੈ ।



ਐਡਮਿੰਟਨ ਵਿਖੇ ਡਾ. ਧਰਮਵੀਰ ਗਾਂਧੀ ਇਕੱਠ ਨੂੰ ਸੰਬੋਧਨ ਕਰਦੇ ਹੋਏ।




## ਡਾ. ਧਰਮਵੀਰ ਗਾਂਧੀ ਦਾ ਟੋਰਾਂਟੋ ਵਿੱਚ ਸੰਵਾਦ

ਟੋਰਾਂਟੋ ਦੇ ਮਿਸੀਸਾਗਾ ਬੈਂਕੁਟ ਹਾਲ ਵਿੱਚ ਡਾ: ਧਰਮਵੀਰ ਗਾਂਧੀ ਵਲੋਂ ਪ੍ਰੈਸ ਕਾਨਫਰੰਸ ਤੋਂ ਬਾਦ ਆਮ ਲੋਕਾਂ ਨਾਲ ਸੰਵਾਦ ਰਚਾਇਆ ਗਿਆ। ਜਿਸ ਵਿੱਚ ਉਹਨਾਂ ਸੰਬੋਧਤ ਹੁੰਦਿਆਂ ਕਿਹਾ-

'ਮਿਸ਼ਨ 2017 ਵਿੱਚ ਵੱਖ ਵੱਖ ਸਿਆਸੀ ਪਾਰਟੀਆਂ ਵਲੋਂ ਜੁਮਲੇਬਾਜ਼ੀ ਕੀਤੀ ਜਾ ਰਹੀ ਹੈ । ਇਸ ਵਿੱਚ ਸਿਆਸੀ ਵਿਚਾਰਧਾਰਾ ਦੀ ਘਾਟ ਹੈ । ਉਹ ਇਸ ਘਾਟ ਨੂੰ ਦੂਰ ਕਰਨ ਲਈ ਚਰਚਾ ਛੇੜ ਰਹੇ ਹਨ ।

'ਮੌਜੂਦਾ ਸਮੇਂ ਜਜਬਾਤਾਂ ਦੀ ਰਾਜਨੀਤੀ ਭਾਰੂ ਹੈ ਤੇ ਲੋਕਾਂ ਦੇ ਜਜਬਾਤਾਂ ਨਾਲ ਖੇਡ ਕੇ ਵੋਟਾਂ ਹਾਸਲ ਕਰਨ ਦੇ ਯਤਨ ਹੋ ਰਹੇ ਹਨ । ਜਦ ਕਿ ਲੋਕਾਂ ਵਿੱਚ ਸਿਆਸੀ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ । ਸਿਆਸੀ ਚੇਤਨਤਾ ਨਾਲ ਹੀ ਅੱਜ ਦੇ ਸਮੇਂ ਦੇ ਹਾਣ ਦਾ ਸਮਾਜ ਸਿਰਜਿਆ ਜਾ ਸਕਦਾ ਹੈ ।

'ਅੱਜ ਪੰਜਾਬ ਦੇ ਲੋਕ ਸਾਰੀ ਸਥਿਤੀ ਭਾਪ ਚੁੱਕੇ ਹਨ। ਅੱਜ ਮੌਕਾ ਹੈ ਕਿ ਰਾਜਨੀਤਕ ਹਾਲਤਾਂ ਨੂੰ ਬਦਲ ਕੇ ਸਮਾਜਿਕ ਤਬਦੀਲੀ ਲਿਆਂਦੀ ਜਾਵੇ । ਨਾਲ ਹੀ ਇਹ ਚਿਤਾਵਨੀ ਦਿੱਤੀ ਕਿ ਇਸ ਪੈਦਾ ਹੋਏ ਮੌਕੇ ਦੇ ਨਾਲ ਹੀ ਮੌਕਾਪ੍ਰਸਤਾਂ ਦੀ ਵੀ ਕੋਈ ਘਾਟ ਨਹੀਂ।

'ਉਨ੍ਹਾਂ ਅਪਰਾਧੀਆਂ, ਸਿਆਸਤਦਾਨਾਂ ਅਤੇ ਪੁਲੀਸ ਗੱਠਜੋੜ ਨੂੰ ਲੋਕਾਂ ਲਈ ਬੇਹੱਦ ਘਾਤਕ ਦਸਦਿਆਂ ਕਿਹਾ ਕਿ ਉਨ੍ਹਾਂ ਪਾਸ ਪੁਲੀਸ ਦਾ ਗੈਰ ਸਿਆਸੀਕਰਨ ਤੇ ਮਾਫੀਆ ਗਰੋਹਾਂ ਨੂੰ ਤੋੜਣ ਲਈ ਵਿਯਨ ਹੈ ਤੇ ਇਸ ਤੇ ਉਨ੍ਹਾਂ ਨੇ ਕੰਮ ਕੀਤਾ ਹੈ ।

'ਪੰਜਾਬ ਦੇ ਪਾਣੀਆਂ ਦੇ ਮਸਲੇ ਤੇ ਰਾਜਨੀਤੀ ਹੋਣ ਨਾਲ ਪੰਜਾਬ ਦੇ ਲੋਕਾਂ ਨਾਲ ਹੋ ਰਹੇ ਧੱਕੇ ਵਿੱਚ ਹੋਰ ਵਾਧਾ ਹੋ ਰਿਹਾ ਹੈ । ਪੰਜਾਬ ਦੇ ਪਾਣੀਆਂ ਦਾ ਮਸਲਾ ਅੰਤਰ ਰਾਸ਼ਟਰੀ ਰਪੇਰੀਅਨ ਲਾਅ ਮੁਤਾਬਕ ਤੁਰੰਤ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਮਦਰਾਸ ਰਾਜ ਦੀ ਵੰਡ ਸਮੇਂ ਤੁੰਗਭੱਦਰਾ ਪਰੋਜੈਕਟ ਦਾ ਹੋ ਚੁੱਕਾ ਹੈ ।

'ਨਸ਼ਾ ਵਿਰੋਧੀ ਐਕਟ 1985 ਦੇ ਬਣਨ ਤੋਂ ਬਾਦ ਵੱਧ ਲੋਕ ਨਸ਼ੇ ਦੀ ਗਿਰਫਤ ਵਿੱਚ ਆਏ ਹਨ ਤੇ ਮਨੁੱਖੀ ਜਾਨਾ ਦਾ ਨੁਕਸਾਨ ਵੀ ਵੱਧ ਹੋਇਆ ਹੈ ਸਿਰਫ ਨਸ਼ਾ-ਵਪਾਰੀ ਗੱਠਜੋੜ ਦੀ ਚਾਂਦੀ ਹੋਈ ਹੈ । ਇੱਕ ਤਰਾਂ ਨਾਲ ਇਹ ਐਕਟ ਫੇਲ੍ਹ ਹੋ ਚੁੱਕਾ ਹੈ । ਅਸਲ ਵਿੱਚ ਸਮਾਜਕ ਹਾਲਤ ਬਦਲ ਕੇ ਅਤੇ ਲੋਕਾਂ ਦੀ ਜਿੰਦਗੀ ਦੀਆਂ ਮਸ਼ਕਲਾਂ ਦਾ ਹੱਲ ਕਰਕੇ ਹੀ ਨਸ਼ਾ ਮੁਕਤ ਸਮਾਜ ਸਿਰਜਿਆ ਜਾ ਸਕਦਾ ਹੈ।

ਡਾ: ਜਗਜੀਤ ਚੀਮਾ ਨੇ ਨਸ਼ਿਆ ਨਾਲ ਪੰਜਾਬ ਦੀ ਤਬਾਹ ਹੋ ਰਹੀ ਜਵਾਨੀ ਦਾ ਜਿਕਰ ਕਰਦੇ ਹੋਏ ਕਿਹਾ-

'ਨਸ਼ਾ ਵਪਾਰ ਵਿੱਚ ਅੰਨ੍ਹੀ ਕਮਾਈ ਹੋਣ ਕਾਰਣ ਨਸ਼ਾ ਵਪਾਰੀ,ਪੁਲਸ ਅਫਸਰ ਅਤੇ ਸਿਆਸਤਦਾਨਾ ਦਾ ਇੱਕ ਸਮੂਹਿਕ ਗੱਠਜੋੜ ਬਣ ਚੁੱਕਾ ਹੈ ਜਿਸ ਨੇ ਸਕੂਲਾਂ ਕਾਲਜਾਂ ਤੱਕ ਪਹੁੰਚ ਕਰਕੇ ਆਉਣ ਵਾਲੀ ਪੀੜ੍ਹੀ ਨੂੰ ਆਪਣੀ ਜਕੜ ਵਿੱਚ ਲੈ ਲਿਆ ਹੈ । ਨਸ਼ਾ ਟੈਲੀਫੋਨ ਕਾਲ ਤੇ ਹੀ ਹਰ ਥਾਂ ਤੇ ਹਰ ਸਮੇਂ ਉਪਲਭਦ ਹੋ ਜਾਂਦਾ ਹੈ।

'ਨਸ਼ਾ ਵਿਰੋਧੀ ਐਕਟ ਨਾਲ ਸਿਰਫ ਨਸ਼ਾ ਵਰਤਨ ਵਾਲੇ ਜੇਲ੍ਹ ਵਿੱਚ ਬੰਦ ਹਨ ਤੇ ਨਸ਼ਾ ਮਾਫੀਆ ਬਾਹਰ ਬੇਖੌਫ ਹੋ ਕੇ ਆਪਣਾ ਕਾਰੋਬਾਰ ਜਾਰੀ ਰੱਖ ਰਿਹਾ ਹੈ । ਉਨ੍ਹਾਂ ਡਾ: ਗਾਂਧੀ ਦੇ ਰਵਾਇਤੀ ਨਸ਼ੇ ਅਫੀਮ ਤੇ ਭੁੱਕੀ ਤੋਂ ਪਾਬੰਦੀ ਖਤਮ ਕਰਨ ਦੀ ਪ੍ਰੋੜਤਾ ਕਰਦੇ ਕਿਹਾ ਕਿ ਇਹ ਮਾਫੀਆ ਗੱਠਜੋੜ ਖਤਮ ਕਰਨ ਤੇ ਮਨੁੱਖੀ ਜਿੰਦਗੀਆਂ ਬਚਾਉਣ ਲਈ ਜਰੂਰੀ ਹੈ । ਇਹ ਗੱਲ ਵੀ ਸਪਸ਼ਟ ਕੀਤੀ ਗਈ ਕਿ ਡਾ: ਗਾਂਧੀ ਕਿਸੇ ਤਰ੍ਹਾਂ ਦੇ ਨਸ਼ੇ ਦੇ ਹੱਕ ਵਿੱਚ ਨਹੀਂ ਹਨ ।

ਡਾ: ਭਾਨ ਗਰਗ ਦੇ ਸੰਖੇਪ ਸੰਬੋਧਨ ਤੋਂ ਬਾਦ ਸਵਾਲ-ਜਵਾਬ ਸਮੇਂ ਡਾ: ਗਾਂਧੀ ਨੇ ਕਿਹਾ ਕਿ ਉਹ 2017 ਦੀਆਂ ਚੋਣਾਂ ਵਿੱਚ ਆਮ ਪਾਰਟੀ ਦੇ ਚੰਗੇ ਅਕਸ ਵਾਲੇ ਉਮੀਦਵਾਰਾਂ ਦੀ ਪੂਰੀ ਮੱਦਦ ਕਰਨਗੇ ਤੇ ਹਰ ਯਤਨ ਕਰਨਗੇ ਜਿਸ ਨਾਲ ਪੰਜਾਬ ਦੇ ਲੋਕਾਂ ਦਾ ਕਾਂਗਰਸ ਅਤੇ ਅਕਾਲੀ-ਭਾਜਪਾ ਗੱਠਜੋੜ ਤੋਂ ਖਹਿੜਾ ਛਡਾਇਆ ਜਾ ਸਕੇ। ਉਹਨਾਂ ਨੇ ਆਮ ਪਾਰਟੀ ਵਿੱਚ ਦੂਜੀਆਂ ਪਾਰਟੀਆਂ ਵਿੱਚੋਂ ਮਲਾਈ ਛਕ ਕੇ ਆਏ ਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਤੇ ਜੁਲਮ ਕਰਨ ਵਾਲੇ ਵਿਕਤੀਆਂ ਨੂੰ ਸ਼ਾਮਲ ਕਰਨ ਦਾ ਵਿਰੋਧ ਕਰਨ ਦੀ ਗੱਲ ਬੜੇ ਜੋਰਦਾਰ ਢੰਗ ਨਾਲ ਕਹੀ। ਇਸ ਸਾਰੇ ਪ੍ਰੋਗਰਾਮ ਨੂੰ ਸਟੇਜ ਸਕੱਤਰ ਚਰਨਜੀਤ ਬਰਾੜ ਵਲੋਂ ਵਧੀਆ ਢੰਗ ਨਾਲ ਚਲਾਇਆ ਗਿਆ। ਹਾਜਰ ਲੋਕਾਂ ਵਿੱਚੋਂ ਬਹੁਤ ਸਾਰੇ ਲੋਕਾਂ ਦਾ ਵਿਚਾਰ ਸੀ ਕਿ ਸਿਸਟਮ ਨੂੰ ਬਦਲ ਕੇ ਹੀ ਅਸਲ ਤਬਦੀਲੀ ਲਿਆਂਦੀ ਜਾ ਸਕਦੀ ਹੈ।




# ਪਨਾਮਾ ਪੇਪਰਜ਼ ਦੀਆਂ ਬੁਨਿਆਦਾਂ ਨੂੰ ਘੋਖਦਿਆਂ, ਵਿਚਾਰਦਿਆਂ, ਸੱਚ ਤਲਾਸ਼ਦਿਆਂ




ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ
(ਗੁਰੂਸਰ ਸੁਧਾਰ), ਬਰੈਂਪਟਨ (ਕੈਨੇਡਾ)

ਟੈਕਸ ਚੋਰੀ ਦੇ ਕਾਲੇ ਧੰਨ ਨੂੰ ਚਿੱਟੇ ਧੰਨ 'ਚ ਬਦਲਣਾ, ਫਿਰ ਉਸ ਪੈਸੇ ਦੇ ਨਿਵੇਸ਼ ਨਾਲ ਅੱਗੋਂ ਹੋਰ ਕਮਾਈ ਕਰਨ ਨੂੰ ਜ਼ਾਹਰ ਕਰਦੇ ਹਨ, ਪਨਾਮਾ ਪੇਪਰਜ਼। ਇਸ ਬਾਰੇ ਇੱਕ ਸੰਖੇਪ ਜਿਹੀ ਜਾਣਕਾਰੀ ਪਹਿਲਾਂ ਪੇਸ਼ ਹੈ।

ਛੋਟੇ ਛੋਟੇ ਕੈਰੇਬੀਅਨ ਦੇਸ਼ਾਂ ਦੇ ਨਾਲ ਪਨਾਮਾ ਦੱਖਣੀ ਅਮਰੀਕਾ ਦਾ ਇੱਕ ਤੱਟੀ ਦੇਸ਼ ਹੈ। ਇਸ ਵਿੱਚ ਇੱਕ ਲਾਅ ਫਰਮ ਮੋਸੇਕ ਫੌਨਸੈਕਾ ਸਥਿਤ ਹੈ, ਜਿਹੜੀ ਦੁਨੀਆਂ ਭਰ ਦੀਆਂ ਅਖਬਾਰਾਂ ਦੀਆਂ ਅੱਜ-ਕੱਲ੍ਹ ਸੁਰਖੀਆਂ ਬਣੀ ਹੋਈ ਹੈ। ਇਸ ਨੇ ਇੰਟਰਨੈਸ਼ਨਲ ਕਨਸੋਰਟੀਅਮ ਆਫ਼ ਇਨਵੈਸਟੀਗੇਟਿਵ ਜਰਨਲਿਸਟਸ (ਆਈ.ਸੀ.ਆਈ.ਜੇ.) ਨੂੰ ਪਨਾਮਾ ਪੇਪਰਜ਼ ਦਾ ਸਨਸਨੀਖੇਜ਼ ਖੁਲਾਸਾ ਕੀਤਾ। ਇਸ ਨੇ 11 ਮਿਲੀਅਨ ਤੋਂ ਵੱਧ ਦਸਤਾਵੇਜ਼ ਮੀਡੀਏ ਨੂੰ ਜਾਰੀ ਕੀਤੇ ਹਨ। ਹੁਣ ਤਾਂ ਮੋਸੇਕ ਫੌਨਸੈਕਾ ਦੇ ਦਫਤਰ 'ਤੇ ਛਾਪਾ ਵੀ ਪੈ ਗਿਆ ਅਤੇ ਕਈ ਦਸਤਾਵੇਜ਼ਾਂ ਤੇ ਕੰਪਿਊਟਰਾਂ ਨੂੰ ਜ਼ਬਤ ਕਰ ਲਿਆ ਗਿਆ। ਟੈਕਸ ਚੋਰੀ ਦੇ ਮਾਮਲੇ 'ਚ ਪਨਾਮਾ ਪੇਪਰਜ਼ ਸੰਸਾਰ ਭਰ ਦੀਆਂ ਕਈ ਵੱਡੀਆਂ ਹਸਤੀਆਂ ਦੇ ਨਾਂਅ ਜ਼ਾਹਰ ਕਰ ਰਹੇ ਹਨ। ਅੱਗੇ ਜਾਂਚ ਚੱਲ ਰਹੀ ਹੈ। ਖੁਲਾਸਾ ਹੋਇਆ ਕਿ ਦੁਨੀਆਂ ਭਰ ਦੇ ਆਗੂ, ਪ੍ਰਸਿੱਧੀ ਪ੍ਰਾਪਤ ਹਸਤੀਆਂ ਤੇ ਐਗਜ਼ੈਕਟਿਵ ਟੈਕਸਾਂ ਤੋਂ ਬਚਣ ਲਈ ਏਥੇ ਆਪਣੇ ਖਾਤੇ ਖੋਲ੍ਹਦੇ ਹਨ ਅਤੇ ਫਿਰ ਪਨਾਮਾ ਦੀ ਲਾਅ ਫਰਮ ਕਾਲੇ ਧੰਨ ਦੀ ਵਰਤੋਂ ਕਰਨ ਲਈ ਵਿੱਤੀ ਕਾਰਪੋਰੇਟੀ ਟਰਸਟ ਬਣਾ ਦਿੰਦੀ ਹੈ। ਇਹ ਟਰਸਟ ਫਿਰ ਅੱਗੇ ਦੁਨੀਆਂ ਭਰ ਵਿੱਚ ਆਪਣੇ ਕਾਰੋਬਾਰ ਚਲਾਉਂਦੇ ਹਨ।

ਪਨਾਮਾ ਅਤੇ ਹੋਰ ਕੈਰੇਬੀਅਨ ਦੇਸ਼ ਬਹੁਤ ਘੱਟ ਟੈਕਸ ਵਾਲੇ ਬਹਿਸ਼ਤ ਹਨ, ਸਵਰਗ, ਜੰਨਤ। ਭਾਰਤ ਦੇ ਸੈਂਟਰਲ ਬੋਰਡ ਆਫ਼ ਡਾਇਰੈਕਟ ਟੈਕਸ (ਸੀ.ਬੀ.ਡੀ.ਟੀ.) ਦੇ ਅਫਸਰਾਂ ਨੇ 2008 ਵਿੱਚ ਕਾਰਪੋਰੇਟਾਂ ਦੀ ਲਾਬੀ ਕਰਨ ਵਾਲੀ ਨੀਰਾ ਰਾਡੀਆਂ (ਭਾਰਤ ਦੇ ਕੋਲ਼ਾ ਘੁਟਾਲੇ ਨਾਲ ਸਬੰਧਤ) ਦੇ ਫੋਨਾਂ ਨੂੰ ਟੈਪ ਕਰਨ ਵਾਸਤੇ ਮੋਸੇਕ ਫੌਨਸੈਕਾ ਕੋਲੋਂ ਆਗਿਆ ਮੰਗੀ। ਬੋਰਡ ਦੇ ਵੱਡੇ ਅਫਸਰਾਂ ਨੂੰ ਮੋਸੇਕ ਫੌਨਸੈਕਾ ਦੁਆਰਾ ਸਥਾਪਤ ਕੀਤੇ ਗਏ ਟਰਸਟਾਂ ਸਬੰਧੀ ਜਾਣਕਾਰੀ ਹਾਲੀ ਕਿਸੇ ਤਨ ਪੱਤਨ ਨਹੀਂ ਲੱਗ ਰਹੀ ਸੀ, ਜਦੋਂ ਇੰਡੀਅਨ ਐਕਸਪਰੈੱਸ ਦੀ ਅਪਰੈਲ 5, 2016 ਦੀ ਰਿਪੋਰਟ ਨੇ ਕਾਫੀ ਵੱਡਾ ਖੁਲਾਸਾ ਕਰ ਦਿੱਤਾ। ਹੁਣ ਭਾਰਤੀ ਟੈਕਸ ਬੋਰਡ ਨੇ ਇਨ੍ਹਾਂ ਟਰਸਟਾਂ ਦੇ ਡਾਇਰੈਕਟਰਾਂ ਤੇ ਸ਼ੇਅਰ ਹੋਲਡਰਾਂ ਦੇ ਵਿਸਥਾਰ ਮੰਗੇ ਹਨ।

ਪਨਾਮਾਂ ਪੇਪਰਾਂ ਨੇ ਅਰਜਨਟੀਨਾ, ਆਈਸਲੈਂਡ, ਸਾਊਦੀ ਅਰੇਬੀਆ ਦੇ ਬਾਦਸ਼ਾਹ, ਯੂ ਏ ਈ ਦੇ ਖਲੀਫਾ, ਯੂਕਰੇਨ ਦੇ ਰਾਸ਼ਟਰਪਤੀ ਪੈਂਟਰੋ ਪੋਰੋਸੇਂਕੋ ਅਤੇ 40 ਹੋਰ ਸਰਕਾਰੀ ਅਧਿਕਾਰੀਆਂ, ਨਜ਼ਦੀਕੀ ਰਿਸ਼ਤੇਦਾਰਾਂ, ਸਰਕਾਰੀ ਮੁਖੀਆਂ ਦੀ ਪਛਾਣ ਕੀਤੀ ਹੈ। ਚੀਨ ਦੀ ਕਮਿਊਨਿਸਟ ਪਾਰਟੀ ਦੀ ਪੋਲਿਟਬਿਓਰੋ ਦੇ ਨਾਮ ਵੀ ਆਏ ਹਨ। ਸਾਬਕਾ ਪ੍ਰੀਮੀਅਰ ਲੀ ਪਿੰਗ ਦੀ ਧੀ ਲੀ ਐਕਸੀਓਲਿਨ ਸਮੇਤ, ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਹੋ ਵਾਇਓਲਾਂਗ ਦੇ ਪੁੱਤਰ ਹੋ ਦੇਹੂ ਤੇ ਡੂੰਗ ਜਿਆਗੀ ਦੇ ਨਾਮ ਵੀ ਬੋਲ ਰਹੇ ਹਨ। ਚੀਨ ਦੇ ਮੌਜੂਦਾ ਰਾਸ਼ਟਰੀ ਪਤੀ ਵੀ ਮਾਇਆ ਦੇ ਨਾਗਵਲ ਹੇਠ ਪਾਨਾਮਾ ਦੀਆਂ ਕੰਪਨੀਆਂ 'ਚ ਹਾਜ਼ਰੀ ਲੁਆ ਰਿਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੈਮਰੂਨ ਦਾ ਨਾਮ ਆਉਣ 'ਤੇ ਲੋਕਾਂ ਨੇ ਰੋਹ ਭਰੇ ਨਾਹਰੇ 'ਟੋਰੀਜ਼ ਆਊਟ' ਅਤੇ ਕੈਮਰੂਨ ਮਸਟ ਕਵਿੱਟ' ਲਾਏ ਹਨ। ਜਨਤਕ ਦਬਾਅ ਅਧੀਨ ਉਹਨੂੰ ਆਪਣੀਆਂ ਟੈਕਸ ਰੀਟਰਨਾਂ ਜਨਤਕ ਕਰਨੀਆਂ ਪਈਆਂ ਹਨ। ਕੈਮਰੂਨ ਨੇ ਮੁਨਾਫੇ ਵਾਲੀ ਗੱਲ ਸਾਫ ਮੰਨ ਲਈ ਹੈ। ਪਰ ਲੋਕ ਅਸਤੀਫਾ ਮੰਗ ਰਹੇ ਹਨ।



ਨਾਲ ਹੀ ਆਈਸਲੈਂਡ ਦੇ ਪ੍ਰਧਾਨ ਮੰਤਰੀ ਸਿਗਮੁੰਦਰ ਗੁਨਲਾਗਸਨ, ਜਿਸ ਨੂੰ ਲੋਕਾਂ ਦੇ ਰੋਹ ਭਰੇ ਪ੍ਰਦਰਸ਼ਨਾਂ ਦੇ ਦਬਾ ਹੇਠ ਅਸਤੀਫਾ ਵੀ ਦੇਣਾ ਪਿਆ ਹੈ। ਸੋਵੀਅਤ ਯੂਨੀਅਨ ਪਿੱਛੋਂ, ਮਾਊਸੇ ਤੁੰਗ ਦੇ ਚੀਨੀ ਰਹਿਬਰਾਂ ਦੀ ਅਗਵਾਈ ਵਿੱਚ ਮਾਰਕਸਵਾਦੀ ਸਮਾਜਵਾਦ ਤੇ ਫਿਰ ਸਾਮਵਾਦ ਵੱਲ ਵਧਣ ਦੀਆਂ ਆਸਾਂ ਬੱਝੀਆਂ ਸਨ। ਹੁਣ ਤਾਂ ਇਉਂ ਜਾਪਦੈ ਜਿਵੇਂ ਸਾਮਰਾਜ ਤੇ ਸਾਮਵਾਦ ਇੱਕੋ ਥਾਂ ਪਹੁੰਚ ਗਏ ਹਨ ਤੇ ਆਪਸ ਵਿੱਚ ਹੱਥ ਮਿਲਾ ਰਹੇ ਹਨ। ਸੋਵੀਅਤ ਯੂਨੀਅਨ ਦੇ ਮਲਬੇ 'ਚੋਂ ਸਾਮਰਾਜੀ ਤਾਕਤਾਂ ਦੀ ਧੱਕੇ ਸ਼ਾਹੀ ਵਿਰੁੱਧ ਡੱਟਣ ਵਾਲਾ ਪ੍ਰਧਾਨ ਮੰਤਰੀ ਵਲਾਦੀਮੀਰ ਪੂਤਿਨ ਵੀ ਇਨ੍ਹਾਂ ਪੇਪਰਾਂ ਦੇ ਚਿੱਕੜ 'ਚ ਪੂਰਾ ਗੜੁੱਚ ਹੈ। ਅਜੋਕੇ ਰੂਸ ਕੋਲੋਂ ਤੀਜੀ ਦੁਨੀਆਂ ਦੇ ਲੁੱਟੇ-ਪੁੱਟੇ ਜਾ ਰਹੇ ਲੋਕਾਂ ਦੀ ਬਾਂਹ ਫੜਨ ਵਾਲਾ ਵੀ ਚਾਚੇ ਦੀਆਂ ਧੀਆਂ ਵਾਂਗ ਮਾਇਆ ਹੱਥੋ ਉਧਾਲਿਆ ਗਿਆ। ਪੁਤਿਨ ਨੇ ਬੈਂਕਾਂ ਅਤੇ ਸ਼ੈਡੋ ਕੰਪਨੀਆਂ ਰਾਹੀਂ ਘੱਟ ਤੋਂ ਘੱਟ/2 ਬਿਲੀਅਨ ਦੀ ਰਾਸ਼ੀ ਗੁਪਤ ਰੂਪ ਵਿੱਚ ਭੇਜੀ। ਮੈਕਸੀਕੋ ਦੇ ਡਰੱਗ ਲਾਰਡ, ਅਤਿਵਾਦੀ ਜਥੇਬੰਦੀਆਂ ਦੇ ਕਾਰਕੁੰਨਾਂ ਤੋਂ ਇਲਾਵਾ, ਫੀਫਾ ਦੇ ਦੁਨੀਆਂ ਦੇ ਉੱਤਮ ਖਿਡਾਰੀ ਲਾਇਓਨਲ ਮੈਸੀ ਤੇ ਉਸ ਦੇ ਸਾਥੀ ਲਿਓਨਾਰਡੋ ਓਲੋਅ ਵਰਗੇ ਵੱਡੇ ਨਾਮ ਵੀ ਪੇਪਰਾਂ 'ਚ ਬੋਲ ਰਹੇ ਹਨ। ਅੱਲਾ ਮੁਬਾਰਕ (ਸਪੁੱਤਰ ਸਾਬਕਾ ਮਿਸਰ ਪ੍ਰਧਾਨ) ਆਦਿ ਵੀ ਸ਼ਾਮਲ ਹੈ। ਪਾਕਿਸਤਾਨ ਦੇ ਪ੍ਰਾਇਮ ਮਨਿਸਟਰ ਨਵਾਜ਼ ਸ਼ਰੀਫ ਤੇ ਪਰਿਵਾਰ ਦੀਆਂ ਚਾਰ ਕੰਪਨੀਆਂ ਬਾਰੇ ਵੀ ਪਤਾ ਲੱਗਾ ਹੈ। ਏਦਾਂ ਦੀਆਂ ਗੁਪਤ ਕੰਪਨੀਆਂ ਹੀ ਵੱਡੇ ਵੱਡੇ ਜਾਸੂਸਾਂ ਦੀ ਮਦਦਗਾਰ ਬਣਦੀਆਂ ਹਨ।

ਭਾਰਤ ਵਿੱਚ ਕੁਝ ਨਾਮੀ ਫਿਲਮ ਐਕਟਰਾਂ ਤੇ ਐਕਟਰੈੱਸਾਂ ਤੋਂ ਇਲਾਵਾ 500 ਵੱਡੇ ਸਿਆਸਤਦਾਨਾਂ ਅਤੇ ਕਾਰੋਬਾਰੀਆਂ ਦੇ ਨਾਮ ਵੀ ਜੱਗ ਜ਼ਾਹਰ ਹੋ ਰਹੇ ਹਨ। ਰੀਅਲ ਐਸਟੇਟ ਦੇ ਮੁਗਲ ਕੇ ਪੀ ਸਿੰਘ, ਉਦਯੋਗਪਤੀ ਗੌਤਮ ਅਡਾਨੀ ਦੇ ਭਰਾ ਵਿਨੋਦ ਅਡਾਨੀ, ਅੰਡਰਵਰਲਡ ਹਸਤੀ ਇਕਬਾਲ ਮਰਚੀ ਦੇ ਨਾਮ ਵੀ ਪੇਪਰਾਂ ਨੇ ਜ਼ਾਹਰ ਕੀਤੇ ਹਨ। ਜ਼ਾਹਰ ਹੋਇਐ ਕਿ ਛਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਦੇ ਲੜਕੇ ਅਭਿਸ਼ਕ ਦੀ ਵੀ ਬ੍ਰਿਟਿਸ਼ ਵਰਜਨੀਆ ਆਈਸਲੈਂਡ ਵਿੱਚ ਕੰਪਨੀ ਹੈ। ਉਸ ਦੇ ਬਾਹਰਲੇ ਖਾਤਿਆਂ ਦਾ ਪਤਾ ਉਹ ਹੀ ਹੈ ਜੋ ਡਾ. ਰਮਨ ਦੇ ਚੋਣ ਐਫੀਡੈਵਟ ਵਿੱਚ ਦਿੱਤਾ ਗਿਆ ਹੈ। ਭਾਰਤ ਦੇ ਵੱਖ ਵੱਖ ਸ਼ਹਿਰਾਂ ਦੇ 50 ਲੋਕਾਂ ਨੂੰ ਨੋਟਿਸ ਜਾਰੀ ਹੋ ਚੁੱਕੇ ਹਨ। ਜਾਂਚਾਂ ਚੱਲ ਰਹੀਆਂ ਹਨ। ਵੇਖੋ ਖਿੱਦੋ ਕਿਹੜੇ ਨਾਅਵਾਂ ਦੇ ਹੋਰ ਪੋਤੜੇ ਫੋਲਦੀ ਹੈ। ਅਰੁਣ ਜੇਤਲੀ ਦੇ ਨਜ਼ਦੀਕੀ ਲੋਕੇਸ਼ ਸ਼ਰਮਾ ਦਾ ਨਾਂਅ ਸ਼ਾਮਲ ਹੈ, ਜੋ ਟਵੰਟੀ ਫਸਟ ਸੈਂਚੁਰੀ ਮੀਡੀਆ ਕੰਪਨੀ ਚਲਾਉਂਦਾ ਹੈ। ਵਿੱਤ ਮੰਤਰਾਲੇ ਦੀ ਸਿੱਟ ਵਾਲੀ ਜਾਂਚ ਨਿਰਪੱਖ ਨਹੀਂ ਹੋਵੇਗੀ। ਬਦੇਸ਼ 'ਚ ਹੋਏ ਇਸ ਟੈਕਸ ਹੈਵਨ ਦੀ ਜਾਂਚ ਵਿਰੋਧੀ ਪਾਰਟੀਆਂ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਕਰਾਉਣ ਦੀ ਮੰਗ ਕਰ ਰਹੀਆਂ ਹਨ। ਮਾਰ ਲਿਆ ਲੀਡਰਾਂ ਨੂੰ ਚਸਕਾ ਚੌਧਰਾਂ, ਤੇ ਪੈਸੇ ਦਾ! ਫਿਲਮ ਜਗਤ ਦੀਆਂ ਮਨਮੋਹਣੀਆਂ ਖੂਬਸੂਰਤ ਹਸਤੀਆਂ ਵੀ ਪਿੱਛੇ ਨਹੀਂ। ਜਿਨ੍ਹਾਂ ਦੀ ਸੁੰਦਰਤਾ ਤੇ ਕਲਾ ਦਾ ਡੰਕਾ ਪੂਰੇ ਸੰਸਾਰ ਵਿੱਚ ਵੱਜ ਰਿਹਾ, ਹੁਣ ਪੈਸੇ ਦੀ ਚੋਰ ਬਾਜ਼ਾਰੀ ਵਿੱਚ ਵੀ ਚਮਕ ਰਿਹਾ। ਸੁੰਦਰ ਚਿਹਰੇ ਹੀ ਕਰੂਪ ਜਾਪਣ ਲੱਗ ਪਏ ਨੇ। ਉਹ ਚਮਕ ਨਹੀਂ ਰਹੀ। ਪਹਿਰਾਵੇ ਭਾਵੇਂ ਸੁੰਦਰ ਹਨ, ਪਰ ਅੱਖਾਂ ਦੇ ਪਹਿਲੇ ਨੂਰ ਹੁਣ ਗਾਇਬ ਨੇ। ਆਮ ਲੋਕਾਂ ਨੂੰ 'ਕੌਣ ਬਣੇਗਾ ਕਰੋੜਪਤੀ' ਹੋਕਾ ਦਿੰਦਾ ਦਿੰਦਾ ਆਪ ਹੀ ਅਰਬਪਤੀ ਬਣਨ ਦੇ ਚੱਕਰ 'ਚ ਫਸ ਗਿਆ, ਅਮਿਤਾਬ ਬਚਨ। ਇੰਕਸ਼ਾਫ ਹੋਣ 'ਤੇ ਐਸ਼ਵਰਿਆ ਤਾਂ

(ਬਾਕੀ ਸਫ਼ਾ 29 'ਤੇ)

Hiring Drivers/Owners/Operators
GALAXY Frightline inc.
We Offer:
Competitive Salary
Fuel Cards
Late Model Equipment
NewPay Package
On Site Maintenance Facility
Extra Drops and Pickups Paid
Guaranteed Miles Per Month
Guaranteed Home Time
We Require:
2 Years Experience
Clean Current Abstract
Ability to Cross Border
Positive, Professional Attitude
For:
GTA
ON-QC
ON-MB-AB-BC
USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
1580 Brittania Road East • Mississauga • ON • L4W 1J2

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney


VIPANDEEP SINGH MAROK
Barrister, Solicitor & Notary Public M.A., LLB
7033 Telford Way, Unit # 9, Mississauga, ON L5S 1V4
Tel. 905-672-7800, Fax. 905-672-7804
Email: vipanmarok@gmail.com
www.maroklaw.com

ACCOUNTANT
Corporate & Personal Business
Attends: CRA Audits and Appeals
SUKHDEV SINGH CPA, CGA
TEL: (905) 793-0909
FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

# ਨਵੀਆਂ ਪੁਸਤਕਾਂ

## ਆਤਮ ਵਿਸ਼ਵਾਸ ਸਫਲਤਾ ਦੀ ਨੀਂਹ

**ਲੇਖਕ : ਏਲਨ ਲਾਇ ਮੈਕਗਿਨਿਸ**




ਸਿੱਖੋ ਕਿ ਤੁਸੀਂ ਇਹ ਕਿਵੇਂ ਕਰ ਸਕਦੇ ਹੋ :


* ਆਪਣੀ ਅੰਦਰੂਨੀ ਸ਼ਕਤੀ ਦਾ ਨਿਰਮਾਣ * ਰੱਦਣ ਨਾਲ ਨਜਿੱਠਣਾ * ਆਪਣੀ ਵਿਲੱਖਣਤਾ ਵਿਕਸਿਤ ਕਰਨੀ * ਆਪਣੇ ਨੁਕਸਾਂ ਉਤੇ ਨਿਗਾਹ ਰੱਖਣੀ * ਆਪਣੇ ਜਿਸਮ ਨਾਲ ਇਕਸੁਰ ਹੋਣਾ * ਬਿਹਤਰੀਨ ਕਰਨ ਲਈ ਸਥਾਨ ਲੱਭਣਾ *ਸਨੇਹ ਦੇ ਆਪਣੇ ਦਾਇਰੇ ਨੂੰ ਵਿਸਥਾਰ ਦੇਣਾ * ਸਵੈ ਭਰੋਸਾ ਪੈਦਾ ਕਰਨ ਵਿੱਚ ਦੂਜਿਆਂ ਦੀ ਮਦਦ ਕਰਨੀ ਮਨਮੋਹਕ ਕਹਾਣੀਆਂ ਅਤੇ ਕਥਾਵਾਂ ਸਮੇਤ, ਇਹ ਅਤੇ ਹੋਰ ਵਿਹਾਰਕ ਅਗਵਾਈ -ਲੀਹਾਂ ਦਰਸਾਉਂਦੀਆਂ ਹਨ ਕਿ ਸਵੈ-ਉਸਤਤ ਦੇ ਚੁੰਗਲ ਵਿਚ ਫਸੇ ਬਿਨਾਂ ਤੁਸੀਂ ਆਪਣਾ ਸਵੈ-ਭਰੋਸਾ ਕਿਵੇਂ ਵਧਾ ਸਕਦੇ ਹੋ। ਆਪਣੀ ਖੁਦੀ ਨੂੰ ਬੁਲੰਦ ਕਰਨ ਵਿੱਚ ਸਫਲ ਹੋਣ ਵਿੱਚ ਮੱਦਦ ਕਰਨ ਵਾਲੀ ਕਿਤਾਬ।

ਏਲਨ ਲਾਇ ਮੈਕਗਿਨਿਸ (1933-2005) ਇੱਕ ਹੱਥੋਂ-ਹੱਥੀਂ ਵਿਕਣ ਵਾਲਾ ਲੇਖਕ, ਪਰਿਵਾਰਕ ਚਕਿਤਸਕ, ਕਾਰੋਬਾਰੀ ਸਲਾਹਕਾਰ ਅਤੇ ਉੱਘਾ ਬੁਲਾਰਾ ਸੀ। ਮੰਤਰੀ ਦੇ ਤੌਰ 'ਤੇ ਵੀਹ ਸਾਲਾ ਕਿੱਤੇ ਤੋਂ ਬਾਅਦ, ਉਹ ਸਲਾਹਕਾਰ ਬਣ ਗਿਆ ਅਤੇ ਗਲੇਨਡੇਲ, ਕੈਲੀਫੋਰਨੀਆ ਵਿੱਚ ਵੈਲੀ ਕਾਊਂਸਲਿੰਗ ਸੈਂਟਰ ਵੀ ਸਹਿ-ਸਥਾਪਨਾ ਕੀਤੀ। 1970ਵਿਆਂ ਵਿੱਚ ਉਸਨੇ ਦੋਸਤੀ ਉੱਤੇ ਖੋਜ ਕਰਨੀ ਸ਼ੁਰੂ ਕੀਤੀ ਅਤੇ ਦਿ ਫਰੈਂਡਸ਼ਿਪ ਫੈਕਟਰ ਲਿਖੀ, ਜੋ ਆਗਸਬਰਗ ਫੋਰਟ੍ਰੈਸ ਨੇ 1979 ਵਿੱਚ ਪ੍ਰਕਾਸ਼ਿਤ ਕੀਤੀ ਅਤੇ 2004 ਵਿੱਚ ਸੋਧੀ ਗਈ। ਇੱਕ ਉੱਘੇ ਬੁਲਾਰੇ ਵਜੋਂ ਉਸਨੇ ਪੰਜਾਹ ਤੋਂ ਵੱਧ ਲੇਖ ਅਤੇ ਬ੍ਰਿੰਗਿੰਗ ਆਊਟ ਦਿ ਬੈਸਟ ਇਨ ਪੀਪਲ ਅਤੇ ਦਿ ਬੈਲੈਂਸਡ ਲਾਈਫ, ਦੋਵੇਂ ਹੀ ਆਗਸਬਰਗ ਬੁਕਸ ਨੇ ਪ੍ਰਕਾਸ਼ਿਤ ਕੀਤੀਆਂ, ਸਮੇਤ ਕਈ ਹੋਰ ਕਿਤਾਬਾਂ ਲਿਖੀਆਂ।

-o-o-o-

## ਬਗਾਵਤ ਦੇ ਕੇਂਦਰ ਵਿੱਚ

ਲੇਖਕ : ਗੌਤਮ ਨਵਲੱਖਾ




ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਦਿੱਲੀ) ਨਾਲ ਜੁੜੇ ਜਮਹੂਰੀ ਹੱਕਾਂ ਦੇ ਨਾਮਵਰ ਕਾਰਕੁੰਨ ਗੌਤਮ ਨਵਲੱਖਾ ਸਥਾਪਤੀ ਦੇ ਲੋਕ ਵਿਰੋਧੀ ਕਿਰਦਾਰ ਅਤੇ ਹਰ ਤਰ੍ਹਾਂ ਦੇ ਹਕੂਮਤੀ ਤੋਂ ਪਿਛਾਖੜੀ ਜ਼ਬਰ ਖਿਲਾਫ ਅਤੇ ਦੱਬੇ-ਕੁਚਲੇ ਅਵਾਮ ਦੇ ਹੱਕ ਵਿੱਚ ਬੇਖੌਫ ਆਵਾਜ਼ ਬੁਲੰਦ ਕਰਨ ਵਾਲੀ ਸ਼ਖਸੀਅਤ ਹਨ। ਲੰਮਾ ਸਮਾਂ ਉਹ ਇਕਨਾਮਿਕ ਐਂਡ ਪੁਲੀਟੀਕਲ ਵੀਕਲੀ ਦੇ ਸਲਾਹਕਾਰ ਸੰਪਾਦਕ ਵੀ ਰਹਿ ਚੁੱਕੇ ਹਨ। ਬਗਾਵਤ ਦੇ ਕੇਂਦਰ ਵਿੱਚ ਮਾਓਵਾਦੀ ਲਹਿਰ ਬਾਰੇ ਉਨ੍ਹਾਂ ਦੀ ਸ਼ਾਨਦਾਰ, ਭਰਵਾਂ ਤੇ ਬੇਬਾਕ ਰਾਜਸੀ ਵਿਸ਼ਲੇਸ਼ਣ ਪੇਸ਼ ਕਰਦੀ ਕਿਤਾਬ ਹੈ ਜੋ ਨਾ ਸਿਰਫ ਭਾਰਤੀ ਹਕੂਮਤ ਵੱਲੋਂ ਆਪਣੇ ਹੀ ਲੋਕਾਂ ਖਿਲਾਫ ਵਿੱਢੀ ਹੋਈ ਜੰਗ ਦਾ ਤੱਥਾਂ ਸਹਿਤ ਅਤੇ ਤਰਕਪੂਰਨ ਪਰਦਾਫਾਸ਼ ਕਰਦੀ ਹੈ ਸਗੋਂ ਮਾਓਵਾਦੀ ਲਹਿਰ ਬਾਰੇ ਸਿੱਧੇ ਅਨੁਭਵ ਦੇ ਆਧਾਰ 'ਤੇ ਬਾਹਰਮੁੱਖੀ ਅਤੇ ਸੰਤੁਲਿਤ ਜਾਣਕਾਰੀ ਵੀ ਮੁਹੱਈਆ ਕਰਦੀ ਹੈ। ਇਹ ਬੇਜੋੜ ਰਚਨਾ ਹਰ ਅਗਾਂਹਵਧੂ ਤੇ ਤਬਦੀਲੀ ਦੇ ਖਾਹਿਸ਼ਮੰਦ ਲਈ ਲਾਜ਼ਮੀ ਪੜ੍ਹੇ ਜਾਣ ਵਾਲੀ ਕਿਤਾਬ ਹੈ।

"ਅਹਿੰਸਾ ਦੇ ਸਭ ਤੋਂ ਕੱਟੜ ਹਮਾਇਤੀ ਵੀ ਮੰਨਦੇ ਹਨ ਕਿ ਖਾਸ ਹਾਲਾਤ ਜਾਂ ਪ੍ਰਸਥਿਤੀਆਂ ਵਿੱਚ ਹਿੰਸਾ ਜਾਇਜ਼ ਹੁੰਦੀ ਹੈ। ਸਹੂਲਤ ਵਿਹੂਣੇ ਹਿੱਸਿਆਂ ਦਾ ਕਤਲੇਆਮ ਕਰਨ, ਔਰਤਾਂ ਨਾਲ ਜਬਰ ਜਨਾਹ ਕਰਨ, ਬੱਚਿਆਂ ਦੀ ਹੱਤਿਆ ਕਰਨ ਤੋਂ ਦੰਗੇਬਾਜ਼ ਹਜੂਮ ਦਾ ਟਾਕਰਾ ਕਰਕੇ ਉਨ੍ਹਾਂ ਨੂੰ ਰੋਕਣਾ ਕਿਵੇਂ ਨਜਾਇਜ਼ ਹੈ.. ਖਾਸ ਕਰਕੇ ਜਦੋਂ ਇਹ ਮੰਨਿਆ ਜਾਂਦਾ ਹੈ ਕਿ ਰਾਜ ਤਾਂ ਖੁਦ ਅੱਤਵਾਦ ਦਾ ਵਿਰੋਧ ਕਰਨ ਦੇ ਨਾਂ ਹੇਠ, ਲੋਕ ਲਹਿਰਾਂ ਨੂੰ ਕੁਚਲਣ ਲਈ ਲੰਮੇ ਅਤੇ ਲਮਕਵੇਂ ਰੂਪ 'ਚ ਤਾਕਤ ਅਤੇ ਹਿੰਸਾ ਦਾ ਇਸਤੇਮਾਲ ਕਰਨ 'ਚ ਲੱਗਿਆ ਹੋਇਆ ਹੈ ਅਤੇ ਇਹ ਯਕੀਨੀ ਬਣਾਉਣ ਲਈ ਹਿੰਸਾ ਦੇ ਢਾਂਚੇ ਉੱਪਰ ਆਪਣੀ ਅਜ਼ਾਰੇਦਾਰੀ ਨੂੰ ਵਰਤ ਰਿਹਾ ਹੈ ਕਿ ਦੱਬੇ-ਕੁਚਲਿਆਂ ਦਾ ਹੱਥ ਕਦੇ ਵੀ ਉੱਪਰ ਨਾ ਹੋ ਸਕੇ। ਲਿਹਾਜ਼ਾ, ਇਹ ਮੰਨਣ ਤੋਂ ਝਿਜਕ ਕਿਉਂ ਕਿ ਲੁੱਟ-ਖਸੁੱਟ ਅਤੇ ਦਾਬੇ ਤੋਂ ਲੋਕਾਂ ਦੀ ਬੰਦ-ਖਲਾਸੀ ਲਈ ਤਾਕਤ ਦੀ ਵਰਤੋਂ ਬਰਾਬਰ ਜਾਇਜ਼ ਹੈ, ਹਾਲਾਂਕਿ ਇਹ ਲਾਜ਼ਮੀ ਮੰਨਦੇ ਹੋਏ ਕਿ ਟਾਕਰੇ ਦੀ ਹਰ ਕਾਰਵਾਈ ਆਪਣੇ ਆਪ 'ਚ ਲੋਕਾਂ ਦੇ ਕਾਜ ਨੂੰ ਅੱਗੇ ਨਹੀਂ ਵਧਾ ਰਹੀ ਹੁੰਦੀ।


".. ਬਗਾਵਤ ਰਾਜ ਦੇ ਵਜੂਦ ਸਮੋਇਆ ਅਤੇ ਇੱਕ ਅਨਿੱਖੜ ਹੱਕਹੈ ਜੋ ਓਦੋਂ ਹਰਕਤ 'ਚ ਆਉਂਦਾ ਹੈ ਜਦੋਂ ਰਾਜ, ਜਿਸਦੀ ਹਿੰਸਾ ਦੇ ਸਾਧਨਾਂ ਉੱਪਰ ਅਜਾਰੇਦਾਰੀ ਹੁੰਦੀ ਹੈ, ਇਨ੍ਹਾਂ ਦਾ ਇਸਤੇਮਾਲ ਯਥਾਸਥਿਤੀ ਨੂੰ ਬਰਕਰਾਰ ਰੱਖਣ ਲਈ ਤਰਫਦਾਰੀ ਨਾਲ ਕਰਦਾ ਹੈ ਅਤੇ ਅਵਾਮ ਲਈ ਜਾਬਰ ਹਾਲਾਤ ਸਦੀਵੀ ਤੌਰ 'ਤੇ ਬਣਾ ਦਿੰਦਾ ਹੈ ਅਤੇ ਇਨ੍ਹਾਂ ਨੂੰ ਵਾਰ-ਵਾਰ ਪੈਦਾ ਕਰਦਾ ਜਾਂਦਾ ਹੈ। ਅਜਿਹੇ ਹਕੀਕੀ ਜਾਂ ਸੰਭਾਵੀ ਹਾਲਾਤ ਵਿੱ ਚ ਹੁਕਮਰਾਨ ਜਮਾਤਾਂ ਲੋਕਾਂ ਨੂੰ ਅਪਮਾਨ ਅਤੇ ਗੁਲਾਮੀ ਦੀ ਜ਼ਿੰਦਗੀ 'ਚ ਜਕੜਨ ਦੇ ਯੋਗ ਹੋ ਜਾਂਦੀਆਂ ਹਨ। ਆਜ਼ਾਦੀ ਅਤੇ ਮੁਕਤੀ ਧਨਾਢਾਂ ਦਾ ਖਾਸ ਹੱਕ ਬਣ ਜਾਂਦੀ ਹੈ।

".. ਲਿਹਾਜ਼ਾ ਜਦੋਂ ਤੱਕ ਰਾਜ ਲੋਕਾਂ ਖਿਲਾਫ ਜੰਗ ਨੂੰ ਗੈਰਕਾਨੂੰਨੀ ਕਰਾਰ ਨਹੀਂ ਦਿੰਦਾ, ਭਾਵ ਮਾਣ ਇੱਜ਼ਤ ਵਾਲੀ ਜ਼ਿੰਦਗੀ ਅਤੇ ਆਪਣਾ ਭਵਿੱਖ ਤੈਅ ਕਰਨ ਦੇ ਹੱਕ ਲਈ ਲੜ ਰਹੇ ਲੋਕਾਂ ਦਾ ਲਗਾਤਾਰ ਹਿੰਸਕ ਦਮਨ ਕਰਨੋਂ ਨਹੀਂ ਹਟਦਾ, ਅਹਿੰਸਾ ਦੇ ਉਪਦੇਸ਼ ਕੋਈ ਮਾਇਨੇ ਨਹੀਂ ਰੱਖਦੇ।"

-o-o-o-

## ਕ੍ਰਾਂਤੀਕਾਰੀ ਐਗਨਸ ਸਮੈਡਲੀ

**ਲੇਖਕ : ਜਸਵਿੰਦਰ ਜੋਧਾ**





ਐਗਨਸ ਸਮੈਡਲੀ: ਸੰਸਾਰ ਪ੍ਰਸਿੱਧ ਕ੍ਰਾਂਤੀਕਾਰੀ ਰੈਡੀਕਲ ਵੀਰਾਂਗਣਾ ਅਤੇ ਸਮਾਜਵਾਦੀ ਲੇਖਕਾ, ਅਮਰੀਕਾ ਦੇ ਦੁਰਾਡੇ ਸ਼ਹਿਰ ਮਿਸੌਰੀ ਵਿੱਚ 1892 ਵਿੱਚ ਜਨਮੀ। ਪਰਿਵਾਰ ਦੀ ਆਰਥਿਕ ਤੰਗਹਾਲੀ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦਿਆਂ ਮੁੱਢਲੀ ਸਿੱਖਿਆ ਲਈ ਬੇਹੱਦ ਸੰਘਰਸ਼ ਕੀਤਾ। ਲਾਲਾ ਲਾਜਪਤ ਰਾਏ ਦੇ ਬਹਾਨੇ ਭਾਰਤੀ ਰਾਸ਼ਟਰਵਾਦੀ ਲਹਿਰ ਨਾਲ ਜੁੜੀ। ਭਾਰਤੀ ਗਦਰ ਪਾਰਟੀ ਦੇ ਸਹਿਯੋਗ ਲਈ ਸੰਸਥਾ ਬਣਾਈ ਤੇ ਗਦਰੀਆਂ ਦੀ ਸਹਾਇਤਾ ਕਰਨ ਦੇ ਦੋਸ਼ ਵਿੱਚ ਜੇਲ੍ਹ ਵਿੱਚ ਬੰਦ ਰਹੀ। ਰੂਸੀ ਇਨਕਲਾਬ ਪਿੱਛੋਂ ਸੰਸਾਰ-ਸਮਾਜਵਾਦ ਦਾ ਸੁਪਨਾ ਲੈ ਕੇ ਜਰਮਨੀ ਪੁੱਜੀ। ਭਾਰਤ ਦੀ ਆਜ਼ਾਦੀ ਲਹਿਰ ਲਈ ਵੀਰੇਂਦਰ ਨਾਥ ਚਟੋਪਾਧਿਆਇ ਦੇ ਸੁਪਨਿਆਂ ਦੀ ਭਿਆਲ ਬਣੀ। ਇੱਕ ਜੰਗੀ ਪੱਤਰਕਾਰ ਵਜੋਂ ਚੀਨ ਦੇ ਸੰਘਰਸ਼ ਦੇ ਸਾਲਾਂ ਵਿੱਚ ਕ੍ਰਾਂਤੀ ਦਾ ਖਾਕਾ ਤਿਆਰ ਕਰਦੀ ਰਹੀ। ਵਾਪਸ ਅਮਰੀਕਾ ਪਰਤੀ ਤੇ 1950 ਵਿੱਚ ਲੰਡਨ ਵਿੱਚ ਇਸ ਸੰਸਾਰ ਨੂੰ ਅਲਵਿਦਾ ਆਖ ਗਈ। ਕਾਮਰੇਡ ਮਾਓ ਨੇ ਉਸਨੂੰ ਚੀਨੀ ਕ੍ਰਾਂਤੀ ਦੀ ਮਸ਼ਾਲ ਕਿਹਾ। ਇਹ ਕਿਤਾਬ ਐਗਨਸ ਦੀ ਜੀਵਨੀ ਦੇ ਬਹਾਨੇ ਉਸਦੇ ਸਮਕਾਲ ਦੇ ਇਤਿਹਾਸ ਵੱਲ ਝਾਤ ਹੈ। ਬੇਹੱਦ ਰੌਚਿਕ ਸ਼ੈਲੀ ਵਿੱਚ ਲਿਖੀ ਗਈ ਇਹ ਜੀਵਨੀ ਐਗਨਸ ਬਾਰੇ ਪੰਜਾਬੀ ਵਿੱਚ ਛਪੀ ਪਹਿਲੀ ਕਿਤਾਬ ਹੈ। ਜਸਵਿੰਦਰ ਜੋਧਾ-ਪੰਜਾਬੀ ਦਾ ਨੌਜਵਾਨ ਕਵੀ ਅਤੇ ਵਿਚਾਰਕ ਹੈ। ਇਹ ਇਸ ਖੇਤਰ ਦੀ ਉਸਦੀ ਪਹਿਲੀ ਪੁਸਤਕ ਹੈ। ਲੇਖਕ ਵੀਹਵੀਂ ਸਦੀ ਦੇ ਇਨਕਲਾਬੀ ਇਤਿਹਾਸ ਦੇ ਕਈ ਹਨ੍ਹੇਰੇ ਪੱਖਾਂ 'ਤੇ ਰੌਸ਼ਨੀ ਪਾਉਂਦਾ ਇਸ ਕਿਤਾਬ ਦੇ ਹਵਾਲੇ ਨਾਲ ਇੱਕ ਸੰਵਾਦ ਦਾ ਆਰੰਭ ਕਰਦਾ ਹੈ।

-o-o-o-

## ਸਿਹਤ ਸੱਭਿਆਚਾਰ ਅਤੇ ਅੰਧ ਵਿਸ਼ਵਾਸ

ਲੇਖਕ : ਡਾ. ਸ਼ਿਆਮ ਸੁੰਦਰ ਦੀਪਤੀ




.. ਹੁਣ ਕੋਈ ਵਿਅਕਤੀ ਗਿਆਨ ਪ੍ਰਾਪਤ ਕਰਨ ਮਗਰੋਂ ਵੀ ਉਸ ਗਿਆਨ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਨਹੀਂ ਬਣਾਉਂਦਾ ਤਾਂ ਉਹ ਆਗਿਆਨੀ ਹੈ। ਜੇਕਰ ਕਿਸੇ ਨੂੰ ਪਤਾ ਹੈ ਕਿ ਖਸਰਾ ਬੀਮਾਰੀ ਇੱਕ ਵਾਇਰਸ ਨਾਲ ਹੁੰਦੀ ਹੈ। ਇਹ ਬੀਮਾਰੀ ਸਰੀਰ ਦੇ ਕਿਸੇ ਵੀ ਹਿੱਸੇ ਲਈ ਘਾਤਕ ਸਿੱਧ ਹੋ ਸਕਦੀ ਹੈ ਅਤੇ ਫਿਰ ਵੀ ਕੋਈ ਇਸ ਨੂੰ ਮਾਤਾ ਦਾ ਰੂਪ ਸਮਝ ਕੇ ਇਸ ਦੀ ਪੂਜਾ ਕਰੇ ਅਤੇ ਵਰਤ ਰੱਖੇ ਤਾਂ ਉਹ ਆਦਮੀ ਅਗਿਆਨੀ ਹੈ। ਜਦੋਂ ਕਿ ਚਾਹੀਦਾ ਇਹ ਹੈ ਕਿ ਕਿਸੇ ਵੀ ਗਿਆਨ ਨੂੰ ਜੋ ਕਿ ਵਿਗਿਆਨਕ ਆਧਾਰ 'ਤੇ ਪਰਖਿਆ ਹੋਵੇ, ਆਪਣੀ ਜ਼ਿੰਦਗੀ ਵਿੱਚ ਲਾਗੂ ਕਰਕੇ, ਉਸਦੇ ਸੁਖਾਵੇਂ ਸਿੱਟਿਆਂ ਨੂੰ ਮਾਣਿਆ ਜਾਵੇ। ਆਪਣਾ ਅਤੇ ਆਪਣੇ ਆਲੇ-ਦੁਆਲੇ ਦੇ ਜੀਵਨ ਨੂੰ ਸੁਹੱਪਣ ਭਰਿਆ ਬਣਾਇਆ ਜਾਵੇ।

* * *

.. ਵਿਸ਼ਵੀਕਰਨ ਅਤੇ ਇਸਦੇ ਤਹਿਤ ਵਿਸ਼ਵ ਵਪਾਰ ਸੰਸਥਾ ਨੀਤੀਗਤ ਮਾਮਲੇ ਹਨ। ਜਿਥੇ ਇਹ ਹੋਰ ਅਦਾਰਿਆਂ ਲਈ ਨੀਤੀਆਂ ਬਣਾਉਂਦੇ ਹਨ, ਉਥੇ ਦੇਸ਼ ਦੀਆਂ ਸਿਹਤ ਨੀਤੀਆਂ, ਦਵਾਈ ਨੀਤੀਆਂ ਅਤੇ ਸਿੱਖਿਆ ਦੇ ਪਹਿਲੂ ਤੇ ਵੀ ਆਪਣੇ ਪ੍ਰਭਾਵ-ਕੁਪ੍ਰਭਾਵ ਪਾਉਂਦੇ ਹਨ। ਇਹ ਬੜੇ ਹੀ ਸੂਖਮ ਤਰੀਕੇ ਨਾਲ ਕਿਸੇ ਵੀ ਦੇਸ਼ ਦੀ ਰਾਜਨੀਤੀ ਦੇ ਜ਼ਰੀਏ, ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹਨ।


* * *

.. ਸਾਡੇ ਸਮਾਜ ਵਿੱਚ ਬਹੁਗਿਣਤੀ ਉਨ੍ਹਾਂ ਦੀ ਹੈ ਜੋ ਲਾਈ-ਲੱਗ ਹਨ, ਜੋ ਆਪਣੀ ਵਿਵੇਕ ਬੁੱਧੀ ਦਾ ਇਸਤੇਮਾਲ ਨਹੀਂ ਕਰਦੇ। ਜੇਕਰ ਇੰਝ ਵੀ ਕਹੀਏ ਕਿ ਉਹ ਬਣੇ-ਬਣਾਏ ਰਾਹਾਂ ਤੇ ਤੁਰਨਾ ਪਸੰਦ ਕਰਦੇ ਹਨ, ਆਪ ਆਪਣੇ ਦਿਮਾਗ ਨਾਲ ਸਮੱਸਿਆਵਾਂ ਦਾ ਹੱਲ ਕੱਢਣ ਦੀ ਬਜਾਇ ਜਾਂ ਮਾੜਾ-ਮੋਟਾ ਸੋਚਣ ਦੀ ਬਜਾਏ, ਜ਼ਿੰਦਗੀ ਜੀਉਣ ਦਾ ਬਣਿਆ-ਬਣਾਇਆ ਢੰਗ ਵਰਤ ਕੇ ਹੀ ਖੁਸ਼ ਰਹਿੰਦੇ ਹਨ। ਇਸ ਲਈ ਅਧਿਐਨ ਅਤੇ ਵਿਸ਼ਲੇਸ਼ਣ ਕਰਨ ਵਾਲਿਆਂ ਦੀ, ਚੰਗੇ ਰਾਹ ਲੱਭਣ ਵਾਲਿਆਂ ਦੀ ਜਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਹੋਰਾਂ ਨੂੰ ਸਿਖਾਉਣ, ਸਮਝਾਉਣ ਅਤੇ ਬਿਹਤਰ ਜ਼ਿੰਦਗੀ ਦੇ ਰਾਹ ਪਾਉਣ।

-o-o-o-

## ਦੂਜਾ ਪਾਸਾ

**ਲੇਖਕ : ਡਾ. ਦਲਜੀਤ ਸਿੰਘ**




ਇਸ ਕਿਤਾਬ ਬਾਰੇ..

ਤੁਹਾਡੀ ਕਿਤਾਬ 'ਦੂਜਾ ਪਾਸਾ' ਬਹੁਤ ਹੀ ਦਿਲਕਸ਼ ਰਚਨਾ ਹੈ। ਬਹੁਤ ਦਿਲਚਸਪੀ ਨਾਲ ਪੜ੍ਹ ਰਿਹਾ ਹਾਂ।

**- ਖੁਸ਼ਵੰਤ ਸਿੰਘ**

.. ਕਲਯੁਗ ਦੇ ਇਸ ਪਹਿਰੇ ਵਿੱਚ ਕੀਮਤਾਂ ਦੀ ਟੁੱਟ-ਭੱਜ ਦੇ ਕਾਰਨ ਅਸੀਂ ਬਹੁਤਾ ਝੂਠ ਜਿਊਣ ਲੱਗ ਪਏ ਹਾਂ। ਅਜਿਹੇ ਸਮੇਂ ਵਿੱਚ ਸੱਚ ਦੀ ਭਾਲ ਵੱਲ ਤੁਰਨਾ ਜੋਖਮ ਭਰਿਆ ਕੰਮ ਹੈ ਤੇ ਇਸ ਕੰਮ ਲਈ ਬਹੁਤ ਮੁੱਲ ਤਾਰਨਾ ਪੈਂਦਾ ਹੈ। ਗੁਰਬਾਣੀ ਨਾਲ ਸਿੰਜੇ ਡਾ. ਸਾਹਿਬ ਸਿੰਘ ਦੇ ਸਪੁੱਤਰ ਡਾ. ਦਲਜੀਤ ਸਿੰਘ ਗੁਰਬਾਣੀ ਜੀਉਂਦੇ ਹਨ। ਜਿਸ ਕਰਕੇ ਉਨ੍ਹਾਂ ਦਾ ਸੱਚ ਦੀ ਭਾਲ ਵੱਲ ਤੁਰਨਾ ਕੁਦਰਤੀ ਹੈ ਅਤੇ ਸੁਭਾਵਿਕ ਵੀ। ਸਾਡਾ ਡਾ. ਦਲਜੀਤ ਸਿੰਘ ਨੂੰ ਪ੍ਰਣਾਮ ਕਰਨਾ ਬਣਦਾ ਹੈ। ਉਹ ਉਨ੍ਹਾਂ ਵਿਰਲੀਆਂ ਸ਼ਖਸੀਅਤਾਂ ਵਿੱਚੋਂ ਇੱਕ ਹਨ ਜੋ ਸਿਰਫ ਸੱਚ ਜਿਉਂਦੇ ਹਨ ਤੇ ਸਾਡੇ ਸਭ ਲਈ ਪ੍ਰੇਰਣਾ ਸ੍ਰੋਤ ਵੀ ਹਨ।

**- ਦਲੀਪ ਕੌਰ ਟਿਵਾਣਾ**

.. ਇੱਕ ਲੰਮੇ ਸਮੇਂ ਪਿੱਛੋਂ ਜੇਕਰ ਮੈਂ ਸਦਾ ਜਿਊਂਦੀ ਰਹਿਣ ਵਾਲੀ ਪੁਸਤਕ ਇਕੋ ਬੈਠਕ ਵਿੱਚ ਪੜ੍ਹੀ ਹੈ ਤਾਂ ਉਹ ਡਾ. ਦਲਜੀਤ ਸਿੰਘ ਰਚਿਤ 'ਦੂਜਾ ਪਾਸਾ'। ਅੰਤਰ ਰਾਸ਼ਟਰੀ ਵਿਸ਼ਿਆਂ ਉੱਤੇ ਹੈਰਾਨ ਕਰਨ ਵਾਲੀ ਸੱਚਾਈ ਤੇ ਆਧਾਰਿਤ ਇਤਨੀ ਗਿਆਨ ਭਰਪੂਰ ਰਚਨਾ ਰਚ ਕੇ ਡਾ. ਦਲਜੀਤ ਸਿੰਘ ਨੇ ਪੰਜਾਬੀ ਸਾਹਿਤ ਦੇ ਖਜ਼ਾਨੇ ਵਿੱਚ ਇੱਕ ਅਨਮੋਲ ਰਤਨ ਦਾ ਵਾਧਾ ਕੀਤਾ ਹੈ। ਅਗਿਆਨਤਾ ਅਤੇ ਝੂਠ ਦੇ ਘੋਰ ਹਨ੍ਹੇਰੇ ਵਿੱਚੋਂ ਨਿਕਲ ਕੇ ਸੱਚਾਈ ਦੇ ਰੌਸ਼ਨ ਮਾਰਗ ਵੱਲ ਜਾਣ ਲਈ ਇਹ ਪੁਸਤਕ ਪੱਥ ਪ੍ਰਦਰਸ਼ਕ ਹੈ।

**-ਗੁਰਦਿਆਲ ਸਿੰਘ (ਨਾਵਲਿਸਟ)**

.. ਡਾ. ਦਲਜੀਤ ਸਿੰਘ ਨੇ ਦੂਜਾ ਪਾਸਾ ਕਿਤਾਬ ਲਿਖ ਕੇ ਮਨੁੱਖਤਾ ਦੀ ਮਹਾਨ ਸੇਵਾ ਕੀਤੀ ਹੈ। ਇਸ ਇਨਸਾਨ ਨੇ ਅੱਜ ਤੱਕ ਅਨੇਕ ਲੋਕਾਂ ਦੀਆਂ ਬੀਮਾਰ ਅੱਖਾਂ ਨੂੰ ਰੌਸ਼ਨੀ ਦਿੱਤੀ ਹੈ, ਪਰ ਹੁਣ ਉਸ ਨੇ ਇਸ ਕਿਤਾਬ ਰਾਹੀਂ ਲੋਕਾਂ ਦੇ ਬੀਮਾਰ ਦਿਮਾਗ ਨੂੰ ਵੀ ਰੌਸ਼ਨ ਕਰ ਦਿੱਤਾ ਹੈ। **- ਜਸਵੰਤ ਸਿੰਘ ਕੰਵਲ**

.. ਤੁਹਾਡੀ ਕਿਤਾਬ ਦੂਜਾ ਪਾਸਾ ਹੁਣੇ ਹੀ ਪੜ੍ਹ ਕੇ ਹਟਿਆ ਹਾਂ। ਤੁਸੀਂ ਮੇਰੀਆਂ ਤੇ ਅਣਗਿਣਤ ਲੋਕਾਂ ਦੀਆਂ ਦਿਮਾਗੀ ਅੱਖਾਂ ਨੂੰ ਨਵੀਂ ਰੌਸ਼ਨੀ ਦਿੱਤੀ ਹੈ। **-ਸੁਖਬੀਰ**

.. ਤੁਹਾਡੀ ਪੁਸਤਕ 'ਦੂਜਾ ਪਾਸਾ' ਸਾਰੇ ਕੰਮ ਛੱਡ ਕੇ ਸਾਰੀ ਪੜ੍ਹੀ। ਤੁਹਾਡਾ ਇੰਕਸ਼ਾਫ ਹੈਰਾਨ ਕਰਨ ਵਾਲਾ ਅਤੇ ਬਹੁਤ ਦਿਲਚਸਪ ਹੈ। ਇਸ ਕਿਤਾਬ ਦਾ ਵੱਡਾ ਹਿੱਸਾ ਭੇਤ ਪ੍ਰਗਟਾਉ ਉੱਤੇ ਕੇਂਦਰਿਤ ਹੈ ਅਤੇ ਇਹ ਪ੍ਰਗਟਾਉ ਬਹੁਤ ਸੁਆਦਲਾ ਹੈ।

**- ਪਿਆਰਾ ਸਿੰਘ ਭੋਗਲ**

.. ਦੂਜਾ ਪਾਸਾ ਕਿਤਾਬ ਨੂੰ ਮੈਂ ਊੜੇ ਤੋਂ ਐੜੇ ਤੱਕ ਪੜ੍ਹਿਆ ਹੈ। ਨਿਰਸੰਦੇਹ ਦੂਜਾ ਪਾਸਾ ਪੰਜਾਬੀ ਵਿੱਚ ਆਪਣੀ ਭਾਂਤ ਦੀ ਪਹਿਲੀ ਮਹਾਨ ਰਚਨਾ ਹੈ ਜਿਸ ਦਾ ਗਿਆਨ ਸਾਹਿਤ ਦੇ ਪਿੜ ਵਿੱਚ ਕੋਈ ਸਾਨੀ ਨਹੀਂ।

**- ਕਰਨੈਲ ਸਿੰਘ ਥਿੰਦ**

.. ਦੂਜਾ ਪਾਸਾ ਪੁਸਤਕ ਵਿੱਚ ਬਹੁਤ ਕੁੱਝ ਨਵਾਂ ਹੈ ਅਤੇ ਅੰਦਾਜ਼ੇ ਨਾਲੋਂ ਵੀ ਨਵਾਂ ਹੈ। ਮਾਅਰਕੇ ਦੀ ਰਚਨਾ ਹੈ।


**- ਹਰਭਜਨ ਸਿੰਘ ਹੁੰਦਲ**

.. ਤੁਹਾਡੀ ਪੁਸਤਕ ਦੂਜਾ ਪਾਸਾ ਇੱਕ ਅਮਰ ਰਚਨ ਹੈ, ਜਿਸ ਰਾਹੀਂ ਗਿਆਨ ਦੇ ਵੇਰਵੇ ਇੱਕ ਪੁਖਤਗੀ ਬਖਸ਼ਦੇ ਹਨ। ਇਸ ਪੁਸਤਕ ਵਿਚਲੇ ਲੇਖਾਂ ਦੀ ਪਾਰਦਰਸ਼ੀ, ਲੋਕ ਪੱਖੀ ਭਾਵਨਾ ਦਾ ਆਪਣਾ ਇੱਕ ਵਿਲੱਖਣ ਯੋਗਦਾਨ ਹੈ। -ਓਮ ਪ੍ਰਕਾਸ਼ ਗਾਸੋ

-o-o-o-

## ਬੂਹੇ-ਬਾਰੀਆਂ

**ਲੇਖਕ : ਨਰਿੰਦਰ ਸਿੰਘ ਕਪੂਰ**




* ਦੂਰ ਜਾ ਕੇ ਹੀ ਪਤਾ ਲੱਗਦਾ ਹੈ

ਕਿ ਘਰ ਕੀ ਹੁੰਦਾ ਹੈ।

* ਅਸੀਂ ਮੌਤ ਤੋਂ ਨਹੀਂ ਡਰਦੇ, ਅਸੀਂ ਮਰਨ ਤੋਂ ਡਰਦੇ ਹਾਂ।

* ਮਹਾਨ ਕਵੀ, ਆਪਣੀ ਕਵਿਤਾਵਾਂ ਵਿੱਚ, ਜ਼ਬਾਨ ਦੇ ਖਜ਼ਾਨੇ ਭਰ ਦਿੰਦੇ ਹਨ।

* ਲੈਅ ਵਿੱਚ ਢਲੀ ਹੋਈ ਸੁੰਦਰਤਾ ਨੂੰ, ਕਵਿਤਾ ਕਹਿੰਦੇ ਹਨ।

* ਬੱਚੇ ਦਾ ਨਾਂ, ਮਾਪਿਆਂ ਵੱਲੋਂ ਬੱਚੇ ਨੂੰ ਮਿਲਿਆ ਤੋਹਫਾ ਹੁੰਦਾ ਹੈ।

* ਭਾਰਤ ਦੇ ਲੋਕ, ਧਰਮ ਤੋਂ ਸਿਵਾਇ, ਜੀਵਨ ਦੇ ਹਰ ਪੱਖ ਪ੍ਰਤੀ ਲਾਪਰਵਾਹ ਹਨ।

* ਪਿਆਰੇ ਨਾਲ ਗੱਲਾਂ ਕਰਦਿਆਂ, ਬੜੀਆਂ ਗੱਲਾਂ ਅਹੁੜਦੀਆਂ ਹਨ।

* ਪੰਜਾਹ ਸਾਲ ਦਾ ਵਿਅਕਤੀ ਸਭ ਪਾਸੇ ਤੋਂ ਤਬਲੇ ਵਾਂਗ ਕੱਸਿਆ ਹੁੰਦਾ ਹੈ।

* ਰੁਝੇਵੇਂ ਘੱਟਣ ਨਾਲ, ਯਾਦ ਸ਼ਕਤੀ ਵੀ ਘੱਟ ਜਾਂਦੀ ਹੈ।

* ਮੂਰਖ ਘੁੰਮਦੇ-ਫਿਰਦੇ ਹਨ, ਸਿਆਣੇ ਸੈਰ ਕਰਦੇ ਹਨ।

* ਜੇ ਮੌਤ ਨਾ ਹੁੰਦੀ ਤਾਂ ਕੋਈ ਧਰਮ ਵੀ ਨਹੀਂ ਸੀ ਹੋਣਾ।

* ਸਫਲ ਵਿਅਕਤੀ, ਬੁਢਾਪੇ ਵਿੱਚ ਵੀ ਲਾਭਕਾਰੀ ਕੰਮਾਂ ਵਿੱਚ ਰੁੱਝੇ ਰਹਿੰਦੇ ਹਨ।

* ਇਸਤਰੀ ਦੀ ਸੁੰਦਰਤਾ ਨਾਲੋਂ ਵੀ ਉਸਦਾ ਸ਼ਰਮਾਉਣਾ ਵਧੇਰੇ ਸੋਹਣਾ ਲੱਗਦਾ ਹੈ।

* ਆਰਾਮ ਤਾਂ ਹੀ ਚੰਗਾ ਲੱਗੇਗਾ, ਜੇ ਇਸਦੀ ਮਿਆਦ ਹੋਵੇ।

* ਉਹੀ ਜਾਨਵਰ ਬਿਮਾਰ ਪੈਂਦੇ ਹਨ, ਜਿਨ੍ਹਾਂ ਨੂੰ ਮਨੁੱਖ ਪਾਲਦਾ ਹੈ।

* ਜੂਆ, ਲੋਭ ਦਾ ਪੁੱਤਰ ਅਤੇ ਫਜ਼ੂਲ ਖਰਚੀ ਦਾ ਪਿਓ ਹੁੰਦਾ ਹੈ।

* ਕਿਸੇ ਸਾਹਮਣੇ ਝੂਠ ਬੋਲਣਾ, ਉਸ ਦੀ ਬੇਇੱਜ਼ਤੀ ਕਰਨ ਵਾਂਗ ਹੁੰਦਾ ਹੈ।

* ਕਈ ਦਿਨ ਮਤਰੇਈਆਂ ਮਾਵਾਂ ਵਰਗੇ ਹੁੰਦੇ ਹਨ।

* ਕੋਈ ਵੀ ਵਿਅਕਤੀ ਵਿਹਲਾ ਰਹਿ ਕੇ ਸੰਸਾਰ ਵਿੱਚ ਪ੍ਰਸਿੱਧ ਨਹੀਂ ਹੋਇਆ।

* ਨਾਸਤਕ ਦੀ ਸੌਂਹ ਦੇ ਕੋਈ ਅਰਥ ਨਹੀਂ ਹੁੰਦੇ।

* ਸ਼ਰਾਬੀ ਦਾ ਸੂਰਜ ਚੜ੍ਹਦਾ ਹੀ ਸ਼ਾਮ ਨੂੰ ਹੈ।

-o-o-o-

## ਜਮਹੂਰੀਅਤ ਕਟਹਿਰੇ ਵਿੱਚ

**ਲੇਖਕ : ਅਰੁੰਧਤੀ ਰਾਏ**




ਇਸ ਸੰਗ੍ਰਹਿ ਵਿੱਚ ਅਰੁੰਧਤੀ ਰਾਏ ਦੇ ਚੋਣਵੇਂ ਲੇਖ ਅਤੇ ਡੇਵਿਡ ਬਰਸਾਮੀਆਂ ਨਾਲ ਚਾਰ ਲੰਮੀਆਂ ਇੰਟਰਵਿਊ ਸ਼ਾਮਲ ਕੀਤੀਆਂ ਗਈਆਂ ਹਨ ਜੋ ਖੱਬੀਆਂ ਜਮਹੂਰੀਅਤਾਂ ਦੇ ਨਾਂਅ ਹੇਠ ਅਤੇ ਫੌਜੀ ਤਾਕਤ ਦੇ ਜ਼ੋਰ ਬਰਕਰਾਰ ਵਹਿਸ਼ੀ ਤਾਨਾਸ਼ਾਹੀਆਂ ਦਾ ਬਾਖੂਬੀ ਪਰਦਾਫਾਸ਼ ਕਰਦੀਆਂ ਹਨ ਅਤੇ ਮਨੁੱਖਤਾ ਦੀ ਬਿਹਤਰੀ ਤੇ ਸੱਚੀ ਤਰੱਕੀ ਲਈ ਸਾਮਰਾਜਵਾਦ ਤੇ ਸਰਮਾਏਦਾਰੀ ਨੂੰ ਖਤਮ ਕਰਕੇ ਇਸ ਦੀ ਥਾਂ ਇੱਕ ਇਨਸਾਫ ਤੇ ਬਰਾਬਰੀ ਆਧਾਰਿਤ ਦੁਨੀਆਂ ਉਸਾਰਨ ਦੀ ਅਣਸਰਦੀ ਲੋੜ ਉਪਰ ਜ਼ੋਰ ਦਿੰਦੀਆਂ ਹਨ

***

"ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਦੀ ਹਕੀਕਤ ਦੇ ਇਨ੍ਹਾਂ ਪ੍ਰੇਸ਼ਾਨ ਕਰਨ ਵਾਲੇ ਵੇਰਵਿਆਂ ਵਿੱਚ ਅਰੁੰਧਤੀ ਰਾਏ ਕਾਵਿਗਤ ਸ਼ੁੱਧਤਾ ਦੇ ਨਾਲ-ਨਾਲ ਤੱਥਗਤ ਸ਼ੁੱਧਤਾ ਬਣਾਈ ਰੱਖਦੀ ਹੈ। ਗੌਰਤਲਬ ਹੈ ਇਸ ਪਾਏ ਦਾ ਸੁਮੇਲ ਵਿਰਲਾ-ਟਾਵਾਂ ਹੀ ਕਰ ਸਕਦਾ ਹੈ। ਰਾਏ ਸਵਾਲ ਕਰਦੀ ਹੈ ਕਿ ਕੀ ਸਾਡੀ ਮੁਰਝਾਈ ਹੋਈ ਜਮਹੂਰੀਅਤ ਮਨੁੱਖ ਜਾਤੀ ਦਾ ਆਖਰੀ ਪੜਾਅ ਹੋਵੇਗੀ ਅਤੇ ਉਹ ਵਿਸਤਾਰ 'ਚ ਦਿਖਾਉਂਦੀ ਹੈ ਕਿ ਆਖਿਰ ਕਿਉਂ ਇਸ ਸੰਭਾਵਨਾ ਨੂੰ ਸਰਸਰੀ ਤੌਰ 'ਤੇ ਖਾਰਜ ਨਹੀਂ ਕੀਤਾ ਜਾ ਸਕਦਾ।

**-ਨੋਮ ਚੌਮਸਕੀ**

"ਹਿੰਦੁਸਤਾਨ ਦੀ ਉਭਰ ਰਹੀ ਮੰਡੀ ਦੀ ਐਨੀ ਜਸ਼ਨੀ ਖਰੀਦਦਾਰੀ ਦੇ ਬਾਵਜੂਦ, ਰਾਏ ਸਾਨੂੰ ਅਸਲੀ ਹਿੰਦੁਸਤਾਨ ਵਿੱਚ ਲੈ ਜਾਂਦੀ ਹੈ ਅਤੇ ਉਪਰਲੇ ਮੁਲੰਮੇ ਨੂੰ ਓਦੋਂ ਤੱਕ ਖੁਰਚਦੀ ਜਾਂਦੀ ਹੈ ਜਦੋਂ ਤੱਕ ਕਿ ਅਸੀਂ ਸਾਡੇ ਸਮਿਆ ਦੇ, ਸੰਭਵ ਤੌਰ ਤੇ ਸਭ ਤੋਂ ਚੁਣੌਤੀਪੂਰਨ ਸਵਾਲਾਂ ਦੇ ਰੂ-ਬ-ਰੂ ਹੋ ਜਾਂਦੇ ਕਿ ਵਿਕਾਸ ਦੇ ਨਾਂਅ 'ਤੇ ਆਖਿਰ ਅਸੀਂ ਕੀ-ਕੀ ਅਤੇ ਕਿਸ-ਕਿਸ ਦੀ ਬਲੀ ਦੇਣ ਦੀ ਇੱਛਾ ਰੱਖਦੇ ਹਾਂ? ਰਾਏ ਸਾਡੇ ਸਮਿਆਂ ਦੇ ਸਭ ਤੋਂ ਦ੍ਰਿੜ ਅਤੇ ਮੌਲਿਕ ਚਿੰਤਕਾਂ ਵਿੱਚੋਂ ਇੱਕ ਹੈ।"

**- ਨੈਓਮੀ ਕਲਾਈਨ**

ਅਰਮੀਨੀਆਈ-ਅਮਰੀਕਨ ਡੇਵਿਡ ਬਰਸਾਮੀਟਾਂ ਰੇਡੀਓ ਬ੍ਰਾਡਕਾਸਟਰ, ਲੇਖਕ ਅਤੇ ਇਨਾਮ ਜੇਤੂ ਸਿੰਡੀਕੇਟਿਡ ਰੇਡੀਓ ਪ੍ਰੋਗਰਾਮ ਆਲਟ੍ਰਨੇਟਿਵ ਰੇਡੀਓ ਦੇ ਬਾਨੀ ਅਤੇ ਨਿਰਦੇਸ਼ਕ ਹਨ। ਜੋ ਤਿੰਨ ਦਹਾਕਿਆਂ ਤੋਂ ਵੱਖੋ-ਵੱਖਰੇ ਮੁਲਕਾਂ ਦੇ 150 ਰੇਡੀਓ ਸਟੇਸ਼ਨਾਂ ਤੋਂ ਸੁਣਿਆ ਜਾਂਦਾ ਹੈ। ਉਹ ਵੰਨ-ਸੁਵੰਨੇ ਖੇਤਰਾਂ 'ਚ ਕੰਮ ਕਰਨ ਵਾਲੇ ਅਮਰੀਕਾ ਦੇ ਸਭ ਤੋਂ ਅਣਥੱਕ, ਚੋਟੀ ਦੇ ਆਜ਼ਾਦ ਖਿਆਲ ਪੱਤਰਕਾਰਾਂ ਵਿੱਚੋਂ ਇੱਕ ਹੈ। ਉਸਦੇ ਲੇਖ ਵੀਕ ਵਰਗੇ ਮਸ਼ਹੂਰ ਰਸਾਲਿਆਂ ਵਿੱਚ ਛਪਦੇ ਰਹਿੰਦੇ ਹਨ। ਉਹ ਆਲਮੀ ਮਾਮਲਿਆਂ, ਸਾਮਰਾਜਵਾਦ, ਸਰਮਾਏਦਾਰੀ, ਆਰਥਿਕ ਸੰਕਟ , ਮੀਡੀਆ ਤੇ ਪ੍ਰਚਾਰ ਸਾਧਨਾਂ ਉਪਰ ਕਾਰਪੋਰੇਟ, ਆਲਮੀ ਬਗਾਵਤਾਂ ਅਤੇ ਮਨੁੱਖੀ ਹੱਕਾਂ ਬਾਰੇ ਬੇਬਾਕੀ ਨਾਲ ਤਬਸਰੇ ਕਰਦਾ ਹੈ। ਨੋਮ ਚੌਮਸਕੀ, ਅਰੁੰਧਤੀ ਰਾਏ, ਹਾਵਰਡ ਜਿਨ, ਰਿਚਰਡ ਵੌਲਫ, ਤਾਰਿਕ ਅਲੀ, ਐਡਵਰਡ ਸਈਦ, ਇਕਬਾਲ ਅਹਿਮਦ ਆਦਿ ਚਿੰਤਕਾਂ ਨਾਲ ਉਸਦੇ ਸਵਾਲ-ਸੰਵਾਦ ਦੀਆਂ ਕਿਤਾਬਾਂ ਬਹੁਤ ਚਰਚਿਤ ਹੋਈਆਂ ਹਨ। ਜੰਮੂ-ਕਸ਼ਮੀਰ ਵਿੱਚ ਅਤੇ ਹੋਰ ਖਿੱਤਿਆਂ ਵਿੱਚ ਮਨੁੱਖੀ ਹੱਕਾਂ ਦੇ ਘਾਣ ਦਾ ਮੁੱਦਾ ਧੜੱਲੇ ਨਾਲ ਉਠਾਉਣ ਕਾਰਨ "ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ" ਦੀ ਹਕੂਮਤ ਨੇ 23 ਸਤੰਬਰ 2011 ਨੂੰ ਉਸਨੂੰ ਹਵਾਈ ਅੱਡੇ ਤੋਂ ਵਾਪਸ ਮੋੜ ਦਿੱਤਾ ਸੀ ਅਤੇ ਉਸਦੇ ਹਿੰਦੁਸਤਾਨ ਆਉਣ ਉੱਪਰ ਅਜੇ ਤੱਕ ਪਾਬੰਦੀ ਲੱਗੀ ਹੋਈ ਹੈ।


ਕਿਤਾਬਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ :

**ਹਰਬੰਸ ਸਿੰਘ** 416-817-7142

**ਮਾਸਟਰ ਭਜਨ** 403-455-4220

# Progressive taxation: the original crowdfunding






**Erika Shaker**

Perhaps it shouldn't come as a shock that, as ends no longer come close to meeting, and as households reel under the strain of systems and employers that treat quality of life as an inconvenience, people are turning to "alternative funding models" to try and buy themselves some security.

Which means that moms-to-be in the U.S., without maternity leave benefits, are crowdfunding to try and literally buy some time with their newborns.

Or recent graduates, increasingly desperate at the prospect of paying off their debt loads while barely staying afloat in an insecure job market, are hoping that sympathetic friends and strangers might kick(start) in a few bucks to help out.

Crowdfunding may just be the new way to finance your personal life, explains Forbes magazine (assuming that maternity leave benefits and a nation of graduates unburdened by crippling student debt in an increasingly insecure job market is only about one's personal life).

Indeed, on GoFundMe there are a reported total of 6,000 fundraising campaigns mentioning the words "maternity leave" or "childcare" (raising more than $9 million); between 2011-14, the number of campaigns mentioning "tuition" rose by a whopping 4,547%. After all, explains the cofounder of YouveGotFunds.com, "Why would college students want to graduate owing $150,000 plus in loans if they have family, friends and possibly community members who can help, enabling them to start their careers in a better place?"

But is monetizing the "kindness of strangers" a solution to the deeper problems that plague us? Or is just a way to reinforce the idea that if you can't individually overcome systemic inequality you better be good at marketing yourself to a sympathetic audience of potential patrons?

"Well, what do you expect?" some may say. "You're talking about the U.S. after all. In Canada we have a social safety net. Crowdfunding is just for extras."

**I mean, this is Canada.**

Canada. Where, as a result of longstanding federal government inaction, Idle No More started a crowdfunding campaign to build homes in First Nations communities, explaining to prospective donors that a "healthy, productive and dignified home brings life and joy to families."

Canada. Where legislative changes have also resulted in people having to seek alternative funding sources to launch constitutional challenges (which once could have been eligible for public funding through the Court Challenges Program).

But in a climate of "taxes are bad and program spending is worse", perhaps public interest litigation, like human rights and dignity for Indigenous families and communities, has been redefined as an "extra".

I have no problem with the idea of charitable giving in principle. People can—and do—give money to the various individuals, initiatives and causes they wish to support.

But the point is: it's voluntary. Which means you give the amount you choose or can afford to support who or what you want. And because of this it's inherently unreliable.

It may be nice (and depending on the size of the donation, it may get you lots of positive feedback and warm fuzzy feelings and newspaper headlines). It may be well intentioned. But none of that makes it fair.

Assuming fairness is what we're after, of course.

Because in the world of charities it's not those with the greatest amounts of money who give the largest proportion of it it to causes they agree with (yes, even when taking branded wings of hospitals and university schools of management into consideration). It's those who have the least who proportionately give the most. Which may be not so bad when we're talking about boutique projects—but it's an inherently inefficient way to fund a basic quality of life for all of us.

The most recent set of revelations of global tax avoidance by the wealthiest have underscored how collective responsibility without accountability can become a voluntary activity based on privilege. Where, as it has been said: wealth doesn't trickle down; it gushes offshore.

There's no question that our current model needs work—loopholes must be closed, and those who attempt to pay their way out of civic responsibility (along with those who profit from this lucrative industry of avoidance) must be held accountable.

We deserve a system that comes with full assurance that those who make the most, pay the most (even if their less glamorous, tax-based contribution doesn't come with our slavish gratitude); one that efficiently and fairly ensures that we all contribute to and benefit from our collective investments in social and economic growth.

Not based on pet projects. Not based on fair-weather or self-serving (frequently tax deductible and definitely media friendly) generosity. Based on a sense of communal responsibility and the acknowledgement of how a better standard of living is good for all of us—not just those in a position to contribute the most to it (or to theirs').

Progressive taxation is the original crowdfunding. When it comes to the public good, keep your standards high. And accept no substitutes.

Erika Shaker is Director of Education and Outreach at the CCPA. Follow Erika on Twitter @ErikaShaker.

# ਭਾਰਤੀ ਕਿਸਾਨ ਯੂਨੀਅਨ, ਏਕਤਾ (ਡਕੌਂਦਾ) ਦਾ ਸੂਬਾ ਡੈਲੀਗੇਟ ਇਜਲਾਸ ਪੂਰੇ ਜੋਸ਼ੋ-ਖਰੋਸ਼ ਨਾਲ ਹੋਇਆ

**ਜਗਮੋਹਨ ਸਿੰਘ ਪਟਿਆਲਾ**

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦਾ ਸੂਬਾ ਡੈਲੀਗੇਟ ਇਜਲਾਸ 29 ਮਾਰਚ ਨੂੰ ਦੁਪਹਿਰ ਸ਼ੁਰੂ ਹੋ ਕੇ 31 ਮਾਰਚ ਨੂੰ ਸ਼ਾਮ ਤੱਕ ਪੂਰੇ ਜੋਸ਼ੋ ਖਰੋਸ਼ ਨਾਲ ਹੋਇਆ।

ਇਹ ਇਜਲਾਸ ਜਥੇਬੰਦੀ ਦੇ ਮਰਹੂਮ ਜ਼ਮੀਨੀ ਘੋਲ ਦੇ ਸ਼ਹੀਦ ਪ੍ਰਿਥੀਪਾਲ ਚੱਕ ਅਲੀਸ਼ੇਰ ਨੂੰ ਸਮਰਪਿਤ ਸੀ ਜੋ ਪਿਛਲੇ ਇਜਲਾਸ ਤੋਂ ਬਾਅਦ 10 ਅਕਤੂਬਰ 2010 ਨੂੰ ਜ਼ਮੀਨੀ ਘੋਲ ਦੌਰਾਨ, ਪੀੜਤ ਕਿਸਾਨ ਦੀ ਜ਼ਮੀਨ ਹੜੱਪਣ ਵਾਲੇ ਆੜ੍ਹਤੀਏ ਅਤੇ ਗੁੰਡਾ ਗਰੋਹ ਨਾਲ ਤਿੱਖੀ ਝੜਪ ਵਿਚ ਸ਼ਹਾਦਤ ਦੇ ਗਏ ਸਨ।

ਇਜਲਾਸ ਦੀ ਸ਼ੁਰੂਆਤ ਸਮੁੱਚੇ ਕਿਸਾਨੀ ਘੋਲ ਦੇ ਸ਼ਹੀਦਾਂ ਅਤੇ ਖਾਸ ਤੌਰ 'ਤੇ ਸ਼ਹੀਦ ਪ੍ਰਿਥੀਪਾਲ ਚੱਕ ਅਲੀਸ਼ੇਰ ਨੂੰ ਜਥੇਬੰਦੀ ਦਾ ਝੰਡਾ ਨੀਵਾ ਕਰਕੇ ਸ਼ਰਧਾਂਜਲੀ ਦੀ ਰਸਮ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ 'ਧਨੇਰ' ਨੇ ਅਦਾ ਕੀਤੀ।

ਸਾਰੇ ਪੰਡਾਲ ਵਿਚ ਪਹੁੰਚੇ 100 ਦੇ ਕਰੀਬ ਡੈਲੀਗੇਟਾਂ ਸੈਂਕੜੇ ਆਗੂਆਂ ਤੇ ਵਰਕਰਾਂ ਨੇ ਇਸ ਸਮੇਂ 2 ਮਿੰਟ ਦਾ ਮੋਨ ਧਾਰ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਸਮੇਂ ਅਜਮੇਰ 'ਅਕਲੀਆਂ' ਦੇ ਗੀਤ ਨੇ ਮਾਹੌਲ ਨੂੰ ਗਮਗੀਨ ਤੇ ਰੋਹ ਭਰਪੂਰ ਬਣਾ ਦਿੱਤਾ।

ਇਸ ਉਪਰੰਤ 'ਸ਼ਹੀਦ ਸਾਥੀਓ ਤੁਹਾਡਾ ਪੈਗਾਮ, ਜਾਰੀ ਰੱਖਣਾ ਹੈ ਸੰਗਰਾਮ' ਦੇ ਨਾਅਰਿਆਂ ਦੀ ਗੂੰਜ 'ਚ ਜਥੇਬੰਦੀ ਦਾ ਝੰਡਾ ਲਹਿਰਾਇਆ ਗਿਆ।

ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਆਪਣੇ ਸੰਖੇਪ ਸੰਬੋਧਨ 'ਚ ਸ਼ਹੀਦ ਦੇ ਰਾਹ 'ਤੇ ਚੱਲਣ ਦਾ ਪ੍ਰਣ ਦੁਹਰਾਉਂਦਿਆਂ ਕਿਹਾ ਕਿ ਅੱਜ ਹੋਰ ਵੀ ਦ੍ਰਿੜ ਇਰਾਦੇ ਨਾਲ ਤਿੱਖੇ, ਲੰਮੇ ਤੇ ਸਾਂਝੇ ਸੰਘਰਸ਼ਾਂ ਤੋਂ ਬਿਨਾ ਕੋਈ ਚਾਰਾ ਨਹੀਂ। ਸਿਰਫ ਤੇ ਸਿਰਫ਼ ਤਿੱਖੇ ਸੰਘਰਸ਼ ਹੀ ਪੰਜਾਬ ਦੀ ਪੀੜਤ ਕਰਜ਼ਾਈ ਕਿਸਾਨੀ ਨੂੰ ਬਚਾਅ ਸਕਦੇ ਹਨ ਜਿਸ ਲਈ ਸਾਨੂੰ ਹੋਰ ਵੱਧ ਤਨਦੇਹੀ ਅਤੇ ਕੁਰਬਾਨੀ ਨਾਲ ਅਗਵਾਈ ਕਰਨ ਵੱਲ ਵਧਣਾ ਚਾਹੀਦਾ ਹੈ।

ਪ੍ਰਧਾਨ ਦੇ ਸੰਖੇਪ ਸੰਬੋਧਨ ਤੋਂ ਬਾਅਦ ਪਿਛਲੀ ਸੂਬਾ ਕਮੇਟੀ ਨੂੰ ਭੰਗ ਕਰਨ ਦਾ ਐਲਾਨ ਅਤੇ ਇਜਲਾਸ ਨੂੰ ਜਮਹੂਰੀ ਢੰਗ ਨਾਲ ਚਲਾਉਣ ਲਈ ਸੂਬਾ ਕਮੇਟੀ ਵਲੋਂ 5 ਮੈਂਬਰੀ ਪ੍ਰਧਾਨਗੀ ਮੰਡਲ ਦਾ ਪ੍ਰਸਤਾਵ ਰੱਖਿਆ, ਜਿਸ ਨੂੰ ਪ੍ਰਵਾਨਗੀ ਹਾਜ਼ਰ ਡੈਲੀਗੇਟਾਂ ਤੋਂ ਦਰਸ਼ਕਾਂ ਨੇ ਸਰਬਸੰਮਤੀ ਨਾਲ ਦਿੱਤੀ।

ਪ੍ਰਧਾਨਗੀ ਮੰਡਲ ਜਿਨ੍ਹਾਂ ਦੀ ਅਗਵਾਈ ਵਿਚ ਇਹ ਇਜਲਾਸ ਹੋਇਆ, ਉਸ ਵਿਚ ਸਨ ਸਰਵਸ੍ਰੀ ਕੁਲਵੰਤ ਸਿੰਘ ਕਿਸ਼ਨਗੜ੍ਹ, ਸੁਖਵਿੰਦਰ ਸਿੰਘ ਬਾਵਾ, ਡਾ. ਦਰਸ਼ਨ ਪਾਲ, ਗੁਰਮੀਤ ਸਿੰਘ ਭੱਟੀਵਾਲ ਅਤੇ ਹਰਨੇਕ ਸਿੰਘ ਮਹਿਮਾ।

ਬਕਾਇਦਗੀ ਨਾਲ ਇਜਲਾਸ ਸ਼ੁਰੂ ਹੋਣ 'ਤੇ ਸਭ ਤੋਂ ਪਹਿਲਾਂ ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਪਿਛਲੇ 5 ਸਾਲ ਦੀ ਵਿਸਥਾਰਤ ਲੇਖਾ-ਜੋਖਾ ਰਿਪੋਰਟ ਜੋ ਸਾਰੇ ਡੈਲੀਗੇਟਾਂ ਨੂੰ ਪਹਿਲਾਂ ਦਿੱਤੀ ਹੋਈ ਸੀ, ਪੜ੍ਹ ਕੇ ਪੇਸ਼ ਕੀਤੀ। ਸੂਬਾ ਜਨਰਲ ਸਕੱਤਰ ਵਲੋਂ ਲੇਖਾ-ਜੋਖਾ ਰਿਪੋਰਟ ਪੇਸ਼ ਕਰਨ ਉਪਰੰਤ ਸੂਬਾ ਜਨਰਲ ਸਕੱਤਰ ਰਾਮ ਸਿੰਘ ਮਟੋਰੜਾ ਨੇ ਸਾਰੇ ਸੈਸ਼ਨ ਦੌਰਾਨ ਆਮਦਨ ਤੇ ਖਰਚੇ ਦੀ ਰਿਪੋਰਟ ਵੀ ਇਜਲਾਸ ਵਿਚ ਪੜ੍ਹ ਕੇ ਸੁਣਾਈ।

ਰਿਪੋਰਟ ਇਜਲਾਸ ਵਿਚ ਪੇਸ਼ ਹੋਣ ਤੋਂ ਬਾਅਦ ਤਰਤੀਬ ਅਨੁਸਾਰ ਇਸ 'ਤੇ ਵਿਚਾਰ-ਵਟਾਂਦਰੇ ਲਈ ਪ੍ਰਧਾਨਗੀ ਮੰਡਲ ਨੇ ਡੈਲੀਗੇਟਾਂ ਨੂੰ ਸੱਦਾ ਦਿੱਤਾ।

ਸਾਰੇ ਡੈਲੀਗੇਟਾਂ ਵਿਚੋਂ ਬਹੁਤਿਆਂ ਨੇ ਇਸ ਲੇਖਾ-ਜੋਖਾ ਰਿਪੋਰਟ ਪੂਰੀ ਸਿਆਣਪ ਤੇ ਅਨੁਸ਼ਾਸਨ 'ਚ ਰਹਿ ਕੇ ਬੜੀ ਗੰਭੀਰਤਾ ਨਾਲ ਆਪਣੇ ਵਿਚਾਰ ਪੇਸ਼ ਕੀਤੇ।

ਇਸ ਵਿਚਾਰ-ਵਟਾਂਦਰੇ ਵਿਚ ਮੁੱਖ ਨੋਟ ਕਰਨ ਵਾਲਾ ਪਹਿਲੂ ਇਹ ਹੈ ਕਿ ਜਿਥੇ ਸਾਥਕਾ ਸੂਬਾਈ ਲੀਡਰਸ਼ਿਪ ਦੀ ਅਗਵਾਈ ਦੀ ਬਹੁਤੇ ਡੈਲੀਗੇਟਾਂ ਨੇ ਸ਼ਲਾਘਾ ਕੀਤੀ, ਉਥੇ ਕਈ ਮਸਲਿਆਂ ਵਿਚ ਪਹਿਲਕਦਮੀ ਲੈਣ ਅਤੇ ਹੋਰ ਕਈ ਘਾਟਾਂ ਦੀ ਆਲੋਚਨਾ ਵੀ ਬੇਕਿਰਕ ਹੋ ਕੇ ਰੱਖੀ। ਰੱਖੀ ਆਲੋਚਨਾ ਨੂੰ ਸੂਬਾਈ ਆਗੂਆਂ ਨੇ ਜੀ ਆਇਆਂ ਕਹਿ ਕੇ ਜਾਇਜ਼ ਆਲੋਚਨਾ ਨੂੰ ਸਵੀਕਾਰਿਆ ਅਤੇ ਰਹੇ ਭਰਮ ਭੁਲੇਖਿਆਂ ਦਾ ਪੂਰੇ ਠਰੰਮੇ ਨਾਲ ਵਿਸਥਾਰਤ ਜਵਾਬ ਦਿੱਤੇ।

ਉਪਰੋਕਤ ਵਿਚਾਰ ਚਰਚਾ ਵਿਚ ਜੋ ਭਖਦੇ ਮਸਲੇ ਵਿਚਾਰੇ ਗਏ ਜੋ ਸਾਡੇ ਮਤਿਆਂ ਅਤੇ ਕਾਰਜਾਂ ਦਾ ਅੰਗ ਵੀ ਬਣੇ ਉਨ੍ਹਾਂ ਵਿਚ ਪ੍ਰਮੁੱਖ ਹੇਠ ਲਿਖੇ ਹਨ।

(ੳ) ਭਾਰਤ ਸਮੇਤ ਦੁਨੀਆਂ ਦੇ ਗ਼ਰੀਬ ਤੇ ਪਛੜੇ ਦੇਸ਼ਾਂ ਦੇ ਕੁਦਰਤੀ ਸੋਮਿਆਂ (ਜਲ, ਜੰਗਲ ਤੇ ਜ਼ਮੀਨ) ਉੱਤੇ ਸਾਮਰਾਜੀ ਸੰਸਾਰੀਕਰਨ ਦੀਆਂ ਨੀਤੀਆਂ ਰਾਹੀਂ ਸੰਸਾਰ ਬੈਂਕ ਕੌਮਾਂਤਰੀ ਮੁੰਦਰਾ ਫੰਡ ਤੇ ਸੰਸਾਰ ਵਪਾਰ ਸੰਸਥਾ ਰਾਹੀਂ ਉਹਨਾਂ ਦੀ ਮੰਡੀ ਦੀ ਲੁੱਟ ਤੇ ਉਹਨਾਂ ਉੱਪਰ ਦਾਬਾ ਤੇ ਧੌਂਸ ਕਾਇਮ ਕਰਨ ਰਾਹੀਂ ਖਾਸ ਸਮੇਂ ਕਿਸਾਨਾਂ ਮਜ਼ਦੂਰਾਂ (ਸਮੇਤ ਹੋਰ ਮਿਹਨਤੀ ਲੋਕਾਂ) ਦੀ ਦਿਨੋ ਦਿਨ ਤਿੱਖੀ ਕੀਤੀ ਜਾ ਰਹੀ ਲੁੱਟ ਵਿਰੁੱਧ ਉਹਨਾਂ ਨੂੰ ਚੇਤੰਨ ਅਤੇ ਲਾਮਬੰਦ ਕਰਨਾ।

(ਅ) ਸਾਮਰਾਜੀ ਸੰਸਥਾਵਾਂ (ਸੰਸਾਰ ਬੈਂਕ, ਆਈ ਐਮ ਐੱਫ ਤੇ ਡਬਲਯੂ ਟੀ ਓ) ਦੀਆਂ ਸੰਸਾਰੀਰਕਨ ਦੀਆਂ ਨੀਤੀਆਂ ਤਹਿਤ ਭਾਰਤ ਤੇ ਇਸ ਵਰਗੇ ਦੱਬੇ ਕੁਚਲੇ ਮੁਲਕਾਂ ਉੱਪਰ ਆਪਣੇ ਪਿੱਠੂ ਹਾਕਮਾਂ ਤੇ ਉਹਨਾਂ ਦੀਆਂ ਪਾਰਟੀਆਂ ਰਾਹੀਂ ਕਿਸਾਨਾਂ ਮਜ਼ਦੂਰਾਂ ਤੇ ਹੋਰ ਮਿਹਨਤੀ ਲੋਕਾਂ ਦੀ ਲੁੱਟ ਨੂੰ ਬੀਤੇ ਦੇ ਸਾਰੇ ਸਮਿਆਂ ਨਾਲੋਂ ਹੋਰ ਵਧੇਰੇ ਤਿੱਖੀ ਕਰਨ ਲਈ ਲਾਗੂ ਕੀਤੀਆਂ ਜਾ ਰਹੀਆਂ ਲੋਟੂ ਤੇ ਧੱਕੜ ਨੀਤੀਆਂ ਦਾ ਡਟਵਾਂ ਵਿਰੋਧ ਕਰਦੇ ਹੋਏ ਜਨਤਕ ਸੰਘਰਸ਼ ਦੇ ਅਖਾੜੇ ਮਘਾਉਣ ਭਖਾਉਣ ਲਈ ਸਰਗਰਮ ਯਤਨ ਜੁਟਾਉਣਾ।

(ੲ) ਵਿਦੇਸ਼ੀ ਤੇ ਦੇਸ਼ੀ ਹਾਕਮਾਂ ਵੱਲੋਂ ਸੰਸਾਰੀਕਰਨ ਤਹਿਤ ਕੀਤੇ ਜਾ ਰਹੇ ਨਵੇਂ ਹੱਲੇ ਰਾਹੀਂ ਕਿਸਾਨਾਂ ਤੇ ਪੇਂਡੂ ਗ਼ਰੀਬਾਂ ਦੇ ਜੀਵਨ ਨਿਰਬਾਹ ਤੇ ਖਾਦ ਖੁਰਾਕ ਦਾ ਸਾਧਨ ਬਣੀ ਆ ਰਹੀ ਖੇਤੀ ਦੀ ਹੋਰ ਵੀ ਵੱਡੀ ਪੱਧਰ ਉੱਤੇ ਤਬਾਹੀ ਕਰਦੇ ਹੋਏ ਆਪਣੀ ਲੁੱਟ ਨੂੰ ਹੋਰ ਵਧੇਰੇ ਤਿੱਖਾ ਕਰਨ ਲਈ ਇਸ ਖੇਤੀ ਨੂੰ ਸਨਅਤੀ ਵਪਾਰਕ ਖੇਤੀ 'ਚ ਤਬਦੀਲ ਕਰਨ ਦੀਆਂ ਨੀਤੀਆਂ ਸਬੰਧੀ ਕਿਸਾਨਾਂ ਮਜ਼ਦੂਰਾਂ ਨੂੰ ਚੇਤੰਨ ਕਰਨ ਤੇ ਇਸ ਵਿਰੁੱਧ ਲਾਮਬੰਦ ਕਰਨਾ।

(ਸ) ਹਰੇ ਇਨਕਲਾਬ ਸਮੇਂ ਜਿਨਸਾਂ ਦੀ ਖਰੀਦੋ ਫਰੋਕਤ ਲਈ ਆਪਣੀ ਲੋਟੂ ਲੋੜ 'ਚੋਂ ਤਹਿ ਕੀਤੇ ਐਮ.ਐੱਸ.ਪੀ (ਜਿਣਸਾਂ ਦਾ ਘੱਟੋ ਘੱਟ ਖਰੀਦ ਮੁੱਲ) ਇਸ ਲਈ ਖੜੇ ਕੀਤੇ ਢਾਂਚੇ ਨੂੰ ਖਤਮ ਕਰਨ ਦੀਆਂ ਘੜੀਆਂ ਜਾ ਰਹੀਆਂ ਨੀਤੀਆਂ ਦਾ ਵਿਰੋਧ ਕਰਨ ਤੇ ਫਸਲਾਂ ਦੀ ਖਰੀਦੋ ਫਰੋਕਤ ਲਈ ਮੁਲਕ ਪੱਧਰ ਉੱਤੇ ਖੁੱਲੀ ਮੰਡੀ ਦੀ ਬੇਹੱਦ ਘਿਣਾਉਣੀ ਤੇ ਤਬਾਹ ਕਰੂ ਨੀਤੀ ਤਹਿਤ ਮੰਡੀ ਉਸਾਰਨ ਦੀਆਂ ਚੱਲੀਆਂ ਜਾ ਰਹੀਆਂ ਚਾਲਾਂ ਦਾ ਪਰਦਾਫਾਸ਼ ਕਰਨ ਤੇ ਇਸ ਵਿਰੁੱਧ ਲਾਮਬੰਦੀ ਕਰਨੀ।

(ਹ) ਕਿਸਾਨਾਂ ਦੀਆਂ ਵੱਖੋ ਵੱਖਰੇ ਢੰਗਾਂ ਰਾਹੀਂ ਜ਼ਮੀਨਾਂ ਹਥਿਆਉਣ ਦੇ ਮੁਲਕ ਪੱਧਰ ਉੱਤੇ ਵਿੱਢੇ ਹੱਲੇ ਵਿਰੁੱਧ ਸ਼ੰਘਰਸ਼ ਨੂੰ ਹੋਰ ਵੀ ਤੇਜ਼ ਕਰਨਾ ਅਤੇ ਜ਼ਮੀਨ ਦੀ ਕਾਣੀ ਵੰਡ ਨੂੰ ਦੂਰ ਕਰਨ ਲਈ ਹਕੀਕੀ ਰੂਪ 'ਚ 17 ਸਟੈਂਡਰ ਏਕੜ ਦੇ ਤਹਿ ਕੀਤੇ ਕਾਨੂੰਨ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਕਰਦੇ ਹੋਏ ਇਸ ਕਾਨੂੰਨ ਨੂੰ ਹਾਕਮਾਂ ਵੱਲੋਂ ਖਤਮ ਕਰਕੇ ਜਮੀਨ ਨੂੰਕਾਰਪੋਰੇਟ ਘਰਾਣਿਆ ਤੇ ਹੋਰ ਕੁੱਝ ਹੱਥਾਂ 'ਚ ਕੇਂਦਰਤ ਕਰਨ ਦੀਆਂ ਸਾਜਿਸ਼ਾਂ ਦਾ ਪਰਦਾਚਾਕ ਕਰਨਾ।

(ਕ) ਭਾਰਤ ਸਰਕਾਰ ਵੱਲੋਂ ਖੇਤੀਬਾੜੀ ਉਪਜਾਂ ਦੇ ਵਾਜਿਬ ਭਾਅ ਅਤੇ ਲਾਗਤਾਂ ਦੇ ਕੀਮਤਾਂ ਘੱਟ ਕਰਨ ਤੇ ਫਸਲਾਂ ਦੀ ਮੰਡੀ ਕਰਨ ਦੀ ਗਰੰਟੀ ਕਰਨ ਤੋਂ ਭੱਜਣ, ਫਸਲਾਂ ਦੇ ਖਰੀਦੋ ਫਰੋਕਤ ਅਤੇ ਕਰਜ਼ੇ ਨਾਲ ਜੁੜੀਆਂ ਸਰਕਾਰੀ ਏਜੰਸੀਆਂ ਅਤੇ ਬੈਂਕਾਂ ਦੇ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਅਤੇ ਹੋਰ ਧਾਂਦਲੀਆਂ ਵਿਰੁੱਧ ਸੰਘਰਸ਼ ਕਰਨਾ

(ਖ) ਵਪਾਰੀਆਂ ਤੇ ਸੂਦਖੋਰਾਂ ਵੱਲੋਂ ਉੱਚੀਆਂ ਵਿਆਜ਼ ਦਰਾਂ ਨਾਲ ਕਿਸਾਨੀ ਦਾ ਖੂਨ ਚੂਸਣ ਅਤੇ ਨਕਲੀ ਤੇ ਘਟੀਆਂ ਮਿਆਰ ਦੇ ਬੀਜਾਂ , ਖਾਦਾਂ,ਕੀਟਨਾਸ਼ਕ ਤੇ ਨਦੀਨ ਨਾਸ਼ਕ ਸਪਲਾਈ ਕਰਕੇ ਅਤੇ ਹੋਰ ਢੰਗ ਤਰੀਕੇ ਵਰਤ ਕੇ ਠੱਗਣ ਵਿਰੁੱਧ ਤਿੱਖਾ ਸੰਘਰਸ਼ ਕਰਨਾ ਅਤੇ ਅਜਿਹੀਆਂ ਚੀਜਾਂ ਦੀ ਵਿਕਰੀ ਉੱਤੇ ਪਬੰਧੀ ਲਾਉਣ ਦੀ ਮੰਗ ਕਰਨਾ

2. (ੳ) ਖੁਦਕਸ਼ੀਆਂ ਦੇ ਰੁਝਾਨ ਨੂੰ ਠੱਲ ਪਾਉਣ ਲਈ ਕਰਜੇ ਤੋਂ ਪੀੜਤ ਕਿਸਾਨਾਂ ਦੇ ਸਮੁੱਚੇ ਕਰਜ਼ੇ ਉੱਤੇ ਲੀਕ ਮਰਵਾਉਣ ਅਤੇ ਉਹਨਾਂ ਨੂੰ ਬਿਨਾਂ ਵਿਆਜ ਤੋਂ ਨਵਾਂ ਕਰਜ਼ਾ ਦਵਾਉਣ ਲਈ ਅਤੇ ਮੁਜਾਰੇ ਤੇ ਅਬਾਦਕਾਰਾਂ ਨੂੰ ਘਰ ਤੇ ਜਮੀਨ ਦੇ ਮਾਲਕੀ ਹੱਕ ਦਿਵਾਉਣ, ਆੜਤੀਆਂ/ਸ਼ਾਹੂਕਾਰਾਂ ਦੇ ਕਰਜੇ ਨੂੰ ਫਸਲੀ ਕਰਜਾ ਘੋਸ਼ਿਤ ਕਰਾਉਣ ਲਈ ਅਤੇ ਖਾਲੀ ਪ੍ਰੋਨੋਟ, ਝੂਠੇ ਬੈਨਾਮੇ, ਬਹੀਆਂ ਅਤੇ ਕਿਸਾਨਾਂ ਤਾਂ ਲਏ ਖਾਲੀ ਚੈੱਕਾਂ ਦੀ ਮਾਨਤਾ ਰੱਦ ਕਰਾਉਣ ਲਈ ਸੰਘਰਸ਼ ਕਰਨਾ।

(ਅ) ਤਬਾਹ ਕੀਤੀ ਜਾ ਰਹੀ ਖੇਤੀ ਅਤੇ ਇਸ 'ਚੋਂ ਬੇਰੁਜ਼ਗਾਰੀ ਵੱਲ ਧੱਕੇ ਜਾ ਰਹੇ ਕਿਸਾਨ ਪਰਿਵਾਰਾਂ ਤੇ ਉਹਨਾਂ ਦੇ ਬੱਚਿਆਂ ਨੂੰ ਰੁਜ਼ਗਾਰ ਮੁਹੱਈਆ ਕਰਨ ਦੀ ਗਰੰਟੀ ਕਰਨ ਅਤੇ ਆੜ੍ਹਤੀਆਂ ਦੇ ਤੰਦੂਆਂ ਜਾਲ 'ਚੋਂ ਕੱਢਣ ਲਈ ਲੰਬੀ ਮਿਆਦ ਦੇ ਵਿਆਜ਼ ਰਹਿਤ ਕਰਜ਼ੇ ਮੁਹੱਈਆ ਕੀਤੇ ਜਾਣ ਲਈ ਸੰਘਰਸ਼ ਕਰਨਾ।

(ੲ) ਫਿਰਕੂ ਫਾਸ਼ੀ ਹੱਲਿਆਂ ਖਾਸ ਕਰਕੇ ਹਿੰਦੂ ਕੌਮਵਾਦ ਭੜਕਾ ਕੇ ਮਜ਼ਦੂਰਾਂ ਕਿਸਾਨਾਂ ਤੇ ਮਿਹਨਤੀ ਲੋਕਾਂ ਨੂੰ ਆਪਸੀ ਭਰਾ ਮਾਰ ਲੜਾਈ 'ਚ ਝੋਕਣ ਵਿਰੁੱਧ ਉਹਨਾਂ ਦੇ ਜਮਾਤੀ ਏਕੇ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਲਈ ਸੰਘਰਸ਼ ਕਰਨਾ ਤੇ ਹਰ ਕਿਸਮ ਦੀਆਂ ਫਿਰਕੂ ਸ਼ਾਜਸਾ ਵਿਰੁੱਧ ਲੜਨਾ

(ਸ) ਮੁਲਕ ਸਮੇਤ ਪੰਜਾਬ ਅੰਦਰ ਵੱਖ ਵੱਖ ਕੌਮੀਅਤਾਂ ਸਮੇਤ ਧਾਰਮਿਕ ਘੱਟ ਗਿਣਤੀਆਂ ਆਦਿ ਦੇ ਹੱਕੀ ਸੰਘਰਸ਼ਾਂ ਨੂੰ ਲਾਠੀ ਗੋਲੀ ਨਾਲ ਦਬਾਉਣ ਦੀ ਨੀਤੀ ਵਿਰੁੱਧ ਸੰਘਰਸ਼ ਕਰਨਾ ਤੇ ਕਾਨੂੰਨੀ ਤੌਰ ਤੇ ਸਜ਼ਾ ਕੱਟ ਚੁੱਕੇ ਲੋਕਾਂ (ਸਮੇਤ ਧਾਰਮਿਕ ਘੱਟ ਗਿਣਤੀਆਂ ਦੀ) ਰਿਹਾਈ ਲਈ ਜੱਦੋ ਜਹਿਦ ਕਰਨਾ

(ਹ) ਕੌਮੀਅਤਾਂ ਸਮੇਤ ਪੰਜਾਬੀ ਕੌਮੀਅਤ ਦੇ ਸੋਮਿਆਂ ਨੂੰ ਲੁੱਟਣ ਵਿਰੁੱਧ ਜੱਦੋ ਜਹਿਦ ਕਰਨਾ ਵਿਸ਼ੇਸ਼ ਤੌਰ 'ਤੇ ਪੰਜਾਬ ਦੀ ਜਰਖੇਜ਼ ਜ਼ਮੀਨ ਤੇ ਪਾਣੀ ਆਦਿ ਦੇ ਸੋਮਿਆਂ ਦੀ ਬੇਕਿਰਕ ਲੁੱਟ ਦੀ ਰਾਇਲਟ ਹਾਸਿਲ ਕਰਨ ਅਤੇ ਦਰਿਆਈ ਪਾਣੀਆਂ ਦੀ ਰਿਪੇਰੀਅਨ ਕਾਨੂੰਨ ਮੁਤਾਬਕ ਨਿਆਂਈ ਵੰਡ ਕਰਾਉਣ ਲਈ ਜੱਦੋ ਜਹਿਦ ਨੂੰ ਆਪਣੀ ਸਮੁੱਚੀ ਜੱਦੋ ਜਹਿਦ ਦਾ ਅੰਗ ਬਣਾਉਣਾ। ਧਰਤੀ ਹੇਠ ਪਾਣੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਜੱਦੋ ਜਹਿਦ ਕਰਨਾ ਪੰਜਾਬ ਦੇ ਚੰਡੀਗੜ੍ਹ ਤੇ ਭਾਸ਼ਈ ਇਲਾਕਿਆਂ ਦਾ ਜਮਹੂਰੀ ਢੰਗ ਨਾਲ ਨਿਪਟਾਰਾ ਕਰਾਉਣ ਦੀ ਮੰਗ ਕਰਦੇ ਹੋਏ ਪੰਜਾਬੀ ਲੋਕਾਂ (ਕਿਸਾਨਾਂ ਮਜ਼ਦੂਰਾਂ ਤੇ ਮਿਹਨਤੀ ਲੋਕਾਂ) ਨਾਲ ਕੀਤੇ ਜਾ ਰਹੇ ਧੱਕੇ ਵਿਤਕਰੇ ਅਤੇ ਸਿਆਸੀ ਤਿਕੜਮਬਾਜ਼ੀ ਵਿਰੁੱਧ ਸੰਘਰਸ਼ ਕਰਨਾ।

(ਕ) ਪਿੰਡਾਂ ਅੰਦਰ ਢੁੱਕਵੀਆਂ ਸੇਹਤ ਦੇ ਸਿੱਖਿਆ ਸਹੂਲਤਾਂ ਦੀ ਗਰੰਟੀ ਕਰਨ ਅਤੇ ਖੇਤੀਬਾੜੀ ਧੰਦੇ ਤੋਂ ਬਾਹਰ ਹੋ ਚੁੱਕਿਆਂ ਲਈ ਰੁਜ਼ਗਾਰ ਯਕੀਨੀ ਬਣਾਉਣ ਦੀ ਮੰਗ ਕਰਨਾ। ਉਜਾੜੇ ਅਧੀਨ ਆਏ ਕਿਸਾਨ ਜਿਹੜੇ ਬੇਰੁਜ਼ਗਾਰ ਹਨ ਅਤੇ ਪੇਂਡੂ ਕਾਮਿਆਂ ਲਈ ਦੇ ਪੱਕੇ ਅਤੇ ਬਕਾਇਦਾ ਰੁਜ਼ਗਾਰ ਦੀ ਮੰਗ ਕਰਨਾ ਗ਼ਰੀਬ ਦਰਮਿਆਨੇ ਪੂੰਜੀ ਪੱਖੋਂ ਅਸਮਰੱਥ ਕਿਸਾਨਾਂ ਲਈ ਬਿਜਲੀ ਪਾਣੀ ਖਾਦ ਬੀਜ ਦਵਾਈਆਂ ਮਸ਼ੀਨਰੀ ਅਤੇ ਹੋਰ ਖੇਤੀ ਲਾਗਤੀ ਵਸਤਾਂ ਨੂੰ ਸਬਸਿਡੀ ਦੇਣ ਦੀ ਮੰਗ ਕਰਨਾ

(ਕ1) ਕਿਸਾਨਾਂ ਅਤੇ ਖੇਤੀ ਧੰਦੇ ਨਾਲ ਜੁੜੇ ਮੇਹਨਤਕਸ਼ਾਂ ਨੂੰ 60 ਸਾਲ ਦੀ ਉਮਰ ਤੋਂ ਬਾਅਦ,ਉਸ ਦੇ ਜੀਵਨ ਭਰ ਖੇਤੀ ਧੰਦੇ'ਚ ਕੀਤੀ ਹੱਡ ਭੰਨਵੀਂ ਮਿਹਨਤ ਦੇ ਇਵਜ ਵਜੋਂ ਉਸ ਦੇ ਜੀਵਨ ਨਿਰਵਾਹ ਲਈ ਪੰਜ ਹਜਾਰ ਰੁ. ਪ੍ਰਤੀ ਮਹੀਨਾ ਪੈਨਸਨ ਦੇਣ ਦੀ ਗਰੰਟੀ ਕਰਾਉਣ ਲਈ ਸੰਘਰਸ਼ ਕਰਨਾ।

(ਕ2) ਪੇਂਡੂ ਖੇਤਰ'ਚ ਰਹਿ ਰਹੇ ਤੇ ਪੜ੍ਹ ਰਹੇ ਪੇਂਡੂ ਮੇਹਨਤਕਸ਼ ਲੋਕਾਂ ਦੇ ਬੱਚਿਆਂ ਨੂੰ ਮਿਆਰੀ ਤੇ ਮੁਫਤ ਸਿੱਖਿਆ ਦੇਣ ਤੇ ਉਸ ਤੋਂ ਅੱਗੇ ਉਚੇਰੀ ਸਿੱਖਿਆ'ਚ ਦਾਖਲੇ ਲਈ ਸੀਟਾਂ ਰਿਜਰਵ ਕਰਵਾਉਣ ਲਈ ਸੰਘਰਸ਼ ਕਰਨਾ ਸਾਡੀ ਜਰੂਰੀ ਲੋੜ ਹੈ।

(ਕ3) ਖੇਤੀ ਦੀ ਤਬਾਹੀ'ਚੋਂ ਬੇਘਰ ਹੋ ਰਹੇ ਕਿਸਾਨਾਂ ਤੇ ਖੇਤੀ ਤੇ ਨਿਰਭਰ ਬੇਘਰੇ ਪੇਂਡੂ ਗਰੀਬਾਂ ਨੂੰ ਘਰ ਮੁਹੱਈਆ ਕਰਵਾਉਣ ਲਈ ਸੰਘਰਸ਼ ਕਰਨਾ।

(ਖ) ਗ਼ਰੀਬ ਕਿਸਾਨ ਪਰਿਵਾਰਾਂ ਨੂੰ ਬਚਾਉਣ ਲਈ ਸਹਿਕਾਰੀ ਖੇਤੀ ਨੂੰ ਬੜ੍ਹਾਵਾ ਦੇਣ ਅਤੇ ਰਿਆਇਤੀ ਦਰਾਂ ਉੱਤੇ ਕਰਜ਼ੇ ਮਸ਼ੀਨੀ ਬੀਜ ਅਤੇ ਹੋਰ ਲਾਗਤਾਂ ਉਪਲੱਬਦ ਕਰਾਉਣ ਦੀ ਮੰਗ ਕਰਨ ਕਿਸਾਨਾਂ ਨੂੰ ਕੁਦਰਤੀ ਆਫਤਾਂ ਤੇ ਫਸਲੀ ਖਰਾਬਾਂ ਤੋਂ ਬਚਾਉਣ ਲਈ ਫਸਲੀ ਬੀਮਾ ਸਕੀਮ ਚਲਾਉਣ ਦੀ ਮੰਗ ਕਰਨਾ।

(ਗ) ਘੱਟੋ ਘੱਟ ਖਰੀਦ ਮੁੱਲ,ਸਰਕਾਰੀ ਖਰੀਦ ਅਤੇ ਸਟੋਰਿੰਗ ਏਜੰਸੀਆਂ ਨੂੰ ਬਰਕਰਾਰ ਰੱਖਣ ਦੇ ਨਾਲੋਂ ਨਾਲ ਮਜ਼ਬੂਤ ਕਰਨ ਦੀ ਮੰਗ ਕਰਨਾ।

(ਘ) ਪੰਜਾਬ ਅੰਦਰ ਮਜ਼ਦੂਰਾਂ ਕਿਸਾਨਾਂ ਤੇ ਹੋਰ ਮਿਹਨਤੀ ਲੋਕਾਂ ਖਾਸ ਕਰਕੇ ਨੌਜਵਾਨਾਂ ਨੂੰ ਗਾਲ ਰਹੇ ਨਸ਼ਿਆ ਨੂੰ ਬੰਦ ਕਰਾਉਣ ਲਈ ਨਸ਼ਿਆਂ ਦੀ ਤਸਕਰੀ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਾਉਣ ਲਈ ਜੱਦੋ ਜਹਿਦ ਕਰਨਾ।

(ਘ) ਪੰਜਾਬ ਦੇ ਲੋਕਾਂ ਦੇ ਸੰਘਰਸ਼ਾਂ ਨੂੰ ਦਬਾਉਣ ਕੁਚਲਣ ਲਈ ਬਣਾਇਆ ਸਰਕਾਰੀ ਅਤੇ ਨਿੱਜੀ ਜਾਇਦਾਦ ਦੇ ਨੁਕਸਾਨ ਰੋਕੂ ਕਾਨੂੰਨ (ਕਾਲਾ ਕਾਨੂੰਨ) 2014 ਨੂੰ ਵਾਪਸ ਕਰਾਉਣ ਲਈ ਜੱਦੋ ਜਹਿਦ ਕਰਨਾ

(ਛ) ਖੇਤੀ ਦੀ ਤਬਾਹੀ'ਚੋਂ ਵਿਸ਼ੇਸ਼ ਤੌਰ ਤੇ ਔਰਤਾਂ ਉੱਤੇ ਪੈ ਰਹੇ ਬੇਹੱਦ ਬੁਰੇ ਅਸਰਾਂ ਨੂੰ ਖਤਮ ਕਰਾਉਣ ਲਈ ਉਹਨਾਂ ਨੂੰ ਰੁਜ਼ਗਾਰ ਰਿਹਾਇਸ਼ ਵਿੱਦਿਆ ਸੇਹਤ ਸਹੂਲਤਾਂ ਬਿਜਲੀ ਪਾਣੀ ਸਮਾਜਿਕ ਨਿਆਂ ਤੇ ਪੈਨਸ਼ਨ ਆਦਿ ਦੀ ਗਰੰਟੀ ਕਰਨ ਦੀ ਮੰਗ ਕਰਨਾ।

(ਜ) ਆਮ ਰੂਪ 'ਚ ਮਿਹਨਤਕਸ਼ ਔਰਤਾਂ ਨਾਲ ਖਾਸ ਕਰ ਕਿਸਾਨਾਂ ਤੇ ਖੇਤੀ ਧੰਦੇ ਨਾਲ ਜੁੜੇ 'ਤੇ ਨਿਰਭਰ ਔਰਤਾਂ'ਤ ਪਿਤਾ ਪੁਰਖੀ ਬਾਬੇ ਅਤੇ ਲੁੱਟ ਦੀ ਪੈ ਰਹੀ ਦੋਹਰੀ ਮਾਰ ਵਿਰੁੱਧ ਸੰਘਰਸ਼ ਕਰਨਾ ਸਾਡੀ ਅਣਸਰਦੀ ਲੋੜ ਹੈ। ਔਰਤਾਂ ਜੋਕਿ ਆਬਾਦੀ ਦਾ ਅੱਧ ਹਨ,ਇਸ ਕਰਕੇ ਸਾਡੀ ਇਹ ਅੱਤ ਜਰੂਰੀ ਲੋੜ ਹੈ ਕਿ ਅਸੀਂ ਉਨ੍ਹਾਂ ਤੇ ਪੈ ਰਹੇ ਦਾਬੇ ਤੇ ਲੁੱਟ ਦੀ ਦੋਹਰੀ ਮਾਰ ਵਿਰੁੱਧ ਜੱਦੋਜਹਿਦ ਕਰਦੇ ਹੋਏ ਉਨ੍ਹਾਂ ਨੂੰ ਚੇਤੰਨ ਤੇ ਲਾਮਬੰਦ ਕਰਦੇ ਹੋਏ ਆਪਣੇ ਸੰਘਰਸ਼ਾਂਦਾ ਸਰਗਰਮ ਹਿੱਸਾ ਬਣਾਈਏ।

(ਝ) ਕਿਸਾਨੀ ਸੰਘਰਸ਼ਾਂ ਦੇ ਅੰਗ ਵਜੋਂ ਸਾਡਾ ਸਭ ਤੋਂ ਨੇੜਲਾ ਸੰਗੀ ਖੇਤੀ ਦਾ ਅਟੁੱਟ ਅੰਗ ਬਣਿਆ ਪੇਂਡੂ ਮਜਦੂਰ ਤੇ ਪੇਂਡੂ ਗਰੀਬ ਹੈ। ਜਿਨ੍ਹਾਂ ਨਾਲ ਜਮਾਤੀ ਏਕਾ ਕਾਇਮ ਕਰਨਾ ਸਾਡੀ ਜਰੂਰੀ ਲੋੜ ਹੈ। ਪਰ ਉਹ ਸਦੀਆਂ ਤੋਂ ਜਾਤੀ-ਪਾਤੀ ਵਿਤਕਰੇ ਅਤੇ ਦਾਬੇ ਦਾ ਸ਼ਿਕਾਰ ਹਨ। ਇਸ ਵਾਸਤੇ ਇਹ ਬਹੁਤ ਜਰੂਰੀ ਹੈ ਕਿ ਅਸੀਂ ਜਾਤ-ਪਾਤੀ ਤੇ ਦਲਿਤ ਵਿਰੋਧੀ ਪ੍ਰਬੰਧ ਵਿਰੁੱਧ ਸੰਘਰਸ਼ ਨੂੰ ਹਰ ਸਮੇਂ ਆਪਣੇ ਸੰਘਰਸ਼ ਦਾ ਹਿੱਸਾ ਬਣਾਈਏ।

3. (ੳ) ਜਥੇਬੰਦੀ ਦੇ ਵਿਕਾਸ ਲਈ ਆਪਣੀ ਪਹਿਲ ਕਦਮੀ ਉੱਤੇ ਕਿਸਾਨ ਮੰਗਾਂ/ਮਸਲਿਆਂ ਸਬੰਧੀ ਸੰਘਰਸ਼ ਨੂੰ ਉਠਾਉਣਾ। ਲੋੜ ਪੈਣ ਤੇ ਭਰਾਤਰੀ ਹਮਾਇਤ ਲੈਣਾ ਅਤੇ ਦੇਣਾ। ਸਾਂਝੀ ਮਹੱਤਤਾ ਵਾਲੇ ਮਸਲਿਆਂ ਉੱਪਰ ਘੱਟੋ ਘੱਟ ਸਾਂਝ ਦੇ ਅਧਾਰ ਉੱਤੇ ਵੱਖੋ-ਵੱਖਰੀਆਂ ਜਨਤਕ ਜਥੇਬੰਦੀਆਂ ਆਦਿ ਨਾਲ ਤਾਲਮੇਲ ਕਰਨਾ ਅਤੇ ਸਾਂਝੀ ਸਰਗਰਮੀ ਦਾ ਅਮਲ ਵਿੱਢਣ ਵਾਸਤੇ ਉਪਰਾਲਿਆਂ ਨੂੰ ਹੋਰ ਵਧੇਰੇ ਤੇਜ਼ ਕਰਨਾ ਤਾਂ ਕਿ ਸਾਂਝੇ ਦੁਸ਼ਮਣ ਦੇ ਖਿਲਾਫ ਵਿਸ਼ਾਲ ਜਨਤਕ ਲਹਿਰ ਬਣਾਉਣ ਵੱਲ ਵਧਿਆ ਜਾ ਸਕੇ ਜੋ ਕਿ ਮੌਜੂਦਾ ਸਮੇਂ ਦੀ ਬਹੁਤ ਵੱਡੀ ਲੋੜ ਹੈ।

(ਅ) ਬੀ.ਕੇ.ਯੂ ਏਕਤਾ ਅੰਦਰ ਉੱਠਣ ਵਾਲੇ ਵੱਖ ਵੱਖ ਅਦਾਰਿਆਂ ਅੰਦਰ ਆਪਸੀ ਵਿਚਾਰ ਵਟਾਂਦਰਾ ਕਰਨ ਦਾ ਮਾਹੌਲ ਪੈਦਾ ਕਰਨਾ। ਘੱਟ ਗਿਣਤੀ ਵਿਚਾਰਾਂ ਨੂੰ ਦਬਾਉਣ ਅਤੇ ਜਥੇਬੰਦੀ ਅੰਦਰ ਖੁੱਲ੍ਹ ਖੇਡਣ ਦੀਆਂ ਗਲਤ ਬਿਰਤੀਆਂ ਦੇ ਖਿਲਾਫ ਰੋਕ ਲਾਉਣੀ

(ੲ) ਜਥੇਬੰਦੀ ਦੇ ਵੱਖ-ਵੱਖ ਅਦਾਰਿਆਂ ਅੰਦਰ ਸਮੂਹਿਕ ਜ਼ਿੰਮੇਵਾਰੀ ਦੇ ਕਾਰ ਵਿਹਾਰ ਅਤੇ ਦਰੁਸਤ ਜਥੇਬੰਦਕ ਤੌਰ ਤਰੀਕਿਆਂ ਬਾਰੇ ਅਤੇ ਖਾਸ ਕਰਕੇ ਵੱਖ ਵੱਖ ਪੱਧਰ ਤੇ ਆਗੂ ਕਾਰਕੁੰਨਾਂ ਨੂੰ ਸਿਖਿਅਤ ਕਰਨਾ। ਜਥੇਬੰਦਕ ਜਬਤ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਅਤੇ ਢਿੱਲ ਮੱਠ ਅਤੇ ਦੋਚਿੱਤੀ ਦੇ ਮਾਹੌਲ ਉੱਤੇ ਕਾਬੂ ਪਾਉਣਾ।

(ਸ) ਜਥੇਬੰਦੀ ਦੇ ਵਿਧਾਨ ਅਤੇ

ਉਦੇਸ਼ਾਂ ਨੂੰ ਜਥੇਬੰਦੀ ਅੰਦਰ ਪਰਪੱਕ ਕਰਦਿਆਂ ਇਹਨਾਂ ਨੂੰ ਲਾਗੂ ਕਰਨ ਦੀ ਮਹੱਤਤਾ ਉੱਤੇ ਜ਼ੋਰ ਦੇਣਾ।

ਪੇਸ਼ ਮਤੇ ਜੋ ਇਜਲਾਸ ਮੌਕੇ ਪੇਸ਼ ਹੋਏ ਉਨ੍ਹਾਂ ਨੂੰ ਹੇਠ ਲਿਖੇ ਅਨੁਸਾਰ ਸਰਬਸੰਮਤੀ ਨਾਲ ਪਾਸ ਕੀਤਾ ਗਿਆ

(ੳ) ਡਾ. ਸਵਾਮੀਨਾਥਨ ਦੀ ਰਿਪੋਰਟ ਕੇਂਦਰ ਸਰਕਾਰ ਆਪਣੇ ਵਾਅਦੇ ਮੁਤਾਬਕ ਲਾਗੂ ਕਰੇ ਤੇ ਸੂਬਾ ਸਰਕਾਰ ਲਾਗੂ ਕਰਵਾਏ। ਕਿਸਾਨਾਂ ਨੂੰ ਉਨ੍ਹਾਂ ਦੀਆਂ ਉਪਜਾਂ ਦੇ ਲਾਹੇਵੰਦ ਭਾਅ 50% ਮੁਨਾਫੇ ਨਾਲ ਸਾਰੀਆਂ ਫਸਲਾਂ ਦੇ ਦਿੱਤੇ ਜਾਣ। ਸਾਰੀਆਂ ਫਸਲਾਂ ਨੂੰ ਘੱਟੋ-ਘੱਟ ਸਹਾਇਕ ਕੀਮਤ (ਐਮ.ਐਸ.ਪੀ.) ਅਧੀਨ ਲਿਆਂਦਾ ਜਾਵੇ।

(ਅ) ਸਰਕਾਰੀ ਸਕੂਲਾਂ ਨੂੰ ਫੇਲ੍ਹ ਕਰਨ ਦੀ ਪ੍ਰਾਈਵੇਟ ਸਕੂਲਾਂ ਨੂੰ ਫੀਸਾਂ ਅਤੇ ਦਾਖਲਿਆਂ ਅਤੇ ਹੋਰ ਫੰਡਾਂ ਰਾਹੀਂ ਲੁੱਟ ਖਸੁੱਟ ਬੰਦ ਕੀਤਾ ਜਾਵੇ। ਇਸ ਖਿਲਾਫ਼ ਮਿਹਨਤੀ ਲੋਕਾਂ ਦੇ ਚਲ ਰਹੇ ਸੰਘਰਸ਼ ਨੂੰ ਜਥੇਬੰਦ ਪੂਰਨ ਸਮਰਥਨ ਦੇਵੇਗੀ।

(ੲ) ਕੇਂਦਰੀ ਯੂਨੀਵਰਸਿਟੀਆਂ 'ਚ ਵਿਦਿਆਰਥੀਆਂ ਦੇ ਹੱਕੀ ਸੰਘਰਸ਼ ਅਤੇ ਬੋਲਣ 'ਤੇ ਲਾਈਆਂ ਪਾਬੰਦੀਆਂ ਖਤਮ ਕੀਤੀਆਂ ਜਾਣ ਅਤੇ ਵੱਖੋ-ਵੱਖ ਢੰਗ ਨਾਲ ਵਿਦਿਆਰਥੀਆਂ ਦੇ ਬਣਾਏ ਝੂਠੇ ਕੇਸ ਤੁਰੰਤ ਵਾਪਸ ਲਏ ਜਾਣ।

(ਸ) ਸੰਘਰਸ਼ਾਂ ਦੌਰਾਨ ਜਥੇਬੰਦੀ ਦੇ ਆਗੂਆਂ ਤੇ ਵਰਕਰਾਂ 'ਤੇ ਬਣਾਏ ਕੇਸ (ਸਮੇਤ ਰੇਲਵੇ ਪੁਲਿਸ ਵਾਲੇ) ਤੁਰੰਤ ਵਾਪਸ ਲਏ ਜਾਣ।

(ਹ) ਜਥੇਬੰਦੀ ਦੇ ਸੀਨੀਅਰ ਆਗੂ ਮਨਜੀਤ ਸਿੰਘ ਧਨੇਰ ਦੀ ਉਮਰ ਕੈਦ ਦੀ ਸਜ਼ਾ ਪੰਜਾਬ ਸਰਕਾਰ ਤੁਰੰਤ ਵਾਪਸ ਕਰੇ।

ਉਪਰੋਕਤ ਕਾਰਜ ਕੱਢਣ ਉਪਰੰਤ ਸੂਬਾ ਲੀਡਰਸ਼ਿਪ ਦੀ ਚੋਣ ਪ੍ਰਧਾਨਗੀ ਮੰਡਲ ਦੀ ਨਿਗਰਾਨੀ ਤਹਿਤ ਪੁਰਾਣੀ ਸੂਬਾ ਕਮੇਟੀ ਨੇ ਇਕ ਪੈਨਲ ਪੇਸ਼ ਕੀਤਾ ਇਸ ਪੈਨਲ 'ਤੇ ਕਈ ਪੱਖਾਂ ਤੋਂ ਕਈ ਡੈਲੀਗੇਟਾਂ ਨੇ ਆਪਣੇ ਵਿਚਾਰ ਰੱਖੇ। ਸੂਬਾ ਲੀਡਰਸ਼ਿਪ ਦੀ ਗਿਣਤੀ ਅਤੇ ਸੂਬਾ ਲੀਡਰਾਂ ਦੀ ਜ਼ਿੰਮੇਵਾਰੀਆਂ ਤੇ ਕੀਮਤੀ ਸੁਝਾਅ ਆਏ।

ਅੰਤਮ ਤੌਰ 'ਤੇ ਡੈਲੀਗੇਟ ਅਤੇ ਦਰਸ਼ਕਾਂ ਨੇ ਭਰਵੇਂ ਇੱਕਠ ਵਿਚ ਨਾਅਰਿਆਂ ਦੀ ਗੂੰਜ ਵਿਚ ਹੇਠ ਲਿਖੀ ਸੂਬਾਈ ਲੀਡਰਸ਼ਿਪ ਨੂੰ ਜ਼ਿੰਮੇਵਾਰ ਸੌਂਪੀ ਜਿਸ ਵਿਚ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ, ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ, ਸੂਬਾ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਧਨੇਰ, ਸੂਬਾ ਵਿੱਤ ਸਕੱਤਰ ਰਾਮ ਸਿੰਘ ਮਟੋਰੜਾ, ਸੂਬਾ ਪ੍ਰੈਸ ਸਕੱਤਰ ਗੋਰਾ ਸਿੰਘ ਭੈਣੀਬਾਘਾ, ਸੂਬਾ ਜਥੇਬੰਦਕ ਸਕੱਤਰ ਡਾ. ਦਰਸ਼ਨਪਾਲ, ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਗੁਰਮੀਤ ਸਿੰਘ ਭੱਟੀਵਾਲ ਵੀ ਸੂਬਾ ਮੀਤ ਪ੍ਰਧਾਨ ਅਤੇ ਦਰਸ਼ਨ ਸਿੰਘ ਰਾਏਸਰ ਸੂਬਾ ਮੀਤ ਪ੍ਰਧਾਨ ਸਰਬਸੰਮਤੀ ਨਾਲ ਚੁਣੇ ਗਏ। ਚੁਣੇ ਹੋਏ ਅਹੁਦੇਦਾਰਾਂ ਨੇ ਪੂਰੀ ਕੁਰਬਾਨੀ ਅਤੇ ਤਨਦੇਹੀ ਨਾਲ ਅਗਵਾਈ ਕਰਨ ਦਾ ਪ੍ਰਣ ਦੁਹਰਾਉਣ ਉਪਰੰਤ ਪੂਰੇ ਜੋਸ਼ੋ ਖਰੋਸ਼ ਨਾਲ ਨਾਅਰਿਆਂ ਦੀ ਗੂੰਜ ਵਿਚ 31 ਮਾਰਚ ਨੂੰ ਸ਼ਾਮੀ ਇਜਲਾਸ ਕਾਮਯਾਬੀ ਨਾਲ ਮੁਕੰਮਲ ਹੋਇਆ।

ਮਾਨਸਾ ਜ਼ਿਲ੍ਹਾ ਦੇ ਆਗੂਆਂ ਅਤੇ ਵਰਕਰਾਂ ਨੇ ਧਾਰਮਿਕ ਅਸਥਾਨ ਜੋਗੀਪੀਰ ਵਿਖੇ ਹੋਏ ਇਸ ਇਜਲਾਸ ਦਾ ਪ੍ਰਬੰਧ ਅਤੇ ਰੋਟੀ ਪਾਣੀ ਦਾ ਇੰਤਜ਼ਾਮ ਮਾਨਸਾ ਜ਼ਿਲ੍ਹੇ ਨੇ ਬਾਖੂਬੀ ਸ਼ਲਾਘਾਯੋਗ ਨਿਭਾਈ। ਕੱਚੇ ਕਾਰਜਾਂ ਨਾਲ ਸਬੰਧਤ ਅਤੇ ਕੁਝ ਤਕਨੀਕੀ ਵਿਧਾਨ ਤੇ ਐਲਾਨਨਾਮੇ ਸੋਧਾਂ ਲਈ ਸੂਬਾ ਪ੍ਰਧਾਨ ਦੀ ਅਗਵਾਈ 'ਚ ਇਕ ਕਮੇਟੀ ਬਣਾਈ।

ਸੂਬਾ ਜਨਰਲ ਸਕੱਤਰ
ਬੀ. ਕੇ. ਯੂ. ਏਕਤਾ (ਡਕੌਂਦਾ)
94173-54165

# ਅੰਤਰਰਾਸ਼ਟਰੀ ਮਜ਼ਦੂਰ ਦਿਵਸ 'ਤੇ ਵਿਸ਼ੇਸ਼ : ਵਿਦਵਾਨਾਂ ਦੇ ਵਿਚਾਰ

## ਸਾਮਰਾਜ

ਮੱਲਮ-ਪੱਟੀ ਵੀ ਕਰੇਗਾ, ਅਮਨ ਦਾ ਪਰਚਾਰ ਵੀ,
ਵੇਚੇਗਾ ਦੋਹਾਂ ਧਿਰਾਂ ਨੂੰ ਪਰ ਉਹੀ ਹਥਿਆਰ ਵੀ।

- ਸੁਰਜੀਤ ਪਾਤਰ

ਖ਼ੂਨ ਲੋਕਾਂ ਦਾ ਇਹ ਪਾਣੀ ਨਹੀਂ, ਏਸ ਦੀ ਸੁਰਖ਼ੀ ਕਦੇ ਜਾਣੀ ਨਹੀਂ।
ਦੁਸ਼ਮਣਾਂ ਹਥਿਆਰ ਸਾਰੇ ਵਰਤਣੇ, ਜ਼ਿੰਦਗੀ ਨੇ ਮਾਤ ਪਰ ਖਾਣੀ ਨਹੀਂ।

- ਜਗਤਾਰ

ਕਤਲਾਂ ਦਾ ਮਤਲਬ ਹਮੇਸ਼ਾ ਜ਼ੁਲਮ ਨਹੀਂ ਹੁੰਦਾ
ਜ਼ੁਲਮ ਦਾ ਅੰਤ ਵੀ ਹੁੰਦਾ ਹੈ।

- ਨ. ਸਿੰਘ

## ਜੰਗ ਅਤੇ ਅਮਨ

ਅਸੀਂ ਜੰਗ ਦੇ ਖਾਤਮੇ ਦੇ ਮੁਦੱਈ ਹਾਂ, ਅਸੀਂ ਜੰਗ ਨਹੀਂ ਚਾਹੁੰਦੇ, ਪਰ ਜੰਗ ਨੂੰ ਜੰਗ ਦਵਾਰਾ ਹੀ ਖਤਮ ਕੀਤਾ ਜਾ ਸਕਦਾ ਹੈ। ਬੰਦੂਕ ਤੋਂ ਛੁਟਕਾਰਾ ਪਾਉਣ ਲਈ ਬੰਦੂਕ ਚੁੱਕਣੀ ਜ਼ਰੂਰੀ ਹੈ।

- ਮਾਓ-ਜ਼ੇ-ਤੁੰਗ

## ਆਜ਼ਾਦੀ

ਆਜ਼ਾਦੀ ਕਾ ਜਸ਼ਨ ਵੋਹ ਮਨਾਏ ਕਿਸ ਤਰਹ,
ਜੋ ਆ ਗਏ ਫੁੱਟ-ਪਾਥ ਪਰ, ਘਰ ਕੀ ਤਲਾਸ਼ ਮੇਂ
ਜਨਤਾ ਕੇ ਪਾਸ ਏਕ ਹੀ ਚਾਰਾ ਹੈ ਬਗਾਬਤ,
ਯੇ ਬਾਤ ਕਹ ਕਹਾ ਹੂੰ ਮੈਂ ਪੂਰੇ ਹੋਸ਼-ਹਵਾਸ ਮੇਂ।

- ਆਦਮ ਗੋਂਡਵੀ

ਹਰ ਸਿਆਸੀ ਲਹਿਰ ਦਾ ਮੁੱਖ ਮੰਤਵ ਕਿਰਤੀ ਦੀ ਕਿਰਤ ਦੀ ਆਰਥਿਕ ਬੰਦ-ਖਲਾਸੀ ਹੀ ਹੋਣਾ ਚਾਹੀਦਾ ਹੈ।

- ਕਾਰਲ ਮਾਰਕਸ

ਮਜ਼ਦੂਰਾਂ ਕੋਲ ਗਵਾਉਣ ਲਈ ਆਪਣੀਆਂ ਜੰਜ਼ੀਰਾਂ ਤੋਂ ਇਲਾਵਾ ਹੋਰ ਕੁਝ ਵੀ ਨਹੀਂ, ਜਿੱਤਣ ਲਈ ਸਾਰਾ ਸੰਸਾਰ ਹੈ, ਦੁਨੀਆ ਭਰ ਦੇ ਮਿਹਨਤਕਸ਼ ਇਕ ਹੋ ਜਾਓ।

- ਕਾਰਲ ਮਾਰਕਸ

## ਇਨਕਲਾਬ

ਮੇਰੇ ਲਈ ਇਨਲਕਾਬ ਸੁਤੰਤਰ ਮਨੁੱਖ ਦੇ ਮਾਣ ਸਨਮਾਨ ਦੇ ਹੱਕ ਵਿਚ ਸਭ ਦਿਲਾਂ ਦਾ ਧੜਕਣਾ ਤੇ ਸਭ ਹੱਥਾਂ ਦਾ ਉਠਣਾ ਹੈ।...ਇਨਕਲਾਬ ਵਿਹਲਿਆਂ ਵਲੋਂ ਉਡੀਕਦਿਆਂ ਨਹੀਂ, ਮਿਹਨਤ ਕਰਨ ਵਾਲਿਆਂ ਵਲੋਂ ਕੁਝ ਕੀਤਿਆਂ ਹੀ ਵਾਪਰਦੇ ਹਨ।

- ਕਾਰਲ ਮਾਰਕਸ

ਅੱਜ ਅਮਰੀਕਾ ਕੋਲ ਪ੍ਰਮਾਣੂ ਤੇ ਦੂਜੇ ਹਥਿਆਰਾਂ ਦਾ ਸਭ ਤੋਂ ਵੱਡਾ ਭੰਡਾਰ ਹੈ ਜਿਨ੍ਹਾਂ ਨੂੰ ਮਨੁੱਖ ਨਾਸ਼ਕ ਹਥਿਆਰ ਕਿਹਾ ਜਾਂਦਾ ਹੈ। ਸਿਰਫ਼ ਅਮਰੀਕਾ ਇਕ ਅਜਿਹਾ ਦੇਸ਼ ਹੈ ਜਿਸ ਨੂੰ ਇਹ ਹਥਿਆਰ ਵਰਤਣ ਵਿਚ ਕੋਈ ਝਿਜਕ ਨਹੀਂ।.....ਇਹ ਕਾਫ਼ੀ ਸੰਭਾਵਨਾ ਹੈ ਕਿ ਆਪਣੀ ਜ਼ਿੱਦ ਤੇ ਸ਼ਕਤੀ ਦੀ ਨਿਪੁੰਨਤਾ ਕਾਰਨ ਆਪਣੇ ਆਪ ਨੂੰ ਸਭ ਤੋਂ ਮਹਾਨ ਕੌਮ ਸਮਝਣ ਕਾਰਨ ਇਹ ਹੁਕਮਰਾਨ ਮਨੁੱਖਤਾ ਲਈ ਦੁਸ਼ਮਣ ਦਾ ਰੋਲ ਅਦਾ ਕਰ ਸਕਦੇ ਹਨ।

- ਪ੍ਰੋ. ਰਣਧੀਰ ਸਿੰਘ

ਇਨਕਲਾਬ, ਲੋਕ ਮਾਨਸ ਦੇ ਵਿਚਾਰ ਤੇ ਆਚਾਰ ਤਬਦੀਲ ਕਰ ਦੇਣ ਨਾਲ ਹੀ ਸੰਭਵ ਹੈ। ਇਨਕਲਾਬ ਦੀ ਵਿਚਾਰਧਾਰਾ ਹਰ ਮਨੁੱਖ ਦੇ ਜੀਵਨ ਰਾਹ ਦਾ ਚਾਨਣ ਬਣ ਜਾਣੀ ਚਾਹੀਦੀ ਹੈ। ਕੌਮ ਦੀ ਕਿਸਮਤ ਬਦਲਣ ਲਈ ਕਈ ਹਨ੍ਹੇਰੀਆਂ ਤੇ ਜੰਗਲ ਪਾਰ ਕਰਨੇ ਪੈਂਦੇ ਹਨ। ਜਾਤ-ਪਾਤ ਦੀਆਂ ਖੱਡਾਂ ਨੂੰ ਪਾਰ ਕਰਨਾ ਪੈਂਦਾ ਹੈ, ਧਰਮ ਦੇ ਕੱਟੜ ਤੂਫ਼ਾਨਾਂ ਦੀ ਮਾਰ ਝੱਲਣੀ ਪੈਂਦੀ ਹੈ। ਵਰਗੇ-ਫਿਰਕੇ ਦੀ ਅੱਗ ਦੇ ਸੇਕ ਨੂੰ ਬਰਦਾਸ਼ਤ ਕਰਨਾ ਪੈਂਦਾ ਹੈ।.....ਆਰਥਿਕਤਾ ਦੀ ਚੱਕੀ ਹੇਠ ਪਿਸਦੇ ਵਿਚਾਰੇ ਗਰੀਬ ਲੋਕ ਇਨਕਲਾਬ ਦੀ ਉਡੀਕ ਕਰਦੇ ਰਹਿੰਦੇ ਹਨ। ਸ਼ੈਤਾਨ ਸਰਮਾਏਦਾਰ, ਸਬਜਬਾਗ ਦਿਖਾ ਕੇ ਨਾਅਰਿਆਂ ਦਾ ਇਨਕਲਾਬ ਲਿਆਉਣ ਲਈ ਲੋਕ ਸ਼ਕਤੀ ਬਰਬਾਦ ਕਰਦਾ ਰਹਿੰਦਾ ਹੈ।

- ਡਾ. ਅਮਰ ਕੋਮਲ

## ਇਨਕਲਾਬੀ

ਇਨਕਲਾਬੀ ਅਸ਼ਾਂਤ ਤੇ ਅਸਹਿਜ ਨਹੀਂ ਹੁੰਦੇ ਸਗੋਂ ਸੰਘਰਸ਼ ਵਿਚ ਵੀ ਸੰਤੁਸ਼ਟ ਤੇ ਸਹਿਜ ਹੁੰਦੇ ਹਨ ਕਿਉਂਕਿ ਉਨ੍ਹਾਂ ਕੋਲ ਦਿਸ਼ਾ ਹੁੰਦੀ ਹੈ ਜੋ ਗਿਆਨ ਨੇ ਦਿੱਤੀ ਹੁੰਦੀ ਹੈ। ਗਿਆਨ ਵਿਹੂਣਾ ਮਨੁੱਖ ਦਿਸ਼ਾਹੀਣ ਤੇ ਭਟਕਿਆ ਹੁੰਦਾ ਹੈ। ਗਿਆਨ ਵਿਹੂਣਾ ਮਨੁੱਖ ਦਿਸ਼ਾਹੀਣ ਤੇ ਭਟਕਿਆ ਹੁੰਦਾ ਹੈ। ਇਸੇ ਲਈ ਅਸਹਿਜ ਹੁੰਦਾ ਹੈ।

- ਪ੍ਰੋ. ਸੁਰਿੰਦਰ ਮੰਡ

ਜਿਹੜਾ ਆਮ ਲੋਕਾਂ ਦੇ ਸਾਹਮਣੇ ਆਪਣੀਆਂ ਗਲਤੀਆਂ ਬਾਰੇ ਗੱਲ ਕਰਨ ਤੋਂ ਡਰਦਾ ਹੈ, ਉਹ ਇਨਕਲਾਬੀ ਨਹੀਂ ਹੈ।

- ਲੈਨਿਨ

## ਤਬਦੀਲੀ

ਵਿਸ਼ਾਲ ਭਾਖੜਾ (ਜਿਸ ਨੂੰ ਉਸਾਰਦਿਆਂ ਦਰਜਨਾਂ ਕਾਮਿਆਂ ਨੇ ਆਪਣੀਆਂ ਜਾਨਾਂ ਵਾਰੀਆਂ) ਨੂੰ ਤੱਕਦੇ ਹੋਇਆਂ ਮੈਂ ਸੋਚਿਆ-ਜੇ ਮਨੁੱਖ ਪਾਣੀਆਂ ਦੇ ਵਹਿਣ ਮੋੜ ਸਕਦਾ ਹੈ ਤਾਂ ਫਿਰ ਸਮਾਜ ਨੂੰ ਕਿਉਂ ਨਹੀਂ ਬਦਲ ਸਕਦਾ।

- ਗੁਰਸ਼ਰਨ ਸਿੰਘ

ਇਸ ਦੁਨੀਆ ਤੇ ਬੰਦੇ ਖਾਤਰ ਹੈ ਨਾ ਕੁਝ ਔਖੇਰਾ,
ਬੱਸ ਚਾਹੀਦਾ ਸਿਖਰਾਂ ਉਤੇ ਪੈਰ੍ਹਾਂ ਕਰਨ ਦਾ ਜੇਰਾ।

- ਮਾਓ-ਜ਼ੇ-ਤੁੰਗ

## ਪੂੰਜੀਵਾਦ ਦਾ ਭਵਿੱਖ

ਸੰਸਾਰ ਪੂੰਜੀਵਾਦ ਦੇ ਲਾਇਲਾਜ ਢਾਂਚਾਗਤ ਸੰਕਟ ਤੇ ਲਾਇਲਾਜ ਵਿਰੋਧਤਾਈਆਂ ਦਾ



ਅਧਿਐਨ ਸਾਨੂੰ ਇਸ ਨਤੀਜੇ 'ਤੇ ਪਹੁੰਚਾਉਂਦਾ ਹੈ ਕਿ ਮਨੁੱਖਤਾ ਸਾਹਮਣੇ ਦੋ ਹੀ ਰਾਹ ਹਨ-ਤਬਦੀਲੀ ਜਾਂ ਵਿਨਾਸ਼। ਸਮਾਜ ਤੇ ਕੁਦਰਤ ਦੇ ਹਰ ਵਰਤਾਰੇ ਦੀ ਤਰ੍ਹਾਂ ਪੂੰਜੀਵਾਦ ਵੀ ਅਮਰ ਨਹੀਂ ਹੈ।.....ਪਿਛਲੇ ਪ੍ਰੋਲੇਤਾਰੀ ਇਨਕਲਾਬਾਂ ਦੀ ਅਸਫ਼ਲਤਾ ਕੋਈ ਅਣਹੋਣੀ ਗੱਲ ਨਹੀਂ ਸੀ। ਇਹ ਮਾਰਕਸਵਾਦ ਨੂੰ ਗਲਤ ਨਹੀਂ ਸਗੋਂ ਸਹੀ ਸਿੱਧ ਕਰਦੀ ਹੈ ਤੇ ਕਿਰਤੀਆਂ ਰਾਹੀਂ ਪ੍ਰੋਲੇਤਾਰੀ ਇਨਕਲਾਬ ਦੇ ਨਵੇਂ ਐਡੀਸ਼ਨਾਂ ਦੇ ਨਿਰਮਾਣ ਦਾ ਰਾਹ ਰੌਸ਼ਨ ਕਰਦੀ ਹੈ।

- ਕਾਤਿਆਇਨੀ

## ਸੰਘਰਸ਼ ਅਤੇ ਜਿੱਤ

ਕਿਸੇ ਰਾਜਸੀ ਲਹਿਰ ਦੇ ਸਿਆਸੀ ਏਜੰਡੇ ਦੀ ਜਿੱਤ ਹੀ ਕਾਫ਼ੀ ਨਹੀਂ ਹੁੰਦੀ। ਜੇ ਕੋਈ ਲਹਿਰ ਸਪਸ਼ਟ ਪ੍ਰੋਗਰਾਮ ਦੇ ਆਧਾਰ 'ਤੇ ਦੋ ਟੁੱਕ ਲੜਾਈ ਨਹੀਂ ਦਿੰਦੀ ਤਾਂ ਉਸ ਵਲੋਂ ਦੇਰ-ਸਵੇਰ ਸਦਮਾ ਇਲਾਜ ਦੇ ਨੁਸਖਿਆਂ ਦਾ ਸੰਦ ਬਣਕੇ ਆਪਣੇ ਪ੍ਰੋਗਰਾਮ ਤੋਂ ਉਲਟ ਭੁਗਤ ਜਾਣਾ ਅੱਟਲ ਹੈ।

- ਨੋਮੀ ਕਲੇਨ

ਕਿਰਤ ਸਭ ਤੋਂ ਪਹਿਲੀ ਥਾਵੇਂ ਉਹ ਪ੍ਰਕਿਰਿਆ ਹੈ, ਜਿਸ ਵਿਚ ਮਨੁੱਖ ਤੇ ਪ੍ਰਾਕਿਰਤੀ ਦੋਵੇਂ ਸ਼ਾਮਲ ਹੁੰਦੇ ਹਨ, ਜਿਸ ਵਿਚ ਮਨੁੱਖ ਆਪਣੇ ਤੇ ਪ੍ਰਕਿਰਤੀ ਵਿਚਕਾਰ ਪਦਾਰਥਕ ਪ੍ਰਤੀਕਰਮਾਂ ਨੂੰ ਆਪਣੀ ਮਰਜ਼ੀ ਨਾਲ ਆਰੰਭ ਕਰਦਾ, ਨੇਮਬੱਧ ਕਰਦਾ ਤੇ ਕੰਟਰੋਲ ਕਰਦਾ ਹੈ। ਉਹ ਆਪਣੀਆਂ ਬਾਹਵਾਂ ਤੇ ਲੱਤਾਂ ਨੂੰ, ਦਿਮਾਗ ਤੇ ਹੱਥਾਂ ਨੂੰ, ਆਪਣੇ ਸਰੀਰ ਦੀਆਂ ਕੁਦਰਤੀ ਸ਼ਕਤੀਆਂ ਨੂੰ ਹਰਕਤ ਦੇ ਕੇ ਆਪਣੇ ਆਪ ਨੂੰ ਪ੍ਰਕਿਰਤੀ ਦੇ ਵਿਰੋਧ ਵਿਚ, ਉਸ ਦੀ ਹੀ ਇਕ ਸ਼ਕਤੀ ਵਜੋਂ ਖੜ੍ਹਾ ਕਰਦਾ ਹੈ।

- ਕਾਰਲ ਮਾਰਕਸ

## ਤਮਾਸ਼ਬੀਨ

ਕੁਝ ਲੋਕ ਭੁੱਖ ਨਾਲ ਮਰ ਰਹੇ ਹੋਣ ਅਤੇ ਕੁਝ ਗੁੱਲਛੱਰੇ ਉਡਾ ਰਹੇ ਹੋਣ ਤਾਂ ਇਸ ਨੂੰ ਬਰਦਾਸ਼ਤ ਕਰਨ ਅਤੇ ਤਮਾਸ਼ਾ ਦੇਖਣ ਵਾਲੇ ਲੋਕ ਵੀ ਜ਼ੁਲਮ ਕਰਨ ਵਾਲਿਆਂ ਵਿਚ ਗਿਣੇ ਜਾਣਗੇ।

- ਅਰੁੰਧਤੀ ਰਾਏ

## ਸਮਾਜ

ਬੇਸ਼ੱਕ ਸਮਾਜਵਾਦ ਦੇ ਪਹਿਲੇ ਤਜਰਬੇ ਦੁਨੀਆ ਵਿਚ ਫੇਲ੍ਹ ਹੋਏ ਹਨ, ਪਰ ਫਿਰ ਵੀ ਇਸ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ। ਜਿਵੇਂ ਇਨਕਲਾਬ ਤੋਂ ਬਾਅਦ ਰੂਸ ਵਿਚ ਮੁਢਲੇ ਸਾਲਾਂ ਵਿਚ ਜੋ ਹੈਰਾਨੀਜਨਕ ਵਿਕਾਸ ਹੋਇਆ ਜਾਂ ਕਿਊਬਾ ਵਿਚ ਉਹ ਬੇਮਿਸਾਲ ਜਦੋਜਹਿਦ, ਜਿਸ ਨਾਲ ਉਨ੍ਹਾਂ ਆਪਣੇ ਸਮਾਜਵਾਦੀ ਇਨਕਲਾਬ ਨੂੰ ਬਚਾਇਆ ਜਾਂ ਲੈਨਿਨ ਦੀਆਂ ਉਹ ਸਮਾਜਵਾਦੀ ਯੋਜਨਾਵਾਂ ਜੋ ਉਸਨੇ ਇਨਕਲਾਬ ਤੋਂ ਬਾਅਦ ਬਣਾਈਆਂ ਜਾਂ ਚੀਨ ਵਿਚ ਮਾਓ ਦੇ ਤਜਰਬੇ-ਇਨ੍ਹਾਂ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ।

- ਪ੍ਰੋ. ਰਣਧੀਰ ਸਿੰਘ

ਸਮਾਜਵਾਦ ਕਦੇ ਵੀ ਉਪਰੋਂ ਨਹੀਂ ਠੋਸਿਆ ਜਾ ਸਕਦਾ। ਇਸ ਦੀ ਅੰਤਰੀਵ ਭਾਵਨਾ ਮਸ਼ੀਨੀ ਅਫ਼ਸਰਸ਼ਾਹ ਪਹੁੰਚ ਨੂੰ ਰੱਦ ਕਰਦੀ ਹੈ। ਜੀਵੰਤ, ਸਿਰਜਣਾ-ਤਮਕ ਸਮਾਜਵਾਦ ਖ਼ੁਦ ਜਨਤਾ ਦੀ ਪੈਦਾਵਾਰ ਹੁੰਦਾ ਹੈ।.....ਘੱਟ-ਗਿਣਤੀ ਵਲੋਂ ਜਾਂ ਪਾਰਟੀ ਵਲੋਂ ਲਾਗੂ ਨਹੀਂ ਕੀਤਾ ਜਾ ਸਕਦਾ। ਇਹ ਕਰੋੜਾਂ ਲੋਕਾਂ ਵਲੋਂ ਹੀ ਲਾਗੂ ਕੀਤਾ ਜਾ ਸਕਦਾ ਹੈ ਜਦੋਂ ਉਨ੍ਹਾਂ ਨੇ ਆਪ ਲਾਗੂ ਕਰਨਾ ਸਿੱਖ ਲਿਆ ਹੈ।...ਸਮਾਜਵਾਦੀ ਇਨਕਲਾਬ ਤਾਂ ਹੀ ਨੇਪਰੇ ਚਾੜ੍ਹਿਆ ਜਾ ਸਕਦਾ ਹੈ, ਜੇ ਕਰੋੜਾਂ ਲੋਕਾਂ ਦੀ ਰਾਜ ਪ੍ਰਬੰਧ ਵਿਚ ਸਿੱਧੀ ਤੇ ਸਰਗਰਮ ਸ਼ਮੂਲੀਅਤ ਹੋਵੇ।.....ਸਮਾਜਵਾਦ ਜੇਤੂ ਨਹੀਂ ਹੋ ਸਕਦਾ ਜੇ ਉਹ ਪੂਰੀ ਜਮਹੂਰੀਅਤ ਨੂੰ ਲਾਗੂ ਨਹੀਂ ਕਰਦਾ।

- ਲੈਨਿਨ

ਸਮਾਜਵਾਦ ਤੋਂ ਬਿਨਾ ਸਮਾਜ ਦੇ ਹੋਰ ਕਿਸੇ ਵੀ ਸਿਸਟਮ ਨਾਲ ਮੈਂ ਆਪਣੇ ਆਪ ਨੂੰ ਨਹੀਂ ਜੋੜ ਸਕਦਾ।

- ਨੈਲਸਨ ਮੰਡੇਲਾ

ਸਮਾਜਵਾਦ ਅਜੇ ਬਚਪਨ ਵਿਚ ਹੈ। ਰਾਹ ਲੰਬਾ ਹੈ ਜਿਸ ਦਾ ਅਜੇ ਕੋਈ ਥਹੁ ਪਤਾ ਨਹੀਂ।

- ਚੀ ਗਵੇਰਾ

## ਕੌਮਾਂਤਰੀਵਾਦ

ਜੋ ਪਿਆਰ ਸਾਨੂੰ ਆਪਣੀ ਮਾਤਰ ਭੂਮੀ ਨਾਲ ਹੈ, ਉਹੋ ਪਿਆਰ ਸੱਚੇ ਦਿਲ ਨਾਲ ਸਾਰੀ ਦੁਨੀਆ ਦੇ ਦੇਸ਼ਾਂ ਨਾਲ ਕਰਨਾ ਹੋਵੇਗਾ ਤਾਂ ਹੀ ਦੇਸ਼ ਭਗਤ ਤੇ ਕੌਮਪ੍ਰਸਤ ਕਹਾ ਸਕਦੇ ਹਾਂ, ਵਰਨਾ ਰਾਜਸੀ ਪਾਖੰਡ ਹੋਵੇਗਾ ਜੋ ਸਾਨੂੰ ਕਦੀ ਵੀ ਸੁਖੀ ਨਹੀਂ ਕਰ ਸਕਦਾ।.....ਰੂਹਾਨੀਅਤ ਤਾਂ ਸਾਨੂੰ ਇਹ ਕਹਿੰਦੀ ਹੈ ਕਿ ਸਾਰੀ ਕਾਇਨਾਤ ਦਾ ਜੀਵਨ ਹੈ, ਇਕ ਲੜੀ ਵਿਚ ਪਰੋਦਾ ਹੈ।

- ਸੋਹਣ ਸਿੰਘ ਭਕਨਾ

ਪੇਸ਼ਕਸ਼ : ਮਾਸਟਰ ਭਜਨ ਸਿੰਘ ਕੈਲਗਰੀ
ਫੋਨ : 403-455-4220

## ਤਰਕਸ਼ੀਲ ਸੋਸਾਇਟੀ ਕੈਨੇਡਾ ਵੱਲੋਂ ਟੋਰਾਂਟੋ ਵਿਖੇ 'ਤਰਕਸ਼ੀਲ ਸੰਵਾਦ'

# ਭਰਵੇਂ ਇਕੱਠ ਵਿੱਚ ਜੋਤਿਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ








ਟੋਰਾਂਟੋ : ਚਾਂਦਨੀ ਬੈਨਕੁਐਟ ਹਾਲ, ਬਰੈਂਮਪਟਨ ਵਿਖੇ ਤਰਕਸ਼ੀਲ ਸੋਸਾਇਟੀ ਕੈਨੇਡਾ ਵੱਲੋਂ ਤਰਕਸ਼ੀਲ ਚਰਨਜੀਤ ਬਰਾੜ ਦੀ ਸੰਚਾਲਨਾਂ ਵਿੱਚ 'ਤਰਕਸ਼ੀਲ ਸੰਵਾਦ' ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਕਈ ਦਿਨ ਪਹਿਲਾਂ ਰੇਡਿਓ ਅਤੇ ਟੈਲੀਵਿਜ਼ਨ ਰਾਹੀਂ ਜੋਤਿਸ਼ੀਆਂ ਅਤੇ ਤਾਂਤਰਿਕਾਂ ਨੂੰ ਵਾਰ-ਵਾਰ ਖੁੱਲ੍ਹੀ ਚੁਣੌਤੀ ਰਾਹੀਂ ਇਸ ਸੰਵਾਦ ਵਿੱਚ ਸ਼ਾਮਲ ਹੋਕੇ ਗੈਬੀ ਸ਼ਕਤੀਆਂ ਸਾਬਤ ਕਰਨ ਦਾ ਸੱਦਾ ਦਿੱਤਾ ਗਿਆ। ਇਸ ਸੰਵਾਦ ਲਈ ਮੈਡੀਕਲ ਡਾ: ਹਰਦੀਪ ਸਿੰਘ, ਮਨੋਚਕੀਤਸਕ ਡਾ: ਆਰਿਫ਼ ਹੈਰੂਨ, ਵੈਟਨਰੀ ਡਾ: ਭਾਨ ਗਰਗ, ਸਮਾਜ-ਸ਼ਾਸਤਰੀ ਪ੍ਰੋਫੈਸਰ ਇਕਬਾਲ ਗਿੱਲ. ਪ੍ਰੋ. ਜਗੀਰ ਕਾਹਲੋਂ, ਮੈਡਮ ਬਲਬੀਰ ਸੋਹੀ ਤਰਕਸ਼ੀਲ ਪੈਨਲ ਵਿੱਚ ਸ਼ਾਮਿਲ ਸਨ। ਇਸ ਮੌਕੇ ਸ਼ਾਮਲ ਲੋਕਾਂ ਦੇ ਭਰਵੇਂ ਇਕੱਠ ਸਾਹਮਣੇ ਜੋਤਿਸ਼ੀਆਂ ਅਤੇ ਤਾਂਤਰਿਕਾਂ ਦਾ ਕੋਈ ਵੀ ਦਾਅਵੇਦਾਰ ਸਾਹਮਣੇ ਨਾ ਆਇਆ। ਇਸ ਪ੍ਰੋਗਰਾਮ ਨੂੰ ਕੈਨੇਡਾ ਦੇ ਉੱਘੇ ਪੰਜਾਬੀ ਟੀ.ਵੀ. ਚੈਨਲ 'ਪੰਜ-ਆਬ', 'ਸਰਦਾਰੀ ਟੀ ਵੀ,' ਅਤੇ 'ਵਾਈ' ਟੀ ਵੀ ਚੈਨਲ ਸਿੱਧਾ ਪ੍ਰਸਾਰਣ ਕਰਕੇ ਲੱਖਾਂ ਦਰਸ਼ਕਾਂ ਨੂੰ ਇਸ ਪ੍ਰੋਗਰਾਮ ਨਾਲ ਜੋੜਿਆ।

ਕਈ ਘੰਟੇ ਚਲੇ ਇਸ ਪ੍ਰੋਗਰਾਮ ਵਿੱਚ ਵਿਗਿਆਨਕਾਂ ਦੇ ਪੈਨਲ ਵੱਲੋਂ ਇਕੱਠ ਵਿੱਚ ਸ਼ਾਮਿਲ ਲੋਕਾਂ ਦੇ ਤਿੱਖੇ ਪਰ ਸੰਜੀਦਾ ਸਵਾਲਾਂ ਦਾ ਤਸੱਲੀਬਖਸ਼ ਜਵਾਬ ਦਿੱਤਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਚਰਨਜੀਤ ਬਰਾੜ ਨੇ ਦੱਸਿਆ ਕਿ ਕੈਨੇਡਾ ਵਰਗੇ ਆਧੁਨਿਕ ਮੁਲਕ ਵਿੱਚ ਵੀ ਜੋਤਿਸ਼ੀਆਂ ਅਤੇ ਤਾਂਤਰਿਕ ਪੂਰੀ ਸਰਗਰਮੀ ਨਾਲ ਆਪਣਾ ਵਿਉਪਾਰ ਚਲ੍ਹਾ ਰਹੇ ਹਨ। ਟੀ ਵੀ, ਅਖਬਾਰਾਂ, ਰੇਡੀਓ ਚੈਨਲ ਇਨ੍ਹਾਂ ਦੀਆਂ ਮਸ਼ਹੂਰੀਆਂ ਨਾਲ ਭਰੇ ਪਏ ਹਨ, ਸਧਾਰਨ ਲੋਕ ਸਮਝ ਦੀ ਘਾਟ ਕਾਰਨ ਇਨ੍ਹਾਂ ਦੇ ਚੱਕਰ ਵਿੱਚ ਫਸ ਜਾਂਦੇ ਹਨ। ਤਰਕਸ਼ੀਲ ਲਹਿਰ ਦੇ ਕਾਰਜ ਕਰਤਾ ਸਵੈਸੇਵੀ ਯਤਨਾਂ ਨਾਲ ਬਗੈਰ ਕਿਸੇ ਧਾਰਮਿਕ, ਵਰਗ, ਮੂਲ ਦੇਸ਼ ਦੇ ਭੇਦ-ਭਾਵ ਦੇ ਸਾਰੇ ਕੈਨੇਡੀਅਨ ਸਮਾਜ ਲਈ ਕੰਮ ਕਰ ਰਹੇ ਹਨ। ਇਹ ਲੋਕਾਂ ਨੂੰ ਵਹਿਮਾਂ ਭਰਮਾਂ, ਜ਼ੋਤਸ਼ੀਆਂ ਅਤੇ ਤਾਂਤਰਿਕਾਂ ਦੇ ਗੁੰਮਰਾਹਕੁਨ ਦਾਅਵਿਆਂ ਦੇ ਜਾਲ੍ਹ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਭਰਮ ਨੂੰ ਦੂਰ ਕਰਨ ਲਈ ਹੀ ਇਨ੍ਹਾਂ ਠੱਗਾਂ ਨੂੰ ਖੁੱਲ੍ਹੀ ਚੁਣੌਤੀ ਰਾਹੀਂ ਸਭ ਦੇ ਸਾਹਮਣੇ ਦੈਬੀ ਸ਼ਕਤੀਆਂ ਸਾਬਤ ਕਰਨ ਲਈ ਸੱਦਾ ਦਿੱਤਾ ਗਿਆ ਹੈ। ਚਰਨਜੀਤ ਬਰਾੜ ਨੇ ਕਿਹਾ ਕਿ ਕੋਈ ਵੀ ਦਾਅਵੇਦਾਰ ਜੋ ਇਸ ਪ੍ਰੋਗਰਾਮ ਦੇ ਟੈਲੀਵੀਜ਼ਨ ਪ੍ਰਸਾਰਣ ਨੂੰ ਦੇਖ ਰਿਹਾ ਹੋਵੇ, ਚਲਦੇ ਪ੍ਰੋਗਰਾਮ ਵਿੱਚ ਵੀ ਆਕੇ ਆਪਣਾ ਸ਼ਕਤੀ ਪ੍ਰਦਰਸ਼ਨ ਕਰ ਸਕਦਾ ਹੈ ।



ਪੈਨਲ ਦੇ ਮੈਬਰਾਂ ਵਲੋਂ ਵੀ ਸਪਸ਼ਟ ਕੀਤਾ ਗਿਆ ਕਿ ਆਧੁਨਿਕ ਵਿਗਿਆਨ ਤਜ਼ਰਬੇ, ਪ੍ਰੀਖਣ ਨਤੀਜਿਆਂ ਅਤੇ ਸਬੂਤ ਅਧਾਰਿਤ ਹੈ ਇਹ ਸਭ ਕੁਝ ਪਾਰਦਰਸ਼ੀ ਢੰਗ ਨਾਲ ਲੋਕਾਂ ਨੂੰ ਸਪਸ਼ਟਤਾ ਨਾਲ ਗਿਆਨ ਦਿੰਦਾ ਹੈ। ਆਪਣੀਆਂ ਅਸੀਮ ਖੋਜਾਂ ਨਾਲ ਇਸ ਨੇ ਮਨੁੱਖੀ ਜੀਵਨ ਨੂੰ ਅਥਾਹ ਸਹੂਲਤਾਂ ਦਾ ਰਾਹ ਪੱਧਰਾ ਕੀਤਾ ਹੈ। ਵਿਗਿਆਨ ਨੇ ਹੀ ਬੀਮਾਰੀਆਂ ਅਤੇ ਕੁਦਰਤੀ ਆਫਤਾਂ ਦਾ ਹੱਲ ਕੀਤਾ ਹੈ, ਗਿਆਨ ਦੀਆਂ ਸੀਮਤਾਈਆਂ ਦਾ ਹੱਲ ਕਰਨ ਲਈ ਖੋਜਾਂ ਦੀ ਨਿਰੰਤਰਤਾ ਜਾਰੀ ਹੈ। ਸਮੁੰਦਰਾਂ ਦੀਆਂ ਗਹਿਰਾਈਆਂ ਅਤੇ ਬ੍ਰਾਹਮੰਡ ਦੀਆਂ ਅਸੀਮਤ ਉਚਾਈਆਂ ਤੱਕ ਦੂਸਰੇ ਗ੍ਰਹਿਆਂ ਦੀਆਂ ਧਰਤੀਆਂ ਤੇ ਉਤਰਣ ਵਾਲੇ ਵਿਗਿਆਨੀਆਂ ਨੂੰ ਕਿਤੇ ਵੀ ਭੂਤ-ਪ੍ਰੇਤ ਜਾਂ ਦੈਵੀ ਲੋਕਾਂ ਨਾਲ ਸਾਹਮਣਾ ਨਹੀਂ ਹੋਇਆ। ਇਸਨੇ ਆਪਣੀਆਂ ਖੋਜ਼ਾਂ ਰਾਹੀਂ ਕੁਦਰਤ ਦੇ ਬਹੁਤ ਸਾਰੇ ਰਹੱਸਾਂ ਤੋਂ ਪਰਦਾ ਚੁੱਕਿਆ ਹੈ ਅਤੇ ਮਨੁੱਖੀ ਜ਼ਿੰਦਗੀ ਨੂੰ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਹਨ ਪਰ ਇਸ ਦੇ ਉਲਟ ਜੋਤਿਸ਼ੀ ਜਾਂ ਤਾਂਤਰਿਕ ਆਪਣੇ ਡੇਰਿਆਂ 'ਤੇ ਬੈਠੇ ਬੈਠੇ ਹੀ ਅਸਮਾਨੀ ਗ੍ਰਹਿਆਂ ਦੀਆਂ ਦਸ਼ਾ ਮੋੜਕੇ ਮੁਸ਼ਕਿਲਾਂ ਦੂਰ ਕਰਨ ਦਾ ਦਾਅਵਾ ਕਰਕੇ ਲੋਕਾਂ ਨੂੰ ਬੇਵਕੂਫ ਬਣਾ ਰਹੇ ਹਨ। ਇਸ ਠੱਗੀ ਦੇ ਵਿਉਪਾਰ ਤੋਂ ਲੋਕਾਂ ਨੂੰ ਸੁਚੇਤ ਕਰਨ ਦੀ ਲੋੜ ਹੈ ।

ਦਰਸ਼ਕਾਂ ਵਿੱਚੋਂ ਸਵਾਲ ਪੁੱਛੇ ਜਾਣ ਤੇ ਡਾਕਟਰਾਂ ਅਤੇ ਮਨੋਚਕਿਤਸਕ ਮਾਹਿਰਾਂ ਨੇ ਸਪਸ਼ਟ ਕੀਤਾ ਕਿ ਭੂਤ-ਪ੍ਰੇਤ ਜਾਂ ਅਲੌਕਿਕ ਚੀਜ਼ਾਂ ਵਿਖਾਈ ਦੇਣੀਆਂ ਜਾਂ ਆਵਾਜ਼ਾਂ ਸੁਨਣੀਆਂ ਮਾਨਸਿਕ ਬੀਮਾਰੀ ਦੇ ਲੱਛਣ ਹੁੰਦੇ ਹਨ ਜਿਸ ਦਾ ਇਲਾਜ ਮੈਡੀਕਲ ਵਿਗਿਆਨ ਨਾਲ ਸੰਭਵ ਹੈ। ਡਾਕਟਰਾਂ ਨੇ ਇਹ ਵੀ ਸਪਸ਼ਟ ਕੀਤਾ ਕਿ ਸਰੀਰਕ ਰੋਗ ਵਾਲੇ ਮਰੀਜ਼ ਦਾ ਆਪਣਾ ਸਰੀਰ ਵੀ ਬਗੈਰ ਦਵਾਈ ਤੋਂ ਵੀ ਆਪਣੀ ਬਚਾਅ ਪ੍ਰਣਾਲੀ ਰਾਹੀਂ ਵੀ ਲੜਦਾ ਹੈ, ਇਸ ਵਿੱਚ ਕਿਸੇ ਜਾਦੂ-ਟੂਣੇ ਦਾ ਕੋਈ ਅਸਰ ਨਹੀਂ ਹੁੰਦਾ। ਜਾਦੂ-ਟੂਣੇ ਆਦਿ ਇਲਾਜ ਦੀ ਕੋਈ ਪ੍ਰਣਾਲੀ ਨਹੀਂ ਹੈ ਸਗੋਂ ਮਰੀਜ਼ ਦੀ ਸਰੀਰਕ ਬਚਾਅ ਪ੍ਰਣਾਲੀ ਅਤੇ ਮੈਡੀਕਲ ਇਲਾਜ ਦੇ ਨਤੀਜਿਆਂ ਦਾ ਸਾਰਾ ਫ਼ਲ ਹਥਿਆ ਲੈਣ ਦੀ ਠੱਗੀ ਹੈ। ਬਗੈਰ ਦਵਾਈ ਵਾਲੇ ਇਲਾਜ ਦਾ ਭਰਮ, ਸਰੀਰ ਦੇ ਆਪਣੇ ਮਾਨਸਿਕ ਮਨੋਬਲ ਅਤੇ ਰੋਗ ਨਾਲ ਲੜਨ ਦੀ ਇਮੀਉਨੀਟੀ ਤਾਕਤ ਵਿੱਚ ਹੈ ਨਾਕਿ ਕਿਸੇ ਅਲੌਕਿਕ ਸ਼ਕਤੀ ਜਾਂ ਪੂਜਾ ਵਿੱਚ। ਜੇ ਅਜਿਹਾ ਹੁੰਦਾ ਤਾਂ ਲੋਕ ਆਧੁਨਿਕ ਹਸਪਤਾਲਾਂ ਵਾਲੀਆਂ ਐਮਰਜੈਂਸੀ ਸਹੂਲਤਾਂ ਨੂੰ ਤਰਜੀਹ ਨਾ ਦਿੰਦੇ ਤੇ ਨਾ ਹੀ ਇਨ੍ਹਾਂ ਸਹੂਲਤਾਂ ਦੀ ਮੰਗ ਕਰਦੇ। ਐਮਰਜੈਂਸੀ ਵਿੱਚ ਅੱਜ ਕੈਨੇਡਾ ਦਾ ਹਰ ਨਾਗਰਿਕ ਇਨ੍ਹਾਂ ਮੈਡੀਕਲ ਸਹੂਲਤ ਵਾਲੀ 9-1-1 ਡਾਕਟਰੀ ਐਂਬੂਲੈਂਸ ਨੂੰ ਫੌਰੀ ਸਹਾਇਤ ਲਈ ਬੁਲਾਉਂਦਾ ਹੈ, ਨਾ ਕਿ ਕਿਸੇ ਗੈਬੀ-ਸ਼ਕਤੀ ਵਾਲੇ ਨੂੰ। ਪ੍ਰੋ. ਸਰਵਨ ਸਿੰਘ, ਪ੍ਰੋ. ਜਸਵੰਤ ਕੰਬੋਜ ਅਤੇ ਪੰਜਾਬੀ ਮਾਸਿਕ "ਸਰੋਕਾਰਾਂ ਦੀ ਆਵਾਜ਼" ਦੇ ਸੰਚਾਲਕ ਹਰਬੰਸ ਸਿੰਘ ਨੇ ਇਸ ਸਫਲ ਪ੍ਰੋਗਰਾਮ ਲਈ ਤਰਕਸ਼ੀਲ ਸੁਸਾਇਟੀ ਕੈਨੇਡਾ ਦੀ ਪ੍ਰਸ਼ੰਸਾ ਕੀਤੀ ।

ਇਸ ਮੌਕੇ ਤਰਕਸ਼ੀਲ ਸੋਸਾਇਟੀ, ਵੈਨਕੁਵਰ (ਕੈਨੇਡਾ) ਦੀ ਸ਼ਲਾਘਾ ਕੀਤੀ ਗਈ ਜਿਨ੍ਹਾਂ ਨੇ ਰੇਡੀਓ ਟੈਲੀਵਿਜ਼ਨ ਤੇ ਇਸ਼ਤਿਹਾਰਾਂ ਰਾਹੀਂ ਵਹਿਮਾਂ-ਭਰਮਾਂ ਖਿਲਾਫ ਮੁਹਿੰਮ ਚਲਾ ਰੱਖੀ ਹੈ। ਇਸ ਮੌਕੇ ਉਨ੍ਹਾਂ ਦਾ ਰਿਕਾਰਡ ਕੀਤਾ ਸੁਨੇਹਾ ਦਰਸ਼ਕਾਂ ਨਾਲ ਸਾਂਝਾ ਕੀਤਾ ਗਿਆ। ਸੁਖਦੇਵ ਹੁੰਝਣ, ਨਵਤੇਜ, ਫੁੰਮਣ ਸਿੰਘ, ਹਰਜੀਤ ਪਾਬਲਾ ਨੇ ਆਪਣੇ ਅਗਾਂਹਵਧੂ ਗੀਤਾਂ ਨਾਲ ਪ੍ਰੋਗਰਾਮ ਦਾ ਰੰਗ ਬੰਨਿਆ ਅਤੇ ਅਜਮੇਰ ਪਰਦੇਸੀ ਅਤੇ ਮੱਖਣ ਬਰਾੜ ਨੇ ਕਵਿਤਾਵਾਂ ਸੁਣਾਈਆਂ। ਇਸ ਪ੍ਰੋਗਰਾਮ ਵਿੱਚ ਹਾਜ਼ਰ ਇਕੱਠ ਵਲੋਂ ਇੱਕ ਮਤੇ ਰਾਹੀਂ ਕੈਨੇਡਾ ਸਰਕਾਰ ਤੋਂ ਇਹ ਮੰਗ ਕੀਤੀ ਗਈ ਕਿ ਸਾਰੇ ਟੈਲੀਵਿਜਨਾਂ ਅਤੇ ਹੋਰ ਪ੍ਰਚਾਰ ਸਾਧਨਾਂ ਉੱਤੇ ਜੋਤਿਸ਼ੀਆਂ ਅਤੇ ਤਾਂਤਰਿਕਾਂ ਦੇ ਝੂਠੇ ਗੁੰਮਰਾਹਕੁੰਨ ਪ੍ਰਚਾਰ ਅਤੇ ਇਨ੍ਹਾਂ ਦੇ ਵਿਉਪਾਰਕ ਕੇਂਦਰਾਂ ਉੱਪਰ ਪਾਬੰਦੀ ਲਗਾਈ ਜਾਵੇ।






# ਵਿਸ਼ਵ ਰੰਗਮੰਚ ਦਿਵਸ ਮੌਕੇ ਨਾਟਕ 'ਇਹ ਲਹੂ ਕਿਸਦਾ ਹੈ' ਦੀ ਪੇਸ਼ਕਾਰੀ ਤੇ ਸਨਮਾਨ ਸਮਾਰੋਹ







ਟੋਰਾਂਟੋ (ਮੀਡੀਆ ਬਿਊਰੋ) : ਹੈਰੀਟੇਜ਼ ਆਰਟਸ ਐਂਡ ਥੀਏਟਰ ਸੁਸਾਇਟੀ ਵੱਲੋਂ ਹਰ ਸਾਲ ਵਿਸ਼ਵ ਰੰਗਮੰਚ ਦਿਵਸ ਮੌਕੇ ਕੀਤਾ ਜਾਂਦਾ ਸਮਾਗਮ ਇਸ ਸਾਲ 3 ਅਪਰੈਲ 2016 ਨੂੰ ਬੀਤੇ ਐਤਵਾਰ ਵਾਲੇ ਦਿਨ ਲੋਫ਼ਰ ਲੇਕ ਕਮਿਊਨਿਟੀ ਸੈਂਟਰ ਨੇੜੇ ਹਰਟ ਲੇਕ ਟਾਊਨ ਸੈਂਟਰ, ਬਰੈਂਪਟਨ ਦੇ ਸੀਰਿਲ ਕਲਾਰਕ ਥੀਏਟਰ ਹਾਲ ਵਿੱਚ ਕੀਤਾ ਗਿਆ। ਇਸ ਸਮਾਗਮ ਵਿੱਚ ਡਾ ਗੁਰਦਿਆਲ ਸਿੰਘ ਫੁੱਲ ਦੇ ਲਿਖੇ ਤੇ ਹੀਰਾ ਰੰਧਾਵਾ ਦੀ ਨਿਰਦੇਸ਼ਨਾਂ ਹੇਠ ਤਿਆਰ ਕੀਤੇ ਨਾਟਕ 'ਇਹ ਲਹੂ ਕਿਸਦਾ ਹੈ?' ਦੀ ਸਫ਼ਲ ਪੇਸ਼ਕਾਰੀ ਕੀਤੀ ਗਈ। ਇਹ ਨਾਟਕ ਗੁਰੂ ਨਾਨਕ ਦੇਵ ਜੀ ਵੱਲੋਂ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿੱਚੋਂ ਦੁੱਧ ਤੇ ਮਲਿਕ ਭਾਗੋ ਦੇ ਮਾਲ ਪੂੜਿਆਂ ਵਿੱਚੋਂ ਲਹੂ ਕੱਢਣ ਵਾਲੀ ਘਟਨਾ ਨੂੰ ਦਰਸਾਉਂਦਾ ਹੈ। ਸਾਰੇ ਨਾਟਕ ਦੀ ਪੇਸ਼ਕਾਰੀ ਦੌਰਾਨ ਦਰਸ਼ਕ ਨਾਟਕ ਨਾਲ ਇੱਕ ਮਿੱਕ ਹੋਏ ਰਹੇ। ਇਸ ਨਾਟਕ ਵਿੱਚ ਮਲਿਕ ਭਾਗੋ ਵੱਲੋਂ ਰਚਾਏ ਬਰਾਹਮਭੋਜ ਮੌਕੇ ਮੰਗਣ ਆਏ ਡੂਮਾਂ ਦੇ ਟੋਟਕਿਆਂ ਨੇ ਹਸਾ ਹਸਾ ਕੇ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਵਾ ਦਿੱਤੀਆਂ। ਇਸ ਤਰਾਂ ਇਹ ਨਾਟਕ ਦਰਸ਼ਕਾਂ ਦਾ ਭਰਪੂਰ ਮੰਨੋਰੰਜਨ ਕਰਨ ਦੇ ਨਾਲ ਨਾਲ ਕਿਰਤ ਦੀ ਮਹੱਤਤਾ ਦਾ ਸੁਨੇਹਾ ਦਰਸ਼ਕਾਂ ਨੂੰ ਦੇਣ ਵਿੱਚ ਵੀ ਸਫ਼ਲ ਰਿਹਾ। ਇਸ ਨਾਟਕ ਵਿੱਚ ਸ਼ਿੰਗਾਰਾ ਸਮਰਾ ਨੇ ਡੂਮ ਪਿਓ, ਅਜਾਇਬ ਟੱਲੇਵਾਲੀਆ ਨੇ ਡੂਮ ਪੁੱਤ ਦੇ ਕਿਰਦਾਰ ਬਾਖ਼ੂਬੀ ਸਜੀਵਿਤ ਕੀਤੇ। ਪਰਮਿੰਦਰ ਸਿੱਧ ਨੇ ਸਿਪਾਹੀ ਰਾਮ ਚੰਦ, ਕਰਮਜੀਤ ਗਿੱਲ ਨੇ ਢੰਡੋਰਚੀ ਤੇ ਗਰੀਬ ਕਿਸਾਨ ਦੇ ਕਿਰਦਾਰਾਂ ਨਾਲ ਇਨਸਾਫ਼ ਕੀਤਾ, ਜਦ ਕਿ ਨਿਰਦੇਸ਼ਕ ਹੀਰਾ ਰੰਧਾਵਾ ਨੇ ਖ਼ੁਦ ਜ਼ਾਲਿਮ ਮਲਿਕ ਭਾਗੋ ਦੀ ਭੂਮਿਕਾ ਨਿਭਾਈ। ਨਾਟਕ ਪੇਸ਼ਕਾਰੀ ਪਿਛੋਂ ਸਥਾਨਕ ਰੰਗਕਰਮੀ/ਨਿਰਦੇਸ਼ਕ ਜਸਪਾਲ ਢਿਲੋਂ ਤੇ ਰੇਡੀਓ ਜਰਨਾਲਿਸਟ/ਤਰਕਸ਼ੀਲ ਆਗੂ ਡਾ ਬਲਜਿੰਦਰ ਸੇਖੋਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਦੋਹਾਂ ਦਾ ਇਹ ਵੀਚਾਰ ਸੀ ਕਿ ਥੀਏਟਰ ਲੋਕਾਂ ਦੀ ਜ਼ਿੰਦਗੀ ਵਿੱਚ ਪੈਰ ਪੈਰ ਤੇ ਆਉਂਦੀਆਂ ਮੁਸ਼ਕਲਾਂ ਨੂੰ ਉਜਾਗਰ ਕਰਦਿਆਂ ਉਹਨਾਂ ਨੂੰ ਵਿਗਿਆਨਕ ਢੰਗ ਨਾਲ ਜ਼ਿੰਦਗੀ ਜੀਓਣ ਲਈ ਪ੍ਰੇਰਣਾ ਦੇਣ ਵਾਲਾ ਹੋਣਾ ਚਾਹੀਦਾ ਹੈ। ਇਸ ਮੌਕੇ ਬਹੁਤ ਹੀ ਖ਼ੂਬਸੂਰਤ ਆਵਾਜ਼ ਵਿੱਚ ਸਿਮਰਜੀਤ ਨੇ ਸ਼ਹੀਦ ਭਗਤ ਸਿੰਘ ਤੇ ਹਿੰਦ-ਪਾਕਿ ਲੋਕਾਂ ਦੀਆਂ ਸਾਂਝਾਂ ਦੇ ਗੀਤ ਪੇਸ਼ ਕਰਕੇ ਦਰਸ਼ਕਾਂ ਨੂੰ ਮੰਤਰ ਮੁਗਦ ਕਰ ਦਿੱਤਾ। ਇਸ ਮਗਰੋਂ ਹੈਟਸ-ਅੱਪ ਦੇ ਕਲਾਕਾਰ ਅਮਤੋਜ਼ ਸਿੱਧੂ ਸੁਚੇਤਕ ਕਲਾ ਮੰਚ ਮੁਹਾਲੀ ਵੱਲੋਂ ਬਣਾਈ ਮਰਹੂਮ ਲੋਕ ਨਾਟਕਕਾਰ ਭਾਅਜੀ ਗੁਰਸ਼ਰਨ ਸਿੰਘ ਉਰਫ਼ ਭਾਈ ਮੰਨਾਂ ਸਿੰਘ ਹੋਰਾਂ ਦੀ ਜ਼ਿੰਦਗੀ 'ਤੇ ਅਧਾਰਿਤ ਇੱਕ ਡਾਕੂਮੈਂਟਰੀ ਫਿਲਮ 'ਕਰਾਂਤੀ ਦਾ ਕਲਾਕਾਰ' ਵਿਖਾਈ ਜਿਸ ਤੋਂ ਦਰਸ਼ਕਾਂ ਨੇ ਭਾਅਜੀ ਦੀ ਰੰਗਮੰਚ ਨੂੰ ਪ੍ਰਣਾਈ ਜ਼ਿਦਗੀ ਨੂੰ ਨੇੜਿਓਂ ਤੱਕਿਆ। ਇਸ ਸਾਲ ਸ੍. ਗੁਰਸ਼ਰਨ ਸਿੰਘ ਯਾਦਗਾਰੀ ਐਵਾਰਡ ਜਗਵਿੰਦਰ ਜੱਜ ਨੂੰ ਪੇਸ਼ ਕੀਤਾ ਗਿਆ ਜਦ ਕਿ ਰੰਗਮੰਚ ਖ਼ੇਤਰ ਵਿੱਚ ਜ਼ਿਕਰਯੋਗ ਕੰਮ ਕਰਨ ਵਾਲੇ ਰੰਗਕਰਮੀ, ਨਾਟਕਕਾਰ ਸ੍ਰੀ ਹਰਜੀਤ ਬੇਦੀ ਦਾ ਵੀ ਇਸ ਮੌਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਹਨਾਂ ਸ਼ਖ਼ਸ਼ੀਅਤਾਂ ਦੇ ਰੰਗਮੰਚ ਖ਼ੇਤਰ ਵਿੱਚ ਕੀਤੇ ਕੰਮਾਂ ਬਾਰੇ ਚਾਨਣਾਂ ਸਟੇਜ ਸਕੱਤਰ ਸ੍ਰੀ ਕੁਲਵਿੰਦਰ ਖ਼ਹਿਰਾ ਨੇ ਪਾਇਆ ਜਿੰਨਾਂ ਨੇ ਸਾਰੇ ਪ੍ਰੋਗਰਾਮ ਨੂੰ ਇੱਕ ਸੂਤਰ ਵਿੱਚ ਪਰੋਈ ਰੱਖਿਆ। ਇਸ ਤਰਾਂ ਇਹ ਸਮਾਗਮ ਵਲੰਟੀਅਰਜ਼ ਤੀਰਥ ਦਿਓਲ, ਸਿਮਰਜੀਤ, ਮੰਨੂ ਦਿਓਲ, ਮਨਪ੍ਰੀਤ ਸਿੱਧੂ, ਤੇ ਰਾਬੀਆ ਰੰਧਾਵਾ ਆਦਿ ਦੀ ਸਰਗਰਮ ਭੂਮਿਕਾ ਨਾਲ ਪੂਰੀ ਸਫ਼ਲਤਾ ਨਾਲ ਸਿਰੇ ਚੜ੍ਹਿਆ। ਇਸ ਸਮਾਗਮ ਨੂੰ ਮਾਨਣ ਲਈ ਭਾਈਚਾਰੇ ਦੀਆਂ ਨਾਮਵਰ ਸ਼ਖ਼ਸ਼ੀਅਤਾਂ ਦੇ ਨਾਲ ਨਾਲ ਹੋਰਾਂ ਤੋਂ ਬਿਨਾਂ ਰੇਡੀਓ ਹੋਸਟ ਗੁਰਤੀਰਥ ਪਾਸਲਾ, ਸੰਪਾਦਕ ਸੁਖਿੰਦਰ, ਮੈਗਜ਼ੀਨ ਵਾਹਗਾ ਦੇ ਸੰਪਾਦਕ ਪ੍ਰਿੰਸੀਪਲ ਸੁਖਚੈਣ ਸਿੰਘ ਢਿਲੋਂ, ਅੰਮ੍ਰਿਤ ਢਿਲੋਂ, ਪ੍ਰਿੰਸੀਪਲ ਰਮਨੀ ਬਤਰਾ, ਸਾਥੀ ਮੱਲ੍ਹੀ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਸਮਾਗਮ ਦੇ ਅੰਤ ਵਿੱਚ ਨਿਰਦੇਸ਼ਕ ਹੀਰਾ ਰੰਧਾਵਾ ਨੇ ਆਏ ਹੋਏ ਦਰਸ਼ਕਾਂ, ਸਾਰੇ ਸਵੈ-ਸੇਵੀਆਂ, ਤੇ ਸਿਟੀ ਆਫ਼ ਬਰੈਂਪਟਨ ਦੇ ਸਟਾਫ਼ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹਨਾਂ ਸਭਨਾਂ ਦੇ ਸਹਿਯੋਗ ਤੋਂ ਬਿਨਾਂ ਅਜਿਹੇ ਸਮਾਗਮ ਦੀ ਸਫ਼ਲਤਾ ਸੰਭਵ ਨਹੀਂ ਸੀ। ਹੈਟਸ-ਅੱਪ ਦੇ ਭਵਿੱਖ ਦੇ ਪ੍ਰੋਗਰਾਮਾਂ ਦੀ ਜਾਣਕਾਰੀ ਲਈ 416-319-0551, 416-710-2615 ਜਾਂ 416-302-9944 'ਤੇ ਫੋਨ ਕੀਤਾ ਜਾ ਸਕਦਾ ਹੈ।

# ਜਲ੍ਹਿਆਂਵਾਲੇ ਬਾਗ ਦਾ ਸਾਕਾ



ਡਾ ਬਲਜਿੰਦਰ ਸਿੰਘ ਸੇਖੋਂ

ਜਲਿਆਂਵਾਲੇ ਬਾਗ ਵਿਚ ਡਾਇਰ ਵਲੋਂ ਨਿਹੱਥੇ, ਪੁਰਅਮਨ ਇਕੱਠ ਤੇ ਗੋਲੀ ਚਲਾ ਕੇ ਵੱਡੀ ਗਿਣਤੀ ਵਿਚ ਆਮ ਲੋਕਾਂ ਦੇ ਮਾਰੇ ਜਾਣ ਦੀ ਘਟਨਾ, ਭਾਰਤ ਦੀ ਅਜ਼ਾਦੀ ਦੀ ਲੜਾਈ ਦੀ ਅਹਿਮ ਘਟਨਾ ਹੈ, ਜਿਸ ਨੇ ਭਾਰਤੀਆਂ, ਖਾਸ ਕਰ ਪੰਜਾਬੀਆਂ ਵਿਚ ਅੰਗਰੇਜ਼ਾਂ ਖਿਲਾਫ਼, ਘਿਰਣਾ ਤੇ ਰੋਹ ਦੀ ਲਹਿਰ ਪੈਦਾ ਕੀਤੀ, ਜਿਸ ਨੇ ਸ਼ਹੀਦ ਭਗਤ ਸਿੰਘ ਤੇ ਊਧਮ ਸਿੰਘ ਜਿਹੇ ਯੋਧਿਆ ਨੂੰ ਪ੍ਰਭਾਵਿਤ ਕੀਤਾ ਅਤੇ ਆਖਿਰ ਅੰਗਰੇਜਾਂਨੂੰ ਭਾਰਤ ਛੱਡਣ ਤੇ ਮਜ਼ਬੂਰ ਹੋਣਾ ਪਿਆ। ਅੰਗਰੇਜ਼ ਪਹਿਲੀ ਵੱਡੀ ਜੰਗ ਨੂੰ ਜਿੱਤ ਚੁੱਕੇ ਸਨ ਅਤੇ ਇੱਕ ਪਾਸੇ ਕਾਂਗਰਸ ਪਾਰਟੀ, ਭਾਰਤੀਆਂ ਲਈ ਸਰਕਾਰ ਵਿਚ ਕੁਝ ਹਿੱਸਾ ਲੈਣ ਦੀ ਉਮੀਦ ਲਈ ਬੈਠੀ ਸੀ, ਦੂਜੇ ਪਾਸੇ ਭਾਰਤ ਵਿਚ ਅੰਗਰੇਜ਼ ਅਧਿਕਾਰੀ, ਅਪਣਾ ਰਾਜ ਹੋਰ ਪੱਕਾ ਕਰਨ ਦੀ ਕੋਸ਼ਿਸ਼ ਵਿਚ ਸਨ। ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਸਾਥੀਆਂ ਦੀ 1915 ਵਿਚਲੀ ਗਦਰ ਦੀ ਕੋਸ਼ਿਸ਼ ਨੂੰ ਅੰਗਰੇਜ਼ਾਂ ਬੜੀ ਮਸ਼ਕਿਲ ਨਾਲ ਫੇਲ੍ਹ ਕੀਤਾ ਸੀ ਅਤੇ ਰੂਸ ਦੇ ਇੰਨਕਲਾਬ ਨੇ ਵੀ ਨੌਜਵਾਨਾਂ ਦਾ ਧਿਆਨ ਖਿਚਿਆ ਹੋਇਆ ਸੀ। ਪੰਜਾਬ ਦਾ ਲੈਫਟੀਨੈਂਟ ਗਵਰਨਰ ਸਰ ਮਾਇਕਲ ਓਡਵਾਇਰ ਅਪਣੇ ਸਾਥੀਆਂ ਸਮੇਤ ਪੰਜਾਬ ਅੰਦਰ ਇੱਕ ਹੋਰ ਗਦਰ ਦੀ ਸੰਭਾਵਨਾ ਅਤੇ ਅਤੇ ਬਹੁਤ ਥਾਂਈ ਮੁਸਲਿਮ ਅਤੇ ਹਿੰਦੂ ਸਿੱਖਾਂ ਵਿਚ ਵੱਧ ਰਹੀ ਨੇੜਤਾ ਤੋਂ ਚਿੰਤਤ ਸੀ।

ਲੋਕਾਂ ਅੰਦਰ ਸੁਲਘ ਰਹੀ ਅਜ਼ਾਦੀ ਦੀ ਚਿੰਗਾਰੀ ਨੂੰ ਦਬਾ ਕੇ ਰੱਖਣ ਦੀ ਮਨਸ਼ਾ ਨਾਲ ਭਾਰਤ ਦੀ ਅੰਗਰੇਜ਼ ਸਰਕਾਰ ਨੇ, ਪਹਿਲੀ ਵੱਡੀ ਜੰਗ ਵੇਲੇ ਅਪਣਾਏ ਸਖਤ ਕਾਨੂੰਨਾਂ ਨੂੰ, ਅਰਾਜਕਿਤਾ ਅਤੇ ਇੰਨਕਲਾਬੀ ਜੁਰਮ ਐਕਟ ਬਣਾ 21 ਮਾਰਚ 1919 ਤੋਂ ਅੱਗੇ ਲਾਗੂ ਕਰ ਦਿੱਤਾ। ਇਸ ਐਕਟ ਨੂੰ, ਇਸ ਕਾਨੂੰਨ ਦੇ ਘਾੜੇ, ਰੌਲਟ ਦੇ ਨਾਂ ਤੇ ਰੌਲਟ ਐਕਟ ਕਿਹਾ ਜਾਣ ਲੱਗਾ। ਇਸ ਕਾਨੂੰਨ ਅਧੀਨ ਕਿਸੇ ਨੂੰ ਵੀ ਅਤਵਾਦੀ ਕਾਰਵਾਈ ਕਰਨ ਦੇ ਸ਼ੱਕ ਵਿਚ ਬਿਨਾ ਮੁਕੱਦਮਾ ਚਲਾਏ ਦੋ ਸਾਲ ਜੇਲ੍ਹ ਵਿਚ



ਰੱਖਿਆ ਜਾ ਸਕਦਾ ਸੀ, ਪ੍ਰੈਸ ਤੇ ਸਖਤ ਕੰਟਰੋਲ ਦਾ ਅਧਿਕਾਰ ਸਰਕਾਰ ਨੂੰ ਸੀ ਅਤੇ ਸਿਆਸੀ ਕਾਰਵਾਈ ਕਰਨ ਵਾਲਿਆਂ ਨੂੰ ਬਿਨਾ ਵਰੰਟ ਗ੍ਰਿਫਤਾਰੀ ਕਰਕੇ ਬੰਦ ਅਦਾਲਤਾਂ ਵਿਚ ਸੁਣਵਾਈ ਕੀਤੀ ਜਾ ਸਕਦੀ ਸੀ। ਇਨ੍ਹਾਂ ਅਦਾਲਤਾਂ ਵਿਚ ਗਵਾਹਾਂ ਨੂੰ ਦੋਸ਼ੀਆਂ ਦੇ ਸਾਹਮਣੇ ਲਿਆਉਣ ਤੋਂ ਬਿਨਾ ਹੀ ਉਨ੍ਹਾਂ ਦੀਆਂ ਗਵਾਹੀਆਂ ਦਰਜ ਕੀਤੀਆਂ ਅਤੇ ਸਹੀ ਮੰਨੀਆਂ ਜਾ ਸਕਦੀਆਂ ਸਨ। ਇਹ ਵੱਡੀ ਜੰਗ ਖਤਮ ਹੋਣ ਦੇ ਬਾਵਜੂਦ ਸਧਾਰਨ ਹਾਲਤਾਂ ਵਿਚ ਆਮ ਲੋਕਾਂ ਦੀ ਅਜ਼ਾਦੀ ਤੇ ਸਿੱਧਾ ਡਾਕਾ ਸੀ।

ਰੌਲਟ ਐਕਟ ਦੇ ਖਿਲਾਫ਼ ਰੋਸ ਪ੍ਰਗਟ ਕਰਨ ਲਈ, ਨਵੇਂ ਨਵੇਂ ਕਾਂਗਰਸ ਵਿਚ ਲੀਡਰ ਦੇ ਤੌਰ ਤੇ ਉਭਰ ਰਹੇ ਮਹਾਤਮਾ ਗਾਂਧੀ ਨੇ 30 ਮਾਰਚ 1919 ਨੂੰ ਸ਼ਾਤੀ ਪੂਰਵਕ ਬੰਦ ਦਾ ਸੱਦਾ ਦਿੱਤਾ। ਇਸ ਨੂੰ ਅੰਮ੍ਰਿਤਸਰ ਵਿਚ ਚੰਗਾ ਹੁੰਗਾਰਾ ਮਿਲਿਆ ਅਤੇ ਅੰਗਰੇਜ਼ ਅਧਿਕਾਰੀਆਂ ਨੂੰ ਜ਼ਿਆਦਾ ਖਤਰਾ ਇਸ ਲਈ ਲੱਗਣ ਲੱਗਾ ਕਿ ਸ਼ਹਿਰ ਵਿਚ ਇੱਕ ਹਿੰਦੂ, ਡਾ ਸਤਪਾਲ ਅਤੇ ਇੱਕ ਮੁਸਲਮਾਨ ਵਕੀਲ ਸੈਫਉਦੀਨ ਕਿਚਲੂ ਰੱਲ ਕੇ ਇਸ ਕਾਨੂੰਨ ਖਿਲਾਫ਼

(ਬਾਕੀ ਸਫ਼ਾ 20 'ਤੇ)

Century 21
Green Realty Inc. Brokerage
Each Office Independently Owned and Operated
Sohan Mann
Sales Representative
Dir: 416-564-1699
Off: 905-565-9565
6980 Maritz Dr., Unit 8
Mississauga, ON L5W 1Z3
Fax: 905-565-9522
Email: sohanmann@hotmail.com
Buy Green, Build Green, Save Environment!!!
www.SohanMann.com

Village of India
Restaurant & Sweets
Tel : 905-450-3333 www.villageofindia.ca
*Open days a week *Pur Veg. Authentic Fine Indian Cuisine
PARTY HALL (up to 100 people)
Party Hall+Catering+Seating
Arrangement+Sound System+Lighting
*DINE IN *TAKE OUT *CATERING *SWEETS&SNACKS
114 Kennedy Road, South, Brampton, ON L6W 3E7
(Between Queen/HWY 7 & Steeles)

# ਬੋਕੋ ਹਰਮ ਵੱਲੋਂ ਅਗਵਾ ਕੀਤੀਆਂ ਗਈਆਂ ਲੜਕੀਆਂ ਤੇ ਔਰਤਾਂ ਉੱਤੇ ਚੁੱਪ ਕਿਉਂ ?




ਸਾਲ 2014 ਵਿੱਚ ਨਾਈਜੀਰੀਆ ਦੇ ਸ਼ਹਿਰ ਸ਼ਿਬੋਕ ਤੋਂ 200 ਦੇ ਕਰੀਬ ਸਕੂਲੀ ਲੜਕੀਆਂ ਨੂੰ ਅਗਵਾ ਕੀਤਾ ਗਿਆ ਸੀ। ਅਧਿਕਾਰੀ ਮੰਨਣ ਨੂੰ ਤਿਆਰ ਨਹੀਂ; ਅਗਵਾ ਕਰ ਕੇ ਉਹਨਾਂ ਨੂੰ ਕਿੱਥੇ ਰੱਖਿਆ ਗਿਆ ਹੈ, ਇਸ ਦੀ ਇਤਲਾਹ ਨਹੀਂ; ਉਹਨਾਂ ਉੱਤੇ ਕੀ ਜ਼ੁਲਮ ਢਾਹੇ ਜਾ ਰਹੇ ਹਨ ਕਿਸੇ ਨੂੰ ਉੱਘ-ਸੁੱਘ ਨਹੀਂ; ਮਨੁੱਖੀ ਅਧਿਕਾਰਾਂ ਵਾਲੇ ਸੁੱਤੇ ਪਏ ਨੇ ਜਾਂ ਕਿਸੇ ਨੂੰ ਇਸ ਘਟਨਾ ਦੀ ਵਾਹ-ਪਰਵਾਹ ਕੋਈ ਨਹੀਂ...ਉਹ ਸਾਰੇ ਗ਼ਰੀਬ ਜਿਉਂ ਹੋਏ! ਇਸੇ ਤਰ੍ਹਾਂ ਡਮੈਸਕ ਤੋਂ 400 ਦੇ ਕਰੀਬ ਲੜਕੀਆਂ, ਬੱਚਿਆਂ ਅਤੇ ਔਰਤਾਂ ਨੂੰ ਅਗਵਾ ਕਰ ਲਿਆ ਗਿਆ, ਕੋਈ ਹਿੱਲ-ਜੁੱਲ ਨਹੀਂ!

ਇਸਲਾਮੀ ਅਤਿਵਾਦੀ ਗਰੁੱਪ ਬੋਕੋ ਹਰਮ ਵੱਲੋਂ ਕਿਸੇ ਅਗਵਾ ਕਰਨ ਦੀ ਇਹ ਸਭ ਤੋਂ ਵੱਡੀ ਤੇ ਖ਼ਤਰਨਾਕ ਘਟਨਾ ਹੈ ਅਤੇ ਦੁਨੀਆ ਭਰ ਵਿੱਚ ਵਿੱਚ ਇਸ ਨੂੰ ਅਣਗੌਲਿਆਂ ਕੀਤਾ ਗਿਆ ਹੈ - ਰਾਜਨੇਤਾਵਾਂ ਵੱਲੋਂ ਵੀ ਅਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਵੱਲੋਂ ਵੀ। ਬੋਕੋ ਹਰਮ ਨੇ 2014 ਤੋਂ ਲੈ ਕੇ ਹੁਣ ਤੱਕ 2 ਹਜ਼ਾਰ ਲੜਕੀਆਂ ਅਤੇ ਔਰਤਾਂ ਨੂੰ ਅਗਵਾ ਕੀਤਾ, ਬੰਧਕ ਬਣਾਇਆ, ਉਹਨਾਂ ਦਾ ਸਰੀਰਕ ਸ਼ੋਸ਼ਣ ਕੀਤਾ; ਉਹਨਾਂ ਕੋਲੋਂ ਅੱਜ ਵੀ ਕੰਮ ਕਰਵਾਇਆ ਜਾ ਰਿਹਾ ਹੈ, ਉਹਨਾਂ ਦੇ ਸਰੀਰ ਨੋਚੇ ਜਾ ਰਹੇ ਹਨ, ਲੜਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਨਵੀਨਤਮ ਰਿਪੋਰਟਾਂ ਕਹਿੰਦੀਆਂ ਨੇ ਕਿ ਉਹਨਾਂ ਨੂੰ ਵਿਦਾਈਨ ਜਾਂ ਖੁਦਕੁਸ਼ੀ ਜਾਂ ਸੁਇਸਾਈਡ ਬੰਬਰ (suicide bombers) ਬਣਾਇਆ ਜਾ ਰਿਹਾ ਹੈ।

ਮਨੁੱਖੀ ਅਧਿਕਾਰ ਸੰਸਥਾ 'ਹਿਊਮਨ ਰਾਈਟਸ ਵਾਚ' ਨੇ ਕੁੱਝ ਦਸਤਾਵੇਜ਼ਾਂ ਵਿੱਚ ਜ਼ਿਕਰ ਕੀਤਾ ਹੈ ਕਿ ਅਗਵਾ ਕੀਤੇ ਜਾਣ ਦੀਆਂ ਇਹਨਾਂ ਘਟਨਾਵਾਂ ਵਿੱਚੋਂ ਇਹ ਸਭ ਤੋਂ ਖ਼ਤਰਨਾਕ ਹਨ। ਸਾਲ 2015 ਦੇ ਮਾਰਚ ਮਹੀਨੇ ਵਿੱਚ ਡਮੈਸਕ ਤੋਂ ਪ੍ਰਾਇਮਰੀ ਸਕੂਲ ਦੀਆਂ 300 ਬੱਚੀਆਂ ਅਗਵਾ ਕੀਤੀਆਂ ਗਈਆਂ ਤੇ ਕੁੱਲ 400 ਦੇ ਕਰੀਬ ਲੋਕ ਬੰਧਕ ਬਣਾਏ ਗਏ।

ਜਦੋਂ ਇਹ ਖ਼ਬਰ ਆਉਣ ਲੱਗੀ ਕਿ ਬੱਚੀਆਂ ਅਗਵਾ ਕਰ ਲਈਆਂ ਗਈਆਂ ਹਨ ਤਾਂ ਨਾਈਜੀਰੀਆ ਦੀ ਸਰਕਾਰ ਨੇ ਬੇਸ਼ਰਮੀ ਦੀ ਹੱਦ ਪਾਰ ਕਰਦੇ ਹੋਏ ਇਸ ਤਰ੍ਹਾਂ ਦੀ ਕਿਸੇ ਘਟਨਾ ਦੇ ਹੋਣ ਤੋਂ ਹੀ ਇਨਕਾਰ ਕਰ ਦਿੱਤਾ। ਜਿਸ ਥਾਂ ਇਹਨਾਂ ਨੂੰ ਬੰਧਕ ਬਣਾ ਕੇ ਰੱਖਿਆ ਗਿਆ ਹੈ, ਉੱਥੇ ਜਾਣਾ ਸੌਖਾ ਨਹੀਂ ਕਿਉਂਕਿ ਇਹ ਇਲਾਕਾ ਬੋਕੋ ਹਰਮ ਦੇ ਕਬਜ਼ੇ ਵਿੱਚ ਹੈ। ਪੱਤਰਕਾਰ ਜਾ ਨਹੀਂ ਜਾ ਸਕਦੇ, ਸਰਕਾਰ ਇਸ ਗੱਲ ਨੂੰ ਪ੍ਰਵਾਨ ਹੀ ਨਹੀਂ ਕਰਦੀ।

ਨਵੰਬਰ 2014 ਵਿੱਚ ਜਿਹਨਾਂ ਲੜਕੀਆਂ ਨੂੰ ਅਗਵਾ ਕੀਤਾ ਗਿਆ ਉਹਨਾਂ ਵਿੱਚੋਂ ਕਈ ਦੀ ਉਮਰ 7-7 ਸਾਲ ਦੀ ਵੀ ਦੱਸੀ ਜਾ ਰਹੀ ਹੈ। ਅਤਿਵਾਦੀਆਂ ਨੇ ਜ਼ੈਨਾ ਮੋਬਾਰਤੀ ਪ੍ਰਾਇਮਰੀ ਸਕੂਲ ਦੇ ਗੇਟ ਬੰਦ ਕਰ ਦਿੱਤੇ, ਲੜਕੀਆਂ ਦੀਆਂ ਚੀਕਾਂ ਇਸ ਚਾਰਦਿਵਾਰੀ ਵਿੱਚ ਹੀ ਬੰਦ ਕਰ ਦਿੱਤੀਆਂ ਗਈਆਂ। 'ਹਿਊਮਨ ਰਾਈਟਸ ਵਾਚ' ਦੀ ਇਸ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਲੜਕਿਆਂ ਨੂੰ ਵੱਖ ਕਰ ਦਿੱਤਾ ਗਿਆ, ਔਰਤਾਂ ਨੂੰ ਅਲਗ ਕੀਤਾ ਗਿਆ, ਅਤੇ ਬੱਚੀਆਂ ਨੂੰ ਪਵਿੱਤਰ ਗ੍ਰੰਥ ਕੁਰਾਨ ਜ਼ਬਰਦਸਤੀ ਪੜ੍ਹਨ ਲਈ ਮਜਬੂਰ ਕੀਤਾ ਗਿਆ। ਮਾਰਚ 2015 ਵਿੱਚ ਉਹ ਇਥੋਂ ਇਹਨਾਂ ਬੱਚੀਆਂ ਸਮੇਤ ਗਾਇਬ ਹੋ ਗਏ।

ਇਕ ਸਾਲ ਹੋ ਗਿਆ ਹੈ ਇਹਨਾਂ ਬੱਚੀਆਂ ਦੇ ਗਾਇਬ ਹੋਇਆਂ, ਨਾਈਜੀਰੀਆ ਸਰਕਾਰ ਨੇ ਮੂੰਹੋਂ ਇੱਕ ਸ਼ਬਦ ਨਹੀਂ ਕੱਢਿਆ ਹੈ। ਇਹਨਾਂ 400 ਅਗਵਾ ਕੀਤੇ ਲੋਕਾਂ ਦੇ ਨਾਲ ਨਾਲ 470 ਲੋਕ ਮਾਰੇ ਵੀ ਗਏ ਹਨ। ਡਮੈਸਕ ਸ਼ਹਿਰ ਹੁਣ ਭੁਤਹਾ ਸ਼ਹਿਰ (ghost town) ਬਣ ਕੇ ਰਹਿ ਗਿਆ ਹੈ, ਕਦੀ ਕਦਾਈਂ ਬੰਬ ਜਾਂ ਗੋਲੀਆਂ ਚੱਲਣ ਦੀ ਆਵਾਜ਼ ਆਉਂਦੀ ਹੈ...ਹੋਰ ਕੁੱਝ ਨਹੀਂ।

ਆਉਂਦੀ 14 ਅਪਰੈਲ ਨੂੰ ਚਿਬੋਕ ਤੋਂ ਅਗਵਾ ਸਕੂਲੀ ਬੱਚੀਆਂ ਦੀ ਘਟਨਾ ਨੂੰ ਇੱਕ ਸਾਲ ਪੂਰਾ ਹੋ ਜਾਣਾ ਹੈ, ਨਾ ਉਹਨਾਂ ਦੀ ਉੱਘ-ਸੁੱਘ ਹੈ, ਨਾ ਸਰਕਾਰ ਨੂੰ ਚਿੰਤਾ ਹੈ, ਮਾਪਿਆਂ ਦਾ ਕੀ ਹਾਲ ਹੈ -ਇਹ ਜਾਣਨ ਵਾਲਾ ਕੋਈ ਨਹੀਂ, ਲੜਕੀਆਂ ਦਾ ਕੀ ਹਾਲ ਹੈ - ਇਹ ਦੱਸਣ ਵਾਲਾ ਕੋਈ ਨਹੀਂ।

ਕੋਈ ਬੋਲੇਗਾ ਇਸ ਉੱਤੇ?

**-ਰਿਸ਼ੀ ਨਾਗਰ ਕੈਲਗਰੀ**


## ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ






ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

ਮਾਸਟਰ ਭਜਨ ਸਿੰਘ : 403-455-4220, ਪ੍ਰੋ. ਗੋਪਾਲ ਕਾਉਂਕੇ : 403-970-3588


## ਹਰਜੀਤ ਬੇਦੀ ਦੀ ਪੁਸਤਕ 'ਹਕੀਕਤ'






ਸਾਇੰਸ ਤੇ ਹਿਸਾਬ ਦੀਆਂ ਸੂਖਮ, ਬਿਖਮ ਤੇ ਔਖੀਆਂ ਤੰਦਾਂ ਫੜਨ ਦੇ ਮਾਹਿਰ ਅਧਿਆਪਕ ਹਰਜੀਤ ਬੇਦੀ ਨੇ ਵਾਰਤਕ, ਨਾਟਕ ਤੇ ਕਵਿਤਾ ਵਿਚ ਵੀ ਜ਼ਿਕਰਯੋਗ ਹਿੱਸਾ ਪਾਇਆ ਹੈ। ਕਵਿਤਾ ਦੀ ਚੇਟਕ ਉਸ ਨੂੰ ਨੌਵੀਂ ਜਮਾਤ ਵਿਚ ਪੜ੍ਹਦਿਆਂ ਕਿਸ਼ੋਰ ਉਮਰ ਵਿਚ ਹੀ ਲੱਗ ਗਈ ਸੀ, ਉਸ ਦੀਆਂ ਕਵਿਤਾਵਾਂ ਸਥਾਨਕ ਰਸਾਲਿਆਂ ਵਿਚ ਛਪਣ ਲੱਗੀਆਂ ਸਨ। ਸਾਇੰਸ ਅਧਿਆਪਕ ਦੀ ਪੋਸਟ 'ਤੇ ਲੱਗਣ ਮਗਰੋਂ ਉਸ ਦਾ ਨਾਟਕ ਕਲਾ ਵੱਲ ਝੁਕਾਅ ਹੋਇਆ। ਨਾਟਕਾਂ ਵਿਚ ਉਸ ਦੀ ਪੇਸ਼ਕਾਰੀ ਗੰਭੀਰ ਅਰਥਾਂ ਵਾਲੀ, ਤਿੱਖੇ ਤੇ ਗਹਿਰੇ ਪ੍ਰਭਾਵ ਵਾਲੀ ਸੀ। ਲਗਨ ਮਨੁੱਖ ਨੂੰ ਕਿਤੇ ਦੀ ਕਿਤੇ ਲੈ ਜਾਂਦੀ ਹੈ। ਬੇਦੀ ਕਿਥੇ ਕਿਥੇ ਕੀ ਕੀ ਪਾਪੜ ਵੇਲਦਾ ਰਿਹਾ, ਇਕ ਬੰਦਾ ਕਈ ਕਈ ਬੰਦਿਆਂ ਜਿੰਨਾ ਕੰਮ ਕਿਵੇਂ ਕਰਦਾ ਰਿਹਾ ਹੈ? ਹੈਰਾਨੀ ਹੁੰਦੀ ਹੈ। ਉਸ ਦੇ ਅਹੁਦੇਦਾਰੀਆਂ ਦੀ ਸੂਚੀ ਵਲੋਂ :

ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਦੇ 'ਪੰਜਾਬ ਲੋਕ ਸਭਿਆਚਾਰ ਮੰਚ' ਦਾ ਸੂਬਾ ਕਮੇਟੀ ਮੈਂਬਰ, ਸਾਹਿਤਕ ਰਸਾਲੇ 'ਸਰਦਲ' ਦੇ ਸੰਪਾਦਕੀ ਬੋਰਡ ਦਾ ਮੈਂਬਰ, ਸਾਖਰਤਾ ਸੰਮਤੀ ਜ਼ਿਲ੍ਹਾ ਫਰੀਦਕੋਟ ਦਾ ਇੰਚਾਰਜ, ਬੇਰੁਜ਼ਗਾਰ ਯੂਨੀਅਨ ਪੰਜਾਬ ਦਾ ਜਨਰਲ ਸਕੱਤਰ, ਟੀਚਰਜ਼ ਯੂਨੀਅਨ ਪੰਜਾਬ ਦਾ ਸਰਗਰਮ ਵਰਕਰ, ਪਰਮਜੀਤ ਗਿੱਲ ਨਾਲ ਮਿਲ ਕੇ 'ਪੰਜਾਬ ਕਲਾ ਮੰਚ' ਬੁੱਘੀਪੁਰਾ ਮੋਗਾ' ਦੀ ਸਥਾਪਨਾ ਕੀਤੀ। ਇਸ ਮੰਚ ਨੇ ਵੱਖ-ਵੱਖ ਨਾਟਕਾਂ ਦੀ ਥਾਂ ਥਾਂ ਪੇਸ਼ਕਾਰੀ ਕੀਤੀ। ਲੋਕਾਂ ਵਿਚ ਨਵੀਂ ਜਾਗ੍ਰਿਤੀ ਦਾ ਮੁੱਢ ਬੰਨ੍ਹਿਆ। ਇਸ ਦਾ ਨਾਟਕ 'ਹਨੇਰੇ ਤੋਂ ਚਾਨਣ ਤੱਕ' ਪੰਜਾਬ ਭਰ ਵਿਚ ਖੇਡਿਆ ਗਿਆ; ਜੋ ਬੇਹੱਦ ਮਕਬੂਲ ਹੋਇਆ। ਬੇਦੀ ਨੇ ਕੋਈ ਇਕ ਕੰਮ ਕੀਤਾ ਹੈ? ਵੱਡੇ ਅਹੁਦੇ, ਵੱਡੀਆਂ ਜ਼ਿੰਮੇਵਾਰੀਆਂ। ਸੀਨੇ ਦੀ ਚਿਣਗ ਨੇ ਟਿਕ ਕੇ ਬੈਠਣ ਨਹੀਂ ਦਿੱਤਾ। ਹਰਜੀਤ ਬੇਦੀ ਦੀ ਕਿਤਾਬ 'ਹਕੀਕਤ' ਦੀ ਪ੍ਰਕਾਸ਼ਨਾ ਲਈ ਮੈਂ ਉਸ ਦੀ ਹਾਰਦਿਕ ਪ੍ਰਸੰਸਾ ਕਰਦਾ, ਸਨਮਾਨ ਤੇ ਸਵਾਗਤ ਕਰਦਾ ਹਾਂ। ਆਸ ਕਰਦਾ ਹਾਂ ਕਿ ਉਹ ਇਸੇ ਸਿਰੜ, ਸਿਦਕ ਤੇ ਸਾਧਨਾ ਨਾਲ ਤੇ ਇਸੇ ਜੋਸ਼ ਤੇ ਜਜ਼ਬੇ ਨਾਲ ਯਤਨਸ਼ੀਲ ਰਹੇਗਾ। **- ਪੂਰਨ ਸਿੰਘ ਪਾਂਧੀ**


Commitment to Excellent Services

Punjab Insurance Inc

Punjab Insurance Inc

Your Insurance Advisor

Super Visa Insurance

Disability Insurance | Life Insurance | Critical Illness Insurance |

Mortgage Insurance Segregated Funds | RRSP & TFSA | RESP |

Email : dharbans@hotmail.com www.numberoneinsurance.ca



Harbans Singh
416-817-7142

## ਸੰਤ ਰਾਮ ਉਦਾਸੀ ਦੀ ਬਰਸੀ 'ਤੇ

# ਲੋਕ ਕਾਵਿ ਦਾ ਮਘਦਾ ਸੂਰਜ ਸੰਤ ਰਾਮ ਉਦਾਸੀ



ਪ੍ਰਿੰ. ਸਰਵਣ ਸਿੰਘ



ਸੰਤ ਰਾਮ ਉਦਾਸੀ ਪੰਜਾਬੀ ਲੋਕ ਕਾਵਿ ਦਾ ਮੱਘਦਾ ਸੂਰਜ ਸੀ ਜੋ ਆਪ ਭਾਵੇਂ ਛਿਪ ਗਿਆ ਪਰ ਉਹਦੇ ਕਾਵਿ ਦਾ ਤਪ-ਤੇਜ ਸਦਾ ਤਪਦਾ ਰਹੇਗਾ ਤੇ ਕਿਰਤੀ ਕਾਮਿਆਂ ਅੰਦਰ ਰੋਹ ਦੀਆਂ ਚਿਣਗਾਂ ਬਾਲ਼ਦਾ ਰਹੇਗਾ। ਉਦਾਸੀ ਨੇ ਆਪਣੇ ਗੀਤਾਂ ਤੇ ਨਜ਼ਮਾਂ ਨਾਲ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਐਸੀ ਅੱਗ ਬਾਲ਼ੀ ਜੋ ਹਾਕਮਾਂ ਤੇ ਲੋਟੂਆਂ ਦੇ ਬੁਝਾਉਣ ਦੇ ਬਾਵਜੂਦ ਬੁਝਣ ਵਾਲੀ ਨਹੀਂ। ਜਦੋਂ ਉਹ ਗਾਉਂਦਾ ਤਾਂ ਉਹਦੇ ਗੀਤਾਂ ਵਿਚਲੀ ਰੋਹੀਲੀ ਲਲਕਾਰ ਹੋਰ ਵੀ ਪ੍ਰਚੰਡ ਹੋ ਜਾਂਦੀ। ਉਹ ਖੱਬਾ ਹੱਥ ਕੰਨ 'ਤੇ ਧਰ ਕੇ ਸੱਜੀ ਬਾਂਹ ਆਕਾਸ਼ ਵੱਲ ਉਗਾਸਦਾ ਤਾਂ ਉਹਦੇ ਹਾਕ ਮਾਰਵੇਂ ਬੋਲ ਦੂਰ ਤਕ ਗੂੰਜਦੇ। ਮਲਵਈ ਪੁੱਠ ਵਾਲੀ ਲਰਜ਼ਦੀ ਹੂਕ ਦੀਆਂ ਤਰੰਗਾਂ ਨਾਲ ਚਾਰਚੁਫੇਰਾ ਲਰਜ਼ ਉੱਠਦਾ। ਉਹ ਸੰਖ ਵਰਗੀ ਗੂੰਜਵੀਂ ਆਵਾਜ਼ ਨਾਲ ਹਜ਼ਾਰਾਂ ਸਰੋਤਿਆਂ ਦੇ 'ਕੱਠਾਂ ਨੂੰ ਕੀਲ ਲੈਂਦਾ। ਲੋਕ ਪੱਬਾਂ ਭਾਰ ਹੋ ਕੇ ਉਦਾਸੀ ਨੂੰ ਸੁਣਦੇ ਤੇ ਉਹਦੇ ਗੀਤਾਂ ਦੇ ਰੰਗ ਵਿਚ ਰੰਗੇ ਜਾਂਦੇ। ਜਿੰਨੇ ਜਾਨਦਾਰ ਉਹਦੇ ਗੀਤ ਸਨ ਉਨੀ ਹੀ ਧੜੱਲੇਦਾਰ ਉਹਦੀ ਆਵਾਜ਼ ਸੀ। ਗੀਤਾਂ ਤੇ ਕਵਿਤਾਵਾਂ ਨੂੰ ਪੇਸ਼ ਕਰਨ ਦਾ ਉਹਦਾ ਅੰਦਾਜ਼ ਵੀ ਅਦੁੱਤੀ ਸੀ। ਉਹ ਹਿੱਕ ਦੇ ਤਾਣ ਨਾਲ ਗਾਉਂਦਾ:

**ਮਾਂ ਧਰਤੀਏ ਤੇਰੀ ਗੋਦ ਨੂੰ ਚੰਦ ਹੋਰ ਬਥੇਰੇ**
**ਮਘਦਾ ਰਹੀਂ ਤੂੰ ਸੂਰਜਾ ਕੰਮੀਆਂ ਦੇ ਵਿਹੜੇ**

**ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ**
**ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ**
**ਅਸਾਂ ਤੋੜ ਦੇਣੀ, ਅਸਾਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ...।**

ਉਦਾਸੀ 20 ਅਪ੍ਰੈਲ 1939 ਨੂੰ ਜ਼ਿਲ੍ਹਾ ਬਰਨਾਲਾ ਦੇ ਪਿੰਡ ਰਾਏਸਰ ਵਿਚ ਕੰਮੀਆਂ ਦੇ ਵਿਹੜੇ ਜੰਮਿਆ ਸੀ। ਉਸ ਦੇ ਪਿਤਾ ਦਾ ਨਾਂ ਮੇਹਰ ਸਿੰਘ ਤੇ ਮਾਤਾ ਦਾ ਧੰਨ ਕੌਰ ਸੀ। ਉਸ ਦਾ ਪੜਦਾਦਾ ਭਾਈ ਕਾਹਲਾ ਸਿੰਘ ਆਪਣੇ ਸਮੇਂ ਦਾ ਚੰਗਾ ਗਵੰਤਰੀ ਸੀ। ਉਦਾਸੀ ਨੂੰ ਹੇਕਮਈ ਸੁਰੀਲੀ ਆਵਾਜ਼ ਪੜਦਾਦੇ ਤੋਂ ਵਿਰਸੇ ਵਿਚ ਮਿਲੀ। ਬਾਬਾ ਕਾਹਲਾ ਸਿੰਘ ਦੇ ਵੱਡੇ ਭਾਈ ਬਾਬਾ ਚੇਤ ਸਿੰਘ ਭੰਗੀ ਮਿਸਲ ਦੇ 1400 ਘੋੜ ਸਵਾਰਾਂ ਦੀ ਖਾਲਸਾ ਫੌਜ ਦੇ ਆਗੂ ਸਨ।

ਉਦਾਸੀ ਦੇ ਪਿੰਡ ਰਾਏਸਰ ਤੋਂ ਮੇਰਾ ਪਿੰਡ ਚਕਰ ਪੱਚੀ ਤੀਹ ਕਿਲੋਮੀਟਰ ਦੂਰ ਹੈ ਜਿਥੇ ਉਹ ਕਈ ਵਾਰ ਆਇਆ। ਸਾਡੇ ਗੁਆਂਢੀ ਮਾਸਟਰ ਗੁਰਪ੍ਰੀਤ ਸਿੰਘ ਧੰਜਲ ਦਾ ਉਹ ਦੋਸਤ ਸੀ ਜੋ ਉਦਾਸੀ ਦੇ ਗੀਤ ਵੀ ਗਾਇਆ ਕਰਦਾ ਸੀ। ਗੁਰਪ੍ਰੀਤ ਦੀ ਉਹਦੇ ਨਾਲ ਦੋਸਤੀ ਅਧਿਆਪਕ ਯੂਨੀਅਨ ਤੇ 'ਕੱਠਿਆਂ ਖਾਣ ਪੀਣ ਤੋਂ ਹੋਈ ਸੀ। ਜਦੋਂ ਉਹ ਚਕਰ ਆਇਆ ਹੁੰਦਾ ਤਾਂ ਉਹਦੇ ਗੀਤ ਸੁਣਨ ਦਾ ਮੈਨੂੰ ਵੀ ਮੌਕਾ ਮਿਲ ਜਾਂਦਾ। ਉਹ ਕਦੇ ਕਦੇ ਢੁੱਡੀਕੇ ਕਾਲਜ ਵਿਚ ਵੀ ਫੇਰਾ ਪਾਉਂਦਾ ਜਿਥੇ ਮੈਂ ਤੀਹ ਸਾਲ ਦੇ ਕਰੀਬ ਪੜ੍ਹਾਇਆ। ਉਹਦੀਆਂ ਕਵਿਤਾਵਾਂ ਤੇ ਗੀਤ ਕਾਲਜ ਦੇ ਵਿਦਿਆਰਥੀ ਹੁੱਬ ਕੇ ਸੁਣਦੇ ਤੇ ਗਾਉਂਦੇ। ਉਥੇ ਗੁਰਚਰਨ ਸਿੰਘ ਸੰਘਾ ਪੜ੍ਹਦਾ ਹੁੰਦਾ ਸੀ ਜੋ ਉਦਾਸੀ ਦਾ ਸੰਗੀ ਸਾਥੀ ਬਣਿਆ। ਮੈਨੂੰ ਉਦੋਂ ਇਸ ਦਾ ਪਤਾ ਨਹੀਂ ਸੀ।

ਉਦੋਂ ਪੰਜਾਬ ਵਿਚ ਵੀ ਨਕਸਲਬਾੜੀ ਲਹਿਰ ਪਹੁੰਚ ਚੁੱਕੀ ਸੀ। ਉਹ ਨਕਸਲਬਾੜੀ ਲਹਿਰ ਵਿਚ ਕੁੱਦ ਪਿਆ ਸੀ ਤੇ ਜਮਾਤੀ ਦੁਸ਼ਮਣਾਂ ਦੇ ਸਫਾਏ ਦੀਆਂ ਗੱਲਾਂ ਕਰਦਾ ਇਨਕਲਾਬੀ ਗੀਤ ਗਾਉਂਦਾ ਸੀ। ਉਹਦੇ ਬੋਲ ਵੱਡੇ-ਵੱਡੇ 'ਕੱਠਾਂ ਨੂੰ ਬੰਨ੍ਹ ਬਿਠਾਉਂਦੇ ਸਨ। ਟੋਲੀਆਂ ਦੀਆਂ ਟੋਲੀਆਂ ਉਹਨੂੰ ਇਓਂ ਸੁਣਨ ਜਾਂਦੀਆਂ ਜਿਵੇਂ ਕਦੇ ਅਮਰ ਸਿੰਘ ਸ਼ੌਂ ਸੋਹਣ ਸਿੰਘ ਸੀਤਲ ਤੇ ਕਰਨੈਲ ਸਿੰਘ ਪਾਰਸ ਦੇ ਜਥੇ ਨੂੰ ਸੁਣਨ ਜਾਂਦੀਆਂ ਸਨ। ਉਨ੍ਹੀਂ ਦਿਨੀਂ ਸ਼ਿਵ ਕੁਮਾਰ ਦੀ ਆਪਣੀ ਥਾਂ ਸੀ ਤੇ ਉਦਾਸੀ ਨੇ ਆਪਣੀ ਥਾਂ ਬਣਾ ਲਈ ਸੀ।

ਸੰਤ ਰਾਮ ਉਦਾਸੀ ਦਾ ਬਚਪਨ ਆਮ ਕੰਮੀਆਂ ਦੇ ਨਿਆਣਿਆਂ ਵਾਂਗ ਤੰਗੀ ਤੁਰਸ਼ੀ ਵਿਚ ਬੀਤਿਆ ਪਰ ਇਸ ਗੱਲੋਂ ਉਹ ਖੁਸ਼ਕਿਸਮਤ ਰਿਹਾ ਕਿ ਪਛੜੇ ਇਲਾਕੇ ਦੇ ਪਛੜੇ ਪਿੰਡ ਵਿਚ ਵੀ ਦਸਵੀਂ ਤਕ ਪੜ੍ਹ ਗਿਆ। ਫਿਰ ਉਹ ਬਖਤਗੜ੍ਹ ਤੋਂ ਜੇ .ਬੀ. ਟੀ. ਦਾ ਕੋਰਸ ਕਰ ਕੇ ਪ੍ਰਾਇਮਰੀ ਸਕੂਲ ਬੀਹਲੇ ਵਿਚ ਅਧਿਆਪਕ ਲੱਗ ਗਿਆ ਜਿਸ ਨਾਲ ਉਹ ਪੈਰਾਂ ਸਿਰ ਹੋ ਗਿਆ ਤੇ ਪਜਾਮੇ ਦੀ ਥਾਂ ਪੈਂਟ ਪਾਉਣ ਲੱਗਾ। ਉਦੋਂ ਪਿੰਡ ਦੇ ਜੱਟ ਉਸ ਨੂੰ ਛੇੜਦੇ, "ਲੈ ਢੇਡ ਪੈਂਟਾਂ ਪਾ-ਪਾ ਦਿਖਾਉਂਦੈ!"

ਮਾਸਟਰ ਲੱਗ ਕੇ ਉਹਦੇ ਗਿਆਨ ਤੇ ਤਜਰਬੇ ਵਿਚ ਵਾਧਾ ਹੋਣਾ ਸ਼ੁਰੂ ਹੋਇਆ ਅਤੇ ਅਧਿਆਪਕਾਂ ਵਿਚ ਉਹਦਾ ਦਾਇਰਾ ਖੁੱਲ੍ਹ ਗਿਆ। ਬਚਪਨ ਵਿਚ ਉਹਦੀਆਂ ਅੱਖਾਂ 'ਚ ਕੁੱਕਰੇ ਪੈ ਜਾਣ ਕਾਰਨ ਸਾਰੀ ਉਮਰ ਉਹ ਚੁੰਨ੍ਹੀਆਂ ਅੱਖਾਂ ਵਾਲਾ ਅਖਵਾਉਂਦਾ ਰਿਹਾ। ਉਹਤੋਂ ਕੁੱਟ ਖਾਣ ਵਾਲੇ ਨਾਲਾਇਕ ਵਿਦਿਆਰਥੀ ਉਹਨੂੰ ਚੁੰਨ੍ਹੀਆਂ ਅੱਖਾਂ ਵਾਲਾ ਮਾਸਟਰ ਕਹਿੰਦੇ। ਦਾੜ੍ਹੀ ਉਹਦੀ ਠੋਡੀ ਉਤੇ ਹੀ ਸੀ ਜਿਸ ਕਰਕੇ ਕਈ ਮਨਚਲੇ ਉਹਨੂੰ ਬੋਕ ਦਾਹੜੀਆ ਵੀ ਕਹਿ ਦਿੰਦੇ। ਇਸ ਵਿਚ ਉਹਦਾ ਆਪਣਾ ਕੋਈ ਕਸੂਰ ਨਹੀਂ ਸੀ। ਉਸ ਦਾ ਇਹ ਕਾਵਿ-ਬੰਦ ਉਹਦੀ ਤੇ ਉਹਦੇ ਦਲਿਤ ਵਿਹੜੇ ਦੇ ਜੁਆਕਾਂ ਦੀ ਹਾਲਤ ਹੀ ਬਿਆਨਦਾ ਹੈ:

**ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ**
**ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ**
**ਜਿਥੇ ਵਾਲ ਤਰਸਦੇ ਕੰਘੀਆਂ ਨੂੰ**
**ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ**
**ਤੂੰ ਮਘਦਾ ਰਹੀਂ ਵੇ ਸੂਰਜਾ...**

ਸੰਤ ਰਾਮ ਦੇ ਕੁੱਕਰਿਆਂ ਦਾ ਇਲਾਜ ਕਰਾਉਣ ਲਈ ਉਹਦੀ ਮਾਂ ਉਹਨੂੰ ਸਾਧੂ ਈਸ਼ਰ ਦਾਸ ਉਦਾਸੀ ਦੇ ਡੇਰੇ ਪਿੰਡ ਮੂੰਮ ਲੈ ਗਈ ਸੀ। ਇਲਾਜ ਨਾਲ ਅੱਖਾਂ ਕੁਝ ਠੀਕ ਹੋਈਆਂ ਤਾਂ ਸੰਤ ਰਾਮ ਦਾ ਉਸ ਡੇਰੇ ਵਿਚ ਆਉਣ ਜਾਣ ਹੋ ਗਿਆ। ਉਹਦੇ ਦਾਦੇ ਨੇ ਉਹਨੂੰ ਉਦਾਸੀ ਕਹਿਣਾ ਸ਼ੁਰੂ ਕਰ ਦਿੱਤਾ ਜੋ ਸੰਤ ਰਾਮ ਦੇ ਨਾਂ ਨਾਲ ਤਖ਼ੱਲਸ ਵਾਂਗ ਹਮੇਸ਼ਾਂ ਲਈ ਜੁੜ ਗਿਆ। ਬਚਪਨ ਵਿਚ ਉਹ ਧਾਰਮਿਕ ਕਵਿਤਾਵਾਂ ਕੰਠ ਕਰਦਾ ਤੇ ਧਾਰਮਿਕ ਸਮਾਗਮਾਂ 'ਤੇ ਸੁਣਾਇਆ ਕਰਦਾ ਸੀ। ਉਹਦੇ ਮਾਪੇ ਨਾਮਧਾਰੀਏ ਹੋਣ ਕਾਰਨ ਉਸ ਨੂੰ ਧਰਮ ਦੀ ਗੁੜ੍ਹਤੀ ਬਚਪਨ ਵਿਚ ਹੀ ਮਿਲ ਗਈ ਸੀ। ਸਿੱਖ ਧਰਮ ਦਾ ਵਿਰਸਾ ਉਹਦੇ ਹੱਡਾਂ 'ਚ ਰਚ ਗਿਆ ਸੀ ਜੋ ਉਹਦੀਆਂ ਰਚਨਾਵਾਂ ਵਿਚ ਨਮੂਦਾਰ ਹੁੰਦਾ ਰਿਹਾ। ਉਹ ਬਾਹਰੋਂ ਖੁੱਗ ਕੇ ਲਿਆਂਦੀ ਕੋਰੀ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਨਹੀਂ ਸਗੋਂ ਪੰਜਾਬ ਦੀ ਧਰਤੀ 'ਚੋਂ ਉੱਗੀ ਇਨਕਲਾਬੀ ਸਿੱਖ ਵਿਚਾਰਧਾਰਾ ਦੇ ਅਨੁਕੂਲ ਮਾਰਕਸੀ ਵਿਚਾਰਧਾਰਾ ਦਾ ਧਾਰਨੀ ਸੀ। ਉਸ ਉਤੇ ਪ੍ਰੋ. ਸੰਤ ਸਿੰਘ ਸੇਖੋਂ ਨਾਲੋਂ ਪ੍ਰੋ. ਕਿਸ਼ਨ ਸਿੰਘ ਦੇ ਵਿਚਾਰਾਂ ਦਾ ਵਧੇਰੇ ਅਸਰ ਸੀ। ਉਸ ਨੇ ਆਪਣੇ ਗੀਤਾਂ ਤੇ ਨਜ਼ਮਾਂ ਵਿਚ ਇਨਕਲਾਬੀ ਸਿੱਖ ਵਿਰਸੇ ਤੇ ਸਿੱਖ ਬਿੰਬਾਂ ਦੀ ਰੂਹ ਨਾਲ ਵਰਤੋਂ ਕੀਤੀ। ਉਹ ਗੁਰੂ ਗੋਬਿੰਦ ਸਿੰਘ ਦੇ ਗੁਰਪੁਰਬਾਂ 'ਤੇ ਗਾਉਂਦਾ:

**ਮੈਂ ਏਸੇ ਲਈ ਮੰਨਿਆ ਸੀ ਆਪਣੇ ਆਪ ਨੂੰ ਗੁਰੂ-ਚੇਲਾ,**
**ਕਿ ਰਿਸ਼ਤਾ ਜੱਗ ਤੋਂ ਮਾਲਕ ਤੇ ਸੇਵਾਦਾਰ ਦਾ ਮੁੱਕ ਜਾਵੇ।**
**ਮੈਂ ਏਸੇ ਲਈ ਗੜ੍ਹੀ ਚਮਕੌਰ ਦੀ ਵਿਚ ਜੰਗ ਲੜਿਆ ਸੀ,**
**ਕਿ ਕੱਚੇ ਕੋਠੜੇ ਮੂਹਰੇ ਮਹਿਲ ਮਿਨਾਰ ਝੁਕ ਜਾਵੇ।**

ਤੇ ਗੁਰੂ ਨਾਨਕ ਦੇ ਗੁਰਪੁਰਬਾਂ 'ਤੇ ਗੁਰੂ ਨੂੰ ਸਿਜਦਾ ਕਰਦਾ ਕਹਿੰਦਾ:

**ਕਿਰਤ ਕਰੋ ਤੇ ਆਪੋ 'ਚ ਵੰਡ ਖਾਓ,**
**ਸਾਰੀ ਧਰਤ ਦੇ ਉਤੇ**
**ਪਰਚਾਰਿਆ ਸੀ।**
**ਭੱਜਾ ਆਇਓਂ ਮਰਦਾਨੇ**
**ਦੀ ਰੱਖਿਆ ਨੂੰ,**
**ਸੱਚੇ ਇਸ਼ਕ ਦਾ ਸਿਲਾ**
**ਤੂੰ ਤਾਰਿਆ ਸੀ।**
**ਜਿਹੜਾ ਕਰੇ ਸੇਵਾ ਉਹੀ**
**ਖਾਵੇ ਮੇਵਾ, ਦੈਵੀ ਹੱਕਾਂ**
**ਨੂੰ ਤੂੰ ਲਲਕਾਰਿਆ ਸੀ।**
**ਰਾਜੇ ਅਫ਼ਸਰਾਂ ਤੋਂ ਕਦੇ**
**ਭਲਾ ਨਾਹੀਂ, ਫਿਰਕੂ**
**ਧਰਮ ਦਾ ਨਸ਼ਾ**
**ਉਤਾਰਿਆ ਸੀ।**

ਸੰਤ ਰਾਮ ਉਦਾਸੀ ਦੇ ਗੀਤਾਂ ਤੇ ਕਵਿਤਾਵਾਂ ਉਤੇ ਕੁਝ ਕੱਟੜ ਮਾਰਕਸਵਾਦੀ ਆਲੋਚਕਾਂ ਦਾ ਕਿੰਤੂ ਹੈ ਕਿ ਉਸ ਵਿਚ ਸਿੱਖ ਧਾਰਮਿਕਤਾ ਦਾ ਅੰਸ਼ ਹੱਦੋਂ ਵੱਧ ਹੈ। ਇਸ ਦਾ ਕਾਰਨ ਇਹ ਹੈ ਕਿ ਉਦਾਸੀ ਪੰਜਾਬ ਦੇ ਇਤਿਹਾਸ ਤੇ ਮਿਥਿਹਾਸ ਵਿਚ ਦਿਲ ਦੀਆਂ ਡੂੰਘਾਣਾਂ ਤਕ ਖੁੱਭਿਆ ਤੇ ਭਿੱਜਿਆ ਹੋਇਆ ਸੀ। ਉਸ ਨੇ ਪੰਜਾਬ ਦੇ ਤੇ ਖ਼ਾਸ ਕਰ ਕੇ ਸਿੱਖ ਧਰਮ ਦੇ ਇਨਕਲਾਬੀ ਵਿਰਸੇ ਨੂੰ ਸਮਾਜਵਾਦੀ ਇਨਕਲਾਬ ਲਿਆਉਣ ਲਈ ਰੱਜ ਕੇ ਵਰਤਿਆ। ਉਸ ਨੇ ਲਿਖਿਆ ਤੇ ਉੱਚੀ ਸੁਰ ਵਿਚ ਗਾਇਆ:

**ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,**
**ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।**
**ਝੋਰਾ ਕਰੀਂ ਨਾ ਕਿਲ੍ਹੇ ਆਨੰਦਪੁਰ ਦਾ,**
**ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।**
**ਮਾਛੀਵਾੜੇ ਦੇ ਸੱਥਰ ਦੇ ਗੀਤ ਵਿਚੋਂ,**
**ਅਸੀਂ ਉਠਾਂਗੇ ਚੰਡੀ ਦੀ ਵਾਰ ਬਣ ਕੇ।**
**ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,**
**ਛਾਂਗ ਦਿਆਂਗੇ ਖੰਡੇ ਦੀ ਧਾਰ ਬਣ ਕੇ।**

ਉਸ ਦੀ ਕਵਿਤਾ ਦਿੱਲੀਏ ਦਿਆਲਾ ਦੇਖ ਨੀਝ ਨਾਲ ਪੜ੍ਹਨ ਤੇ ਸੁਣਨ ਵਾਲੀ ਹੈ:

**ਦਿੱਲੀਏ ਦਿਆਲਾ ਦੇਖ ਦੇਗ 'ਚ ਉਬਲਦਾ ਨੀ,**
**ਅਜੇ ਤੇਰਾ ਦਿਲ ਨਾ ਠਰੇ।**
**ਮਤੀ ਦਾਸ ਤਾਈਂ ਚੀਰ ਆਰੇ ਵਾਂਗੂੰ ਜੀਭ ਤੇਰੀ, ਅਜੇ ਮਨ ਮੱਤੀਆਂ ਕਰੇ।**
**ਲਾਲ ਕਿਲ੍ਹੇ ਵਿਚ ਲਹੂ ਲੋਕਾਂ ਦੇ ਜੋ ਕੈਦ ਹੈ,**
**ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੈਦ ਹੈ।**
**ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ, ਤੇਰੇ ਮਹਿਲੀਂ ਵੜੇ ਕਿ ਵੜੇ।**
**ਸਿਰਾਂ ਵਾਲੇ ਲੋਕੀਂ ਬੀਜ ਚੱਲੇ ਆਂ ਬੇਓੜ ਨੀ, ਇਕ ਦਾ ਤੂੰ ਮੁੱਲ ਭਾਵੇਂ ਰੱਖਦੀਂ ਕਰੋੜ ਨੀ।**
**ਲੋਕ ਐਨੇ ਸੰਘਣੇ ਨੇ ਲੱਖੀ ਦੇ ਜੰਗਲ ਵਾਂਗੂੰ,**
**ਸਿੰਘ ਤੈਥੋਂ ਜਾਣੇ ਨਾ ਫੜੇ...।**

ਉਹ ਨਕਸਲਵਾੜੀਆਂ ਨੂੰ ਵੀ ਗੁਰੂ ਦੇ ਸਿੰਘ ਕਹਿੰਦਾ ਸੀ। ਉਹ ਧਰਮ ਦੇ ਨਾਂ 'ਤੇ ਇਕ ਦੂਜੇ ਦਾ ਵਿਰੋਧ ਕਰਨ ਨੂੰ ਬੇਹੱਦ ਮਾੜਾ ਸਮਝਦਾ ਸੀ। 1984 ਵਿਚ ਜੋ ਕੁਛ ਵਾਪਰਿਆ ਉਹਦੇ ਬਾਰੇ ਉਹਨੇ ਇਥੋਂ ਤਕ ਲਿਖਿਆ:

**ਭੰਨ ਸੁੱਟੀਆਂ ਨਾਨਕ ਦੀਆਂ ਬਾਹਵਾਂ**
**ਪੁੱਟ ਸੁੱਟੀਆਂ ਸ਼ਿਵ ਦੀਆਂ ਜਟਾਵਾਂ**
**ਕਿਸ ਨੂੰ ਕਿਸ ਦਾ ਦਮਨ ਕਹੂੰਗਾ**
**ਮੈਂ ਹੁਣ ਕਿਸ ਨੂੰ ਵਤਨ ਕਹੂੰਗਾ...**

ਸੰਤ ਰਾਮ ਉਦਾਸੀ ਕਿਤਾਬਾਂ ਦੇ ਵਿਦਵਾਨ ਪਾਠਕਾਂ ਦੀ ਥਾਂ ਆਮ ਲੋਕਾਂ ਦਾ ਕਵੀ ਸੀ। ਉਹਦੀ ਸ਼ਬਦਾਵਲੀ, ਬਿੰਬਾਵਲੀ, ਛੰਦਾਬੰਦੀ, ਗੀਤਾਂ ਦੀ ਹੇਕ ਤੇ ਰੋਹੀਲੀ ਆਵਾਜ਼ ਸਿੱਧੀ ਲੋਕਾਂ ਦੇ ਦਿਲਾਂ ਵਿਚ ਲਹਿ ਜਾਂਦੀ। ਉਸ ਦੇ ਗੀਤਾਂ ਤੇ ਨਜ਼ਮਾਂ ਦੇ ਵਿਸ਼ੇ ਵੀ ਵੰਨਗੀ ਭਰਪੂਰ ਹਨ। ਕਦੇ ਉਹ ਕੰਮੀਆਂ ਦੇ ਵਿਹੜੇ ਦਾ ਗੀਤ ਲਿਖਦਾ, ਕਦੇ ਦੇਸ਼ ਪਿਆਰ ਦਾ, ਕਦੇ ਡੋਲੀ ਦਾ ਤੇ ਕਦੇ ਜਨਤਾ ਦੀ ਅਰਦਾਸ ਦਾ। ਕਦੇ ਪੂੰਜੀਪਤੀਆਂ ਨੂੰ ਰਾਕਸ਼ਾਂ ਦੀ ਧਾੜ ਕਹਿੰਦਾ, ਕਦੇ ਮਜ਼ਦੂਰਾਂ ਦੀ ਆਰਤੀ ਉਤਾਰਦਾ, ਕਦੇ ਮਲੰਗ ਲੱਖੇ ਦੇ ਨਾਂ ਗੀਤ ਲਿਖਦਾ ਤੇ ਕਦੇ ਕਿਰਤੀ ਨੂੰ ਉੱਠਣ ਦਾ ਸੱਦਾ ਦਿੰਦਾ:

**ਉੱਠ ਕਿਰਤੀਆ ਉੱਠ ਵੇ ਉੱਠਣ ਦਾ ਵੇਲਾ**
**ਜੜ੍ਹ ਵੈਰੀ ਪੁੱਟ ਵੇ, ਪੁੱਟਣ ਦਾ ਵੇਲਾ...।**

ਉਸ ਨੇ ਚੂੜੀਆਂ ਦਾ ਹੋਕਾ ਵੀ ਦਿੱਤਾ ਤੇ ਮਾਰੇ ਗਏ ਮਿੱਤਰਾਂ ਦੇ ਵੈਣ ਵੀ ਪਾਏ:

**ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ,**
**ਖ਼ੈਰ-ਸੁੱਖ ਦਾ ਸੁਨੇਹੜਾ ਲਿਆ।**
**ਓਸ ਮਾਂ ਦਾ ਬਣਿਆ ਕੀ,**
**ਆਂਦਰਾਂ ਦੀ ਅੱਗ ਜੀਹਦੀ,**
**ਗਈ ਕਸਤੂਰੀਆਂ ਖਿੰਡਾ...।**

ਉਹ ਇਨਕਲਾਬੀ ਜੁਝਾਰੂਆਂ ਵੱਲੋਂ ਵਾਰਸਾਂ ਦੇ ਨਾਂ ਲਿਖਦਾ ਹੈ:

**ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ,**
**ਅਸੀਂ ਹੋਵਾਂਗੇ ਦੋ ਜਾਂ ਚਾਰ ਬਾਪੂ।**

Balkar Bajwa
Certified Translator
(English into Punjabi and Punjabi into English)
33 Eaglesprings Cresent
Brampton ON L6P 2V8
647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar
*2555 Steeles Ave E. Unit 11 *Brampton *ON*L6T4L6

**ਬਦਲਾ ਲਏ ਤੋਂ ਵੀ ਜਿਹੜੀ ਟੁੱਟਣੀ ਨਾ,**
**ਏਡੀ ਲੰਮੀ ਹੈ ਸਾਡੀ ਕਤਾਰ ਬਾਪੂ।**

ਇਹ ਸਤਰਾਂ ਉਹਨੇ ਉਦੋਂ ਲਿਖੀਆਂ ਸਨ ਜਦੋਂ ਨਕਸਲਬਾੜੀਆਂ ਨੂੰ ਫੜ ਫੜ ਕੇ ਪੁਲਿਸ ਝੂਠੇ ਮੁਕਾਬਲਿਆਂ ਵਿਚ ਬੇਦਰਦੀ ਨਾਲ ਮਾਰ ਰਹੀ ਸੀ। ਇਹਨਾਂ ਹੀ ਸਤਰਾਂ ਨੂੰ ਬਾਅਦ ਵਿਚ ਸੰਤ ਭਿੰਡਰਾਂਵਾਲੇ ਦੇ ਖਾੜਕੂ ਆਪਣੇ ਇਸ਼ਤਿਹਾਰਾਂ ਵਿਚ ਵਰਤਦੇ ਰਹੇ। ਉਹ ਵੀ ਇਹੋ ਕਹਿੰਦੇ ਰਹੇ- ਐਵੇਂ ਭਰਮ ਹੈ ਸਾਡਿਆਂ ਕਾਤਲਾਂ ਨੂੰ...।

ਉਹਦੇ ਲੋਕ ਕਾਵਿ ਦੇ ਬਿੰਬ, ਤੁਲਨਾਵਾਂ ਤੇ ਅਲੰਕਾਰ ਮੌਲਿਕ ਸਨ ਜੋ ਕਿਰਤੀ ਕਾਮਿਆਂ ਦੇ ਕਿੱਤੇ ਤੇ ਖੇਤਾਂ ਵਿਚੋਂ ਲਏ ਗਏ ਸਨ:

**ਸਾਡੇ ਹੱਕਾਂ ਦੀ ਮੱਕੀ ਹੈ ਹੋਈ ਚਾਬੂ,**
**ਵਿਹਲੜ ਵੱਗ ਨਾ ਖੇਤਾਂ ਵਿਚ ਵੜਨ ਦੇਣਾ।**
**ਨਰਮ ਦੋਧਿਆਂ ਦੇ ਸੂਹੇ ਪਿੰਡਿਆਂ 'ਤੇ,**
**ਅਸੀਂ ਲੁੱਟ ਦਾ ਤਾਪ ਨਾ ਚੜ੍ਹਨ ਦੇਣਾ।**
**ਅਸੀਂ ਗਭਰੂ ਤੁਤ ਦੀ ਛਿਟੀ ਵਰਗੇ ਜਿੰਨਾ ਛਾਂਗੋਗੇ ਓਨਾ ਹੀ ਫੈਲਰਾਂਗੇ...।**

**ਗਲ ਲੱਗ ਕੇ ਸੀਰੀ ਦੇ ਜੱਟ ਰੋਵੇ,**
**ਬੋਹਲਾਂ ਵਿਚੋਂ ਨੀਰ ਵਗਿਆ।**
**ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,**
**ਤੂੜੀ ਵਿਚੋਂ ਪੁੱਤ ਜੱਗਿਆ।**
**ਸਾਡਾ ਘੁੱਟੀਂ ਘੁੱਟੀਂ ਖ਼ੂਨ ਤੇਲ ਪੀ ਗਿਆ,**
**ਤੇ ਖਾਦ ਖਾ ਗੀ ਹੱਡ ਖਾਰ ਕੇ।**
**ਬੋਲੇ ਬੈਂਕ ਦੀ ਤਕਾਵੀ ਬਹੀ ਅੰਦਰੋਂ,**
**ਬੋਹਲ ਨੂੰ ਖੰਘੂਰਾ ਮਾਰ ਕੇ।**
**ਸਾਨੂੰ ਬਿਜਲੀ ਝੰਜੋੜਾ ਏਨਾ ਮਾਰਿਆ,**
**ਕਿ ਸਧਰਾਂ ਨੂੰ ਲਾਂਬੂ ਲੱਗਿਆ।**
**ਗਲ ਲੱਗ ਕੇ...।**

ਇਕ ਵਾਰ ਸਾਥੀਆਂ ਦੇ ਸੱਦੇ ਉਤੇ ਜਦੋਂ ਉਹ ਵਿਦੇਸ਼ਾਂ ਵਿਚ ਗਿਆ ਤਾਂ ਉਸ ਨੂੰ ਪਰਵਾਸੀਆਂ ਦੇ ਦੁੱਖਾਂ ਦਾ ਨੇੜਿਓਂ ਅਹਿਸਾਸ ਹੋਇਆ। ਇਸੇ ਅਹਿਸਾਸ ਵਿਚੋਂ ਉਸ ਨੇ ਗੀਤ ਗਾਇਆ:

**-ਮੈਨੂੰ ਲੈ ਜਾ ਨੀ ਹਵਾਏ ਮੇਰੇ ਦੇਸ਼,**
**ਕਰੇ ਜੋਦੜੀ ਨੀ ਇਕ ਦਰਵੇਸ਼।**
ਮੈਨੂੰ ਮੇਰੀ ਮਾਂ ਦੇ ਵਰਗਾ ਪਿਆਰ ਨੀ,
ਮਿਲੂ ਕਿਹੜੀਆਂ ਵਲੈਤਾਂ 'ਚੋਂ ਉਧਾਰ ਨੀ,
**ਮੈਨੂੰ ਖਿੜਿਆ ਕਪਾਹ ਦੇ ਵਾਂਗ ਰਹਿਣ ਦੇ,**
**ਘੱਟ ਮੰਡੀ ਵਿਚ ਮੁੱਲ ਪੈਂਦਾ ਪੈਣ ਦੇ,**
**ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼,**
**ਕਰੇ ਜੋਦੜੀ ਨੀ ਇਕ ਦਰਵੇਸ਼...।**

ਉਹਦੇ ਵਿਦੇਸ਼ ਜਾਣ ਦੀ ਵੱਡੀ ਪ੍ਰਾਪਤੀ ਇਹ ਹੋਈ ਕਿ ਉਥੇ ਉਹਦੇ ਗੀਤਾਂ ਦੀ ਉਹਦੀ ਆਵਾਜ਼ ਵਿਚ ਹੀ ਕੈਸਿਟ ਰਿਕਾਰਡ ਕਰ ਲਈ ਗਈ। ਨਹੀਂ ਤਾਂ ਸੰਭਵ ਸੀ ਕਿ ਉਹਦੀ ਰੋਹੀਲੀ ਆਵਾਜ਼ ਅਗਲੀਆਂ ਪੀੜ੍ਹੀਆਂ ਤਕ ਪੁੱਜਦੀ ਹੀ ਨਾ। ਅੱਜ ਵੀ ਅਸੀਂ ਉਸ ਨੂੰ ਉਸੇ ਤਰ੍ਹਾਂ ਸੁਣ ਸਕਦੇ ਹਾਂ ਜਿਵੇਂ ਉਹ ਵੱਡੇ-ਵੱਡੇ 'ਕੱਠਾਂ ਵਿਚ ਗਾਉਂਦਾ ਹੁੰਦਾ ਸੀ।

1972 ਵਿਚ ਕੀਤੀ ਇਕ ਇੰਟਰਵਿਊ ਵਿਚ ਉਸ ਨੇ ਦੱਸਿਆ ਸੀ, "ਮੈਂ 1961 ਵਿਚ ਲਿਖਣਾ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਮੈਂ ਆਪਣੀਆਂ ਕਵਿਤਾਵਾਂ ਵਿਚ ਅਧਿਆਤਮਵਾਦ ਲਿਆਂਦਾ। ਅਧਿਆਤਮਿਕ ਕੁਰੀਤੀਆਂ ਨੂੰ ਵੇਖ ਕੇ ਮੈਂ ਮਾਰਕਸੀ ਸੋਚ ਦੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਵਾਂਦਾ ਵਾਸਲਿਊਸਕਾ, ਗੋਰਕੀ, ਸ਼ੋਲੋਖ਼ੋਵ, ਆਸਤ੍ਰੋਵਸਕੀ, ਪਰਲ ਐੱਸ. ਬੱਕ ਤੇ ਜੂਲੀਅਸ ਫਿਊਚਿਕ ਨੂੰ ਪੜ੍ਹਿਆ। ਪੰਜਾਬੀ ਵਿਚ ਮੈਂ ਬਹੁਤਾ ਕੰਵਲ, ਧੀਰ ਤੇ ਮੋਹਨ ਸਿੰਘ ਤੋਂ ਪ੍ਰਭਾਵਤ ਹੋ ਕੇ ਸਾਧਾਰਨ ਲੋਕ ਪੱਧਰ ਦੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ ਤੇ ਹੁਣ ਮੈਂ ਬੁੱਧੀਜੀਵੀਆਂ ਨੂੰ ਵੀ ਸੰਤੁਸ਼ਟ ਕਰ ਸਕਦਾ ਹਾਂ। ਕੂਕਾ ਲਹਿਰ ਤੇ ਕਿਸਾਨ ਲਹਿਰ ਨੇ ਮੇਰੇ ਗੀਤਾਂ ਨੂੰ ਅਧਿਆਤਮਕ ਅਗਾਂਹ ਵਧੂ ਰਾਹ ਦੱਸਿਆ। ਅਧਿਆਤਮਵਾਦ ਤੋਂ ਮਗਰੋਂ ਮੈਂ ਮਾਰਕਸਇਜ਼ਮ ਨੂੰ ਘੋਖਿਆ ਤੇ ਉਸ ਤੋਂ ਮਗਰੋਂ ਦੁਬਾਰਾ ਅਧਿਆਤਮਵਾਦ ਨੂੰ ਮਾਰਕਸੀ ਫਲਸਫ਼ੇ 'ਤੇ ਪਰਖਿਆ ਤੇ ਮੈਨੂੰ ਲੱਗਿਆ ਕਿ ਅਧਿਆਤਮਵਾਦ ਬਾਰੇ ਲਿਖੇ ਗੀਤ ਕਿਰਤੀ ਲੁੱਟ ਖਸੁੱਟ ਨੂੰ ਖ਼ਤਮ ਕਰਨ ਲਈ ਸਹਾਈ ਨਹੀਂ ਹੋ ਸਕਦੇ।

"ਮੈਂ ਆਪਣੇ ਆਪ ਨੂੰ ਲੋਕ ਪੱਧਰ ਦਾ ਗੀਤਕਾਰ ਸਮਝਦਾ ਹਾਂ। ਸਾਡੇ ਸਾਧਾਰਨ ਲੋਕ ਅਜੇ ਵੀ ਬਹੁਤ ਸਾਰੇ ਵਿਸ਼ਵਾਸਾਂ ਵਿਚ ਫਸੇ ਹੋਏ ਹਨ। ਮੈਂ ਜਿਹੜੇ ਗੀਤ ਅਧਿਆਤਮਵਾਦ ਦੇ ਵੀ ਲਿਖੇ ਹਨ, ਉਹਨਾਂ ਵਿਚ ਵੀ ਉਸਾਰੂ ਪੱਖ ਨੂੰ ਵਿਖਾਇਆ ਹੈ ਜਿਵੇਂ ਬਾਬਾ ਰਾਮ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦਾ ਅੰਤਿਮ ਸੁਨੇਹਾ, ਜ਼ਫ਼ਰਨਾਮਾ, ਬੂਬਨੇ ਸਾਧ ਆਦਿ। ਅੱਜ ਵੀ ਜਦੋਂ ਮੈਂ ਲੋਕਾਂ ਸਾਹਮਣੇ ਇਹਨਾਂ ਗੀਤਾਂ ਨੂੰ ਗਾਉਂਦਾ ਹਾਂ ਤਾਂ ਇਹਨਾਂ ਵਿਚਲਾ ਉਸਾਰੂ ਭਾਵ ਮੈਨੂੰ ਚਿਰਜੀਵੀ ਲੱਗਦਾ ਹੈ।"

ਉਸ ਦਾ ਕਥਨ ਹੈ, "ਰੇਡੀਓ ਤੇ ਸਪੀਕਰਾਂ ਦੇ ਰਿਕਾਰਡ ਲੋਕਾਂ ਦੀ ਸੋਚ ਨੂੰ ਖੁੱਸੀ ਕਰਨ ਲਈ ਮਾਰਫੀਏ ਦਾ ਟੀਕਾ ਹਨ। ਸੌੜੇ ਕੌਮਵਾਦ ਦੀ ਭਾਵਨਾ ਲੋਕਾਂ ਵਿਚ ਜਗਾ ਕੇ ਲੋਕਾਂ ਨੂੰ ਆਪਣੇ ਉੱਜਲੇ ਭਵਿੱਖ ਤੋਂ ਪਰ੍ਹੇ ਰੱਖਿਆ ਜਾਂਦਾ ਹੈ। ਪਰ ਹੁਣ ਲੋਕਾਂ ਦੇ ਕੰਨਾਂ ਵਿਚ ਚੇਤਨਾ ਘਰ ਕਰ ਗਈ ਹੈ। ਉਹ ਸਮਝਦੇ ਹਨ ਕਿ ਕੱਲ੍ਹ ਪਾਕਿਸਤਾਨ ਦੇ ਉਲਟ ਬੋਲਿਆ ਗਿਆ ਰਿਕਾਰਡ ਕਿਵੇਂ ਅੱਜ ਪਾਕਿਸਤਾਨ ਦੇ ਹੱਕ ਵਿਚ ਵੱਜ ਰਿਹਾ ਹੈ। ਇਹ ਪਾਕਿਸਤਾਨ ਦਾ ਮਜ਼ਦੂਰ ਵੀ ਜਾਣਦਾ ਹੈ।"

ਉਹ 1960 ਤੋਂ 64 ਤਕ ਸੀ. ਪੀ. ਆਈ. ਦਾ ਹਮਦਰਦ ਸੀ, 64 ਤੋਂ 69 ਤਕ ਸੀ. ਪੀ. ਐੱਮ. ਨਾਲ ਰਿਹਾ ਤੇ ਫਿਰ ਨਕਸਲੀ ਲਹਿਰ ਦੀ ਧਿਰ ਬਣ ਗਿਆ। ਨਕਸਲੀ ਖੱਖੜੀਆਂ ਕਰੇਲੇ ਹੋਏ ਤਾਂ ਗਰੁੱਪਾਂ ਦੀ ਦੂਸ਼ਣਬਾਜ਼ੀ ਵਿਚ ਉਹ ਵੀ ਬਚ ਨਾ ਸਕਿਆ। ਜਿਵੇਂ ਕਿਰਤੀਆਂ ਦੀ ਕਿਰਤ ਲੁੱਟੀ ਜਾਂਦੀ ਹੈ ਉਵੇਂ ਨਕਸਲੀਆਂ ਦੇ ਕੁਝ ਗਰੁੱਪਾਂ ਨੇ ਉਸ ਦੀ ਗੀਤਕਾਰੀ ਤੇ ਗਾਇਕੀ ਲੁੱਟਣ ਦੀ ਵੀ ਕਸਰ ਨਹੀਂ ਛੱਡੀ। ਜਿਨ੍ਹਾਂ ਨੇ ਹਮਦਰਦੀ ਜਿਤਾਉਣੀ ਸੀ ਉਨ੍ਹਾਂ 'ਚੋਂ ਕਈ ਉਸ ਨੂੰ ਬੇਦਰਦ ਬਣ ਕੇ ਟੱਕਰੇ। ਉਸ ਦੀ ਇਨਕਲਾਬੀ ਸੁਰ ਨੂੰ ਸਲਾਹੁਣ ਵਾਲਿਆਂ ਨੇ ਹੀ ਉਸ ਨੂੰ ਰੱਜ ਕੇ ਨਾ ਜਿਊਣ ਦਿੱਤਾ। ਉਹਦੇ 47 ਸਾਲ ਦੀ ਅੱਧਖੜ ਉਮਰੇ ਗੁਜ਼ਰ ਜਾਣ ਦੇ ਕਾਰਨਾਂ ਵਿਚ ਕੁਝ ਉਹ ਸਾਥੀ ਵੀ ਸ਼ਾਮਲ ਸਨ ਜਿਨ੍ਹਾਂ ਕਰਕੇ ਉਹ ਵਾਰ ਵਾਰ ਗ੍ਰਿਫਤਾਰ ਹੋਇਆ ਸੀ। ਨਾ ਉਸ ਨੂੰ ਉਹ ਰੋਟੀ ਖਾਂਦਾ ਵੇਖਦਿਆਂ ਜਰਦੇ ਸਨ ਤੇ ਨਾ ਲਾਲ ਕਿਲੇ ਦੇ ਵੱਡੇ ਮੰਚ ਤੋਂ ਲੋਕ ਹਿਤੈਸ਼ੀ ਨਜ਼ਮਾਂ ਪੜ੍ਹਦਿਆਂ ਤੇ ਸੱਤਾ ਵਿਰੋਧੀ ਗੀਤ ਗਾਉਂਦਿਆਂ ਵੇਖ ਕੇ ਜਰਦੇ ਸਨ। ਉਸ ਨੂੰ ਮਾਨ ਸਨਮਾਨ ਮਿਲਦੇ ਤਾਂ ਉਹ ਉਸ ਨੂੰ ਵਿਕ ਜਾਣ ਦੇ ਮਿਹਣੇ ਮਾਰਦੇ ਸਨ। ਉਦਾਸੀ ਇਨਟੈਰੋਗੇਸ਼ਨਾਂ ਦੇ ਤਸ਼ੱਦਦ 'ਚ ਨਹੀਂ ਸੀ ਡੋਲਿਆ ਪਰ ਸਾਥੀਆਂ ਦੀ ਬੇਰੁਖੀ ਉਸ ਨੂੰ ਲੈ ਬੈਠੀ ਸੀ।

ਪੰਜਾਬੀ ਦੇ ਇਸ ਅਜ਼ੀਮ ਸ਼ਾਇਰ ਨਾਲ ਜੱਗੋ ਤੇਰ੍ਹਵੀਆਂ ਹੋਈਆਂ। ਲੋਕ ਹਿਤਾਂ ਨੂੰ ਪ੍ਰਣਾਈਆਂ ਨਜ਼ਮਾਂ ਲਿਖਣ ਤੇ ਉੱਚੀ ਆਵਾਜ਼ ਵਿਚ ਗਾਉਣ ਬਦਲੇ ਸਮੇਂ ਦੇ ਹਾਕਮਾਂ ਦੀ ਵਹਿਸ਼ੀ ਪੁਲਿਸ ਨੇ 11 ਜਨਵਰੀ 1971 ਨੂੰ ਪੋਹ ਦੀ ਠਰੀ ਰਾਤੇ ਉਸ ਨੂੰ ਚੁੱਕ ਲਿਆ ਤੇ ਲੱਡਾ ਕੋਠੀ ਦੇ ਕਸਾਈਖਾਨੇ ਵਿਚ ਲਿਆ ਸੁੱਟਿਆ। ਕਈ ਦਿਨਾਂ ਦੀ ਕੁੱਟ ਮਾਰ ਪਿੱਛੋਂ ਛੱਡਿਆ ਤਾਂ ਨਾ ਉਹਤੋਂ ਖੜ੍ਹਾ ਹੋਇਆ ਜਾਂਦਾ ਸੀ ਤੇ ਨਾ ਤੁਰਿਆ ਜਾਂਦਾ ਸੀ। ਪੈਰਾਂ ਦੀਆਂ ਤਲੀਆਂ ਸੁੱਜੀਆਂ ਪਈਆਂ ਸਨ।

ਘਰ ਆ ਕੇ ਵੀ ਉਹਨੂੰ ਕੋਈ ਅਮਨ ਚੈਨ ਨਹੀਂ ਸੀ। ਉਹਦਾ ਬਿਸਤਰਾ ਨੀਰੇ ਵਾਲੇ ਅੰਦਰ ਤੂੜੀ ਉਤੇ ਹੀ ਹੁੰਦਾ ਜਿਸ ਦੇ ਬਾਰ ਨੂੰ ਬਾਹਰੋਂ ਜਿੰਦਾ ਲੱਗਾ ਰਹਿੰਦਾ। ਰਾਤ ਬਰਾਤੇ ਕਾਮਰੇਡਾਂ ਦੀਆਂ ਮਿਲਣੀਆਂ ਤੇ ਮੀਟਿੰਗਾਂ ਹੁੰਦੀਆਂ। ਸਹਿਣੇ ਠਾਣੇ ਦੀ ਪੁਲਿਸ ਦੇ ਛਾਪੇ ਤਾਂ ਪੈਂਦੇ ਹੀ ਰਹਿੰਦੇ ਸਨ ਇਕੇਰਾਂ ਪਟਿਆਲੇ ਦੀ ਪੁਲਿਸ ਵੀ ਆ ਪਈ। ਉਹਨੇ ਘਰ ਵਾਲੀ ਤੇ ਜੁਆਕਾਂ ਦੀ ਵੀ ਧੂਹ ਘੜੀਸ ਕੀਤੀ। ਘਰ ਦਾ ਸਾਮਾਨ ਭੰਨ ਤੋੜ ਦਿੱਤਾ। ਉਦਾਸੀ ਦੇ ਨਾਲ ਉਹਦੇ ਪਰਿਵਾਰ ਨੇ ਵੀ ਅਤਿਅੰਤ ਦੁੱਖ ਦੇ ਦਿਨ ਦੇਖੇ।

ਫਿਰ ਐਮਰਜੈਂਸੀ ਲੱਗ ਗਈ। ਪੁਲਿਸ ਦਾ ਆਉਣਾ, ਫੜਨਾ, ਤਸ਼ੱਦਦ ਕਰਨਾ ਤੇ ਛੱਡ ਦੇਣਾ ਆਮ ਗੱਲ ਸੀ। ਤਸੱਨਾਲ ਉਦਾਸੀ ਦੀ ਕਮਜ਼ੋਰ ਨਿਗ੍ਹਾ ਹੋਰ ਕਮਜ਼ੋਰ ਹੋ ਗਈ, ਹੱਡਾਂ ਦੇ ਜੋੜ ਦਰਦ ਕਰਨ ਲੱਗੇ ਤੇ ਯਾਦਾਸ਼ਤ ਘਟ ਗਈ। ਜਦ ਉਹਦਾ ਕੋਈ ਸਾਥੀ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਂਦਾ ਤਾਂ ਉਹ ਕਈ ਕਈ ਦਿਨ ਮਸੋਸਿਆ ਰਹਿੰਦਾ। ਰਾਤਾਂ ਨੂੰ ਉਭੜਵਾਹੇ ਉਠਦਾ ਤੇ ਹੰਝੂ ਵਹਾਉਣ ਲੱਗਦਾ। ਮੋਏ ਸਾਥੀਆਂ ਦੀ ਯਾਦ ਵਿਚ ਗੀਤ ਜੋੜਦਾ ਤੇ 'ਕੱਠਾਂ ਵਿਚ ਰੋਹ ਨਾਲ ਗਾਉਂਦਾ:

**ਜਿਥੇ ਗਏ ਹੋ ਅਸੀਂ ਵੀ ਆਏ ਜਾਣੋ,**
**ਬਲਦੀ ਚਿਖਾ ਹੁਣ ਠੰਢੀ ਨੀ ਹੋਣ ਦੇਣੀ।**
**ਗਰਮ ਰੱਖਾਂਗੇ ਦੌਰ ਕੁਰਬਾਨੀਆਂ ਦਾ,**
**ਲਹਿਰ ਹੱਕਾਂ ਦੀ ਰੰਡੀ ਨੀ ਹੋਣ ਦੇਣੀ...।**

ਉਸ ਦੀ ਧੀ ਇਕਬਾਲ ਕੌਰ ਦਸਦੀ ਹੈ ਕਿ ਜਿੰਦਣ ਮੋਗਾ ਗੋਲੀ ਕਾਂਡ ਹੋਇਆ ਉਹਦੇ ਪਾਪਾ ਜੀ ਕਿਤੇ ਪ੍ਰੋਗਰਾਮ ਕਰ ਕੇ ਆ ਰਹੇ ਸਨ। ਖ਼ਬਰ ਸੁਣਨ ਸਾਰ ਬੜੇ ਦੁਖੀ ਹੋਏ ਤੇ ਤਵਾਜ਼ਨ ਖੋਹ ਬੈਠੇ। ਫਿਰ ਭੁੱਬਾਂ ਮਾਰ ਕੇ ਰੋਣ ਲੱਗੇ।

ਨਵੰਬਰ 84 ਵਿਚ ਦਿੱਲੀ ਦੇ ਘੱਲੂਘਾਰੇ ਤੋਂ ਬਾਅਦ ਉਸ ਨੂੰ ਲਾਲ ਕਿਲੇ ਦੇ ਕਵੀ ਦਰਬਾਰ ਵਿਚ ਬੁਲਾਇਆ ਗਿਆ। ਉਥੇ ਉਹਨੇ ਢੱਠੇ ਗੁਰਦਵਾਰੇ ਤੇ ਸਿੱਖਾਂ ਦੇ ਸੜੇ ਮਕਾਨ ਵੇਖੇ ਤੇ ਉੱਜੜੇ ਪਰਿਵਾਰਾਂ ਦੀ ਬਰਬਾਦੀ ਅਤੇ ਦਰਦਨਾਕ ਕਤਲਾਂ ਦੇ ਕਿੱਸੇ ਸੁਣੇ ਤਾਂ ਉਹ ਫਿਰ ਮਾਨਸਿਕ ਤੌਰ 'ਤੇ ਹਿੱਲ ਗਿਆ। ਉਸ ਉਤੇ ਏਨਾ ਜ਼ਿਆਦਾ ਅਸਰ ਹੋਇਆ ਕਿ ਉਹ ਸੱਚਮੁੱਚ ਹੀ ਪਾਗ਼ਲਾਂ ਵਰਗਾ ਵਰਤਾਵ ਕਰਨ ਲੱਗਾ। ਵਾਪਸ ਆਉਂਦਾ ਪਿੰਡ ਭੋਤਨੇ 'ਚ ਵੜਦਾ ਕਹੀ ਜਾਵੇ, "ਸਾਡਾ ਘਰ ਬਾਰ ਸੜ ਗਿਆ, ਓਥੇ ਪੁਲਿਸ ਬੈਠੀ ਐ, ਮੈਨੂੰ ਮਾਰ ਦੇਣਗੇ...।" ਦਿੱਲੀ ਦੇ ਕਤਲੇਆਮ ਦਾ ਉਹਦੇ ਅਚੇਤ ਮਨ 'ਤੇ ਏਨਾ ਡੂੰਘਾ ਅਸਰ ਪਿਆ ਕਿ ਉਹ ਰਾਤਾਂ ਨੂੰ ਉੱਠ ਕੇ ਭੱਜ ਪੈਂਦਾ ਤੇ ਅਚਾਨਕ ਰੋਣ ਲੱਗ ਜਾਂਦਾ। ਲਗਭਗ ਇਕ ਸਾਲ ਉਹਦਾ ਏਹੀ ਹਾਲ ਰਿਹਾ ਜਿਸ ਨਾਲ ਪਰਿਵਾਰ ਵੀ ਪਰੇਸ਼ਾਨ ਰਿਹਾ।

ਕੁਝ ਐਬ ਉਹਦੇ ਦੋਸਤਾਂ ਨੇ ਆਪਣੇ ਕੋਲੋਂ ਵੀ ਉਹਦੇ ਨਾਂ ਜੋੜ ਰੱਖੇ ਸਨ। ਮਸਲਨ ਉਹ ਇੰਟੈਰੋਗੇਸ਼ਨ ਸੈਂਟਰ ਦਾ ਤਸ਼ੱਦਦ ਝੱਲ ਕੇ ਬਾਹਰ ਆਉਂਦਾ ਹੈ। ਕਿਸੇ ਸਭਾ ਦੇ ਸਮਾਗਮ ਵਿਚ ਹੱਡਬੀਤੀ ਬਿਆਨ ਕਰਦਾ ਹੈ। ਦੱਸਦਾ ਹੈ ਕਿ ਇੰਟੈਰੋਗੇਸ਼ਨ ਸੈਂਟਰ ਵਿਚ ਉਹਦੇ ਉਤੇ ਅੰਨ੍ਹਾਂ ਤਸ਼ੱਦਦ ਢਾਹਿਆ ਗਿਆ ਜਿਸ ਨਾਲ ਉਹਦੀ ਨਿਗ੍ਹਾ ਘਟ ਗਈ ਤੇ ਹੁਣ ਬੜਾ ਘੱਟ ਦਿਸਦੈ। ਸਾਹਮਣੇ ਬੈਠੇ ਸਰੋਤਿਆਂ ਦਾ ਵੀ ਬੱਸ ਝੌਲਾ ਜਿਹਾ ਈ ਪੈਂਦੈ। ਸਿਰ ਸ਼ਿਕੰਜੇ 'ਚ ਪੀੜਿਆ ਗਿਐ ਜਿਸ ਨਾਲ ਯਾਦਾਸ਼ਤ ਘਟ ਗਈ ਐ...।

ਸਭਾ ਸਮਾਪਤ ਹੋਣ ਉਤੇ ਯਾਰਾਂ ਬੇਲੀਆਂ ਦੀਆਂ ਢਾਣੀਆਂ ਬਣ ਜਾਂਦੀਆਂ ਹਨ। ਉਦਾਸੀ ਦੀ ਢਾਣੀ ਚਾਰ ਜਣਿਆਂ ਦੀ ਹੈ। ਸਭ ਨੇ ਸਾਈਕਲਾਂ ਉਤੇ ਆਪੋ ਆਪਣੇ ਪਿੰਡੀਂ ਜਾਣਾ ਹੈ ਜੋ ਕਈ-ਕਈ ਮੀਲ ਦੂਰ ਹਨ। ਪ੍ਰੋਗਰਾਮ ਬਣਦਾ ਹੈ ਕਿ ਠੇਕੇ ਤੋਂ ਪਊਆ ਪਊਆ ਪੀ ਕੇ ਸਾਈਕਲਾਂ 'ਤੇ ਲੱਤ ਦਿੱਤੀ ਜਾਵੇ। ਉਦਾਸੀ ਨੂੰ ਇਹ ਪ੍ਰੋਗਰਾਮ ਪਸੰਦ ਹੈ ਕਿਉਂਕਿ ਸਾਈਕਲ ਉਤੇ ਜਾਂਦਿਆਂ ਉਸ ਨੇ ਕੋਈ ਗੀਤ ਜੋੜ ਲੈਣਾ ਹੈ। ਐਨ ਉਵੇਂ ਜਿਵੇਂ ਬਾਬੂ ਰਜਬ ਅਲੀ ਨੇ ਕਾਫੀ ਸਾਰੀ ਕਵੀਸ਼ਰੀ ਨਹਿਰੀ ਬਾਬੂ ਬਣ ਕੇ ਘੋੜੇ ਦੀ ਸਵਾਰੀ ਕਰਦਿਆਂ ਜੋੜੀ ਸੀ। ਉਹ ਘੋੜੇ ਦੀ ਚਾਲ ਨਾਲ ਛੰਦ ਜੋੜਦਾ ਜਾਂਦਾ ਸੀ। ਉਦਾਸੀ ਪੈਡਲ ਮਾਰਦਾ ਤੁਕਾਂ ਜੋੜ ਲੈਂਦਾ।

ਉਨ੍ਹਾਂ ਦੀ ਢਾਣੀ ਠੇਕੇ ਨੇੜੇ ਜਾ ਖੜ੍ਹਦੀ ਹੈ। ਸਲਾਹਾਂ ਕਰਦੀ ਹੈ ਕਿ ਰਸਭਰੀ ਪੀਤੀ ਜਾਵੇ ਜਾਂ ਸੰਤਰਾ ਮਾਲਟਾ? ਕੋਈ ਸੌਂਫੀਏ ਦਾ ਨਾਂ ਲੈਂਦਾ ਹੈ। ਉਨ੍ਹੀਂ ਦਿਨੀਂ ਸਭ ਤੋਂ ਸਸਤੀ ਬੋਤਲ ਅੱਠ ਰੁਪਿਆਂ ਦੀ ਮਿਲਦੀ ਸੀ ਤੇ ਸਭ ਤੋਂ ਸਸਤਾ ਪਊਆ ਤਿੰਨਾਂ ਰੁਪਿਆਂ ਦਾ। ਜੇ ਚਾਰੇ ਜਣੇ ਆਪੋ ਆਪਣੇ ਪਊਏ ਖਰੀਦਦੇ ਹਨ ਤਾਂ ਮਹਿੰਗੇ ਪੈਂਦੇ ਹਨ। ਸਰਫੇ-ਹੱਥੇ ਚਾਰੇ ਜਣੇ ਦੋ-ਦੋ ਰੁਪਏ ਪਾਉਂਦੇ ਹਨ ਤੇ ਸਾਂਝੀ ਬੋਤਲ ਲੈ ਲੈਂਦੇ ਹਨ। ਚਾਰ ਗਲਾਸਾਂ ਦਾ ਪ੍ਰਬੰਧ ਵੀ ਹੋ ਜਾਂਦੈ। ਉਤੋਂ ਦਿਨ ਛਿਪ ਰਿਹਾ ਹੁੰਦੈ। ਉਦਾਸੀ ਦੇ ਕਾਲੀਆਂ ਐਨਕਾਂ ਲਾਈਆਂ ਹੁੰਦੀਐਂ। ਗਲਾਸਾਂ 'ਚ ਪਊਆ ਪਊਆ ਪਾਉਣ ਵਾਲਾ ਸੋਚਦੈ, "ਉਦਾਸੀ ਨੂੰ ਕਿਹੜਾ ਦਿਸਦੈ?" ਉਹ ਉਹਦੇ ਗਲਾਸ ਵਿਚ ਘੱਟ ਪਾਉਂਦੈ ਤੇ ਬਾਕੀ ਤਿੰਨਾਂ 'ਚ ਵੱਧ। ਉਦਾਸੀ ਕਾਲੀਆਂ ਐਨਕਾਂ ਲਾਹ ਕੇ ਆਖਦੈ, "ਪਤੰਦਰੋ, ਮੈਨੂੰ ਏਨਾ ਘੱਟ ਵੀ ਨਈਂ ਦੀਂਹਦਾ ਬਈ ਪਤਾ ਨਾ ਲੱਗੇ ਕਿ ਤੁਸੀਂ ਮੇਰੇ ਗਲਾਸ 'ਚ ਪੂਰਾ ਹਿੱਸਾ ਨੀ ਪਾਇਆ!"

ਬਣਦਾ ਹਿੱਸਾ ਲੈਣ ਬਾਰੇ ਤਾਂ ਉਸ ਨੇ ਕਵਿਤਾ ਵੀ ਲਿਖੀ ਸੀ:

**ਉੱਚੀ ਕਰ ਕੇ ਆਵਾਜ਼ ਮਜ਼ਦੂਰ ਨੇ ਹੈ ਕਹਿਣਾ,**
**ਹਿੱਸਾ ਦੇਸ਼ ਦੀ ਆਜ਼ਾਦੀ ਵਿਚੋਂ ਅਸੀਂ ਵੀ ਹੈ ਲੈਣਾ।**

ਨਕਸਲਬਾੜੀ ਲਹਿਰ ਨਾਲ ਪਰਨਾਇਆ ਹੋਣ ਕਾਰਨ ਉਹ ਗੁਰਦਵਾਰਿਆਂ ਦੀਆਂ ਸਟੇਜਾਂ ਉਤੇ ਇਨਕਲਾਬੀ ਸਿੱਖ ਵਿਰਸੇ ਦੀਆਂ ਬਾਤਾਂ ਹੀ ਪਾਉਂਦਾ। ਸਰਕਾਰੀ ਕਵੀ ਦਰਬਾਰਾਂ ਵਿਚ ਵੀ ਸਰਕਾਰ ਵਿਰੋਧੀ ਕਵਿਤਾਵਾਂ ਪੜ੍ਹਦਾ। ਸਰਕਾਰੀ ਅਫ਼ਸਰਾਂ ਦੀ ਉਹਨੇ ਕਦੇ ਖ਼ੁਸ਼ਾਮਦ ਨਹੀਂ ਸੀ ਕੀਤੀ ਤੇ ਨਾ ਹੀ ਸਰਕਾਰਾਂ ਦੇ ਸੋਹਲੇ ਗਾਏ। ਉਹ ਸਥਾਪਤੀ ਦੇ ਮੰਚ ਉਤੇ ਸਥਾਪਤੀ ਵਿਰੁੱਧ ਬੋਲਦਾ ਰਿਹਾ। ਦਿੱਲੀਏ ਦਿਆਲਾ ਦੇਖ ਕਵਿਤਾ ਉਸ ਨੇ ਲਾਲ ਕਿਲੇ ਦੇ ਸਰਕਾਰੀ ਕਵੀ ਦਰਬਾਰ ਵਿਚ ਪੜ੍ਹੀ ਸੀ। ਉਹ ਅਕਸਰ ਕਹਿੰਦਾ ਸੀ, "ਲਾਲ ਕਿਲੇ 'ਤੇ ਕਵਿਤਾ ਹੀ ਨਹੀਂ ਪੜ੍ਹਨੀ, ਲਾਲ ਕਿਲੇ 'ਤੇ ਲਾਲ ਝੰਡਾ ਵੀ ਗੱਡਣੈਂ।"

ਅਨੰਦ ਕਾਰਜਾਂ ਉਤੇ ਉਹ ਅਕਸਰ ਡੋਲੀ ਨਾਂ ਦੀ ਕਵਿਤਾ ਸੁਣਾਉਂਦਾ:

**ਹੱਸ ਹੱਸ ਤੋਰ ਦੇ ਤੂੰ ਡੋਲੀ ਮੇਰੀ ਬਾਬਲਾ ਵੇ,**
**ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ**
**ਧਰਤੀ ਤਿਹਾਈ ਜਿਉਂ ਪਸੀਨਾ ਮੰਗੇ ਕਾਮਿਆਂ ਦਾ,**
**ਮਾਂਗ ਮੇਰੀ ਮੰਗਦੀ ਸੰਧੂਰ...**

ਸਾਹਿਤ ਟ੍ਰੱਸਟ ਢੁੱਡੀਕੇ ਵੱਲੋਂ ਪਹਿਲਾ ਬਾਵਾ ਬਲਵੰਤ ਯਾਦਗਾਰੀ ਪੁਰਸਕਾਰ 1978 ਵਿਚ ਸੰਤ ਰਾਮ ਉਦਾਸੀ ਨੂੰ ਦਿੱਤਾ ਗਿਆ ਸੀ। ਜਸਵੰਤ ਸਿੰਘ ਕੰਵਲ ਨਾਲ ਅਸੀਂ ਢੁੱਡੀਕੇ ਤੋਂ ਲੁਧਿਆਣੇ ਦੀ ਜ਼ਰਾਇਤੀ ਯੂਨੀਵਰਸਿਟੀ ਗਏ ਸਾਂ। ਸਮਾਗਮ ਪਾਲ ਆਡੀਟੋਰੀਅਮ ਵਿਚ ਸੀ ਜਿਸ ਦਾ ਇੰਤਜ਼ਾਮ ਡਾ. ਐੱਸ. ਐੱਸ. ਦੁਸਾਂਝ ਨੇ ਕੀਤਾ ਸੀ। ਉਥੇ ਸੰਤ ਸਿੰਘ ਸੇਖੋਂ ਤੇ ਹੋਰ ਕਈ ਸਾਹਿਤਕਾਰ ਵੀ ਹਾਜ਼ਰ ਸਨ। ਵਿਦਿਆਰਥੀਆਂ ਨਾਲ ਹਾਲ ਖਚਾਖਚ ਭਰਿਆ ਹੋਇਆ ਸੀ। ਉਦਾਸੀ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਆਇਆ ਸੀ। ਉਦੋਂ ਤਕ ਉਹ ਸਟਾਰ ਸ਼ਾਇਰ ਬਣ ਚੁੱਕਾ ਸੀ ਜਿਸ ਦੇ ਆਟੋਗਰਾਫ ਯੂਨੀਵਰਸਿਟੀ ਦੀਆਂ ਕੁੜੀਆਂ ਵੀ ਲੈ ਰਹੀਆਂ ਸਨ। ਉਥੇ ਉਸ ਨੂੰ ਕੰਬਲੀ ਨਾਲ 11 ਸੌ ਰੁਪਏ ਦੀ ਥੈਲੀ ਭੇਟ ਕੀਤੀ ਗਈ ਜਿਸ ਨਾਲ ਉਸ ਨੇ ਖਰਚਿਆਂ ਦੀਆਂ ਕਈ ਖੁੱਡਾਂ ਬੰਦ ਕੀਤੀਆਂ। ਸਮਾਗਮ ਵਿਚ ਉਸ ਨੇ ਕੰਮੀਆਂ ਦੇ ਵਿਹੜੇ ਦਾ ਗੀਤ ਆਪਣੀ ਬੁਲੰਦ ਆਵਾਜ਼ ਵਿਚ ਗਾਇਆ ਸੀ:

**-ਮਾਂ ਧਰਤੀਏ ! ਤੇਰੀ ਗੋਦ ਨੂੰ ਚੰਨ ਹੋਰ ਬਥੇਰੇ,**
**ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ।**
**ਜਿਥੇ ਜੰਮਦਾ ਬੰਦਾ ਸੀਰੀ ਹੈ,**
**ਟਕਿਆਂ ਦੀ ਮੀਰੀ ਪੀਰੀ ਹੈ,**

ਇਸ ਗੀਤ ਨੂੰ ਏਨਾ ਪਸੰਦ ਕੀਤਾ ਗਿਆ ਕਿ ਹਾਲ ਦੇਰ ਤਕ ਤਾੜੀਆਂ ਨਾਲ ਗੂੰਜਦਾ ਰਿਹਾ। ਫਿਰ ਜਗਦੇਵ ਸਿੰਘ ਜੱਸੋਵਾਲ ਨੇ ਐਲਾਨ ਕਰ ਦਿੱਤਾ ਕਿ ਉਦਾਸੀ ਦਾ ਸਨਮਾਨ ਸਿੱਕਿਆਂ ਨਾਲ ਤੋਲ ਕੇ ਕੀਤਾ ਜਾਵੇਗਾ। ਉਦਾਸੀ ਕਈ ਦਿਨ ਫੈਸਲਾ ਨਾ ਕਰ ਸਕਿਆ ਕਿ ਅਜਿਹਾ ਸਨਮਾਨ ਲਵੇ ਜਾਂ ਨਾ? ਆਖ਼ਰ ਉਸ ਨੇ ਇਹ ਸਨਮਾਨ ਲੈ ਲਿਆ ਤੇ ਆਪਣਾ ਭਾਰ ਸਿੱਕਿਆਂ ਨਾਲ ਤੁਲਵਾ ਲਿਆ। ਇਹਦੇ ਨਾਲ ਵੀ ਕਈ ਖਰਚਿਆਂ ਦੀਆਂ ਖੁੱਡਾਂ ਮੁੰਦੀਆਂ ਗਈਆਂ। ਪਰ ਉਹਦੇ ਕਈ ਕਾਮਰੇਡ ਯਾਰਾਂ ਦੋਸਤਾਂ ਨੇ ਇਸ ਦਾ ਬੁਰਾ ਮਨਾਇਆ ਤੇ ਮਤੇ ਪਾਸ ਕਰ ਦਿੱਤੇ ਕਿ ਉਦਾਸੀ ਨੂੰ ਹੁਣ ਨਕਸਲੀਆਂ ਦੀਆਂ ਸਟੇਜਾਂ 'ਤੇ ਨਹੀਂ ਬੋਲਣ ਦੇਣਾ। ਉਨ੍ਹਾਂ ਨੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਸੰਤ ਰਾਮ ਉਦਾਸੀ ਹੁਣ ਪਹਿਲਾਂ ਵਾਲਾ ਉਦਾਸੀ ਨੀ ਰਿਹਾ। ਉਹ ਪਰੋਲੇਤਾਰੀ ਬਣੇ ਰਹਿਣ ਦੀ ਥਾਂ ਪੈਸੇ ਦਾ ਪੁੱਤ ਬਣ ਗਿਐ! ਪੈਸਿਆਂ ਬਦਲੇ ਵਿਕ ਗਿਐ!!

ਪਰ ਉਨ੍ਹਾਂ ਦਾ ਇਹ ਫਤਵਾ ਆਰਜ਼ੀ ਸਾਬਤ ਹੋਇਆ। ਉਦਾਸੀ ਦੀ ਮੌਤ ਤੋਂ ਪਿੱਛੋਂ ਉਹੀ ਕਾਮਰੇਡ ਉਸ ਨੂੰ ਇਨਕਲਾਬੀ ਸ਼ਾਇਰ ਮੰਨ ਰਹੇ ਨੇ ਤੇ ਉਹਦੀ ਯਾਦ ਵਿਚ ਸਮਾਗਮ ਰਚਾ ਰਹੇ ਨੇ! ਨਵੰਬਰ 1986 ਵਿਚ ਖ਼ਬਰ ਮਿਲੀ ਕਿ ਉਸ ਦਾ ਰੇਲ ਗੱਡੀ ਵਿਚ ਸਫ਼ਰ ਕਰਦਿਆਂ ਦੇਹਾਂਤ ਹੋ ਗਿਆ। ਪੜ੍ਹਨ ਸੁਣਨ ਵਾਲਿਆਂ ਨੂੰ ਪਹਿਲਾਂ ਤਾਂ ਇਸ ਖ਼ਬਰ ਦਾ ਸੱਚ ਨਾ ਆਇਆ ਪਰ ਇਹ ਸੱਚ ਸੀ। ਸੰਤ ਰਾਮ ਉਦਾਸੀ ਪੰਜਾਬੀ ਦਾ ਅਜ਼ੀਮ ਸ਼ਾਇਰ ਸੀ ਜੋ 1939 ਤੋਂ 1986 ਤਕ ਸੰਤਾਲੀ ਸਾਲ ਜੀਵਿਆ। ਉਸ ਦੇ ਤਿੰਨ ਕਾਵਿ ਸੰਗ੍ਰਹਿ ਲਹੂ ਭਿੱਜੇ ਬੋਲ, ਚੌ-ਨੁਕਰੀਆਂ ਸੀਖਾਂ ਤੇ ਸੈਨਤਾਂ ਉਸ ਦੀ ਹਯਾਤੀ ਵਿਚ ਛਪੇ। ਉਸ ਦੀਆਂ ਕੁਝ ਕਵਿਤਾਵਾਂ ਅਣਛਪੀਆਂ ਵੀ ਰਹਿ ਗਈਆਂ ਜੋ ਬਾਅਦ ਵਿਚ ਛਪਦੀਆਂ ਰਹੀਆਂ। ਲਿਖਾਰੀ ਸਭਾ ਬਰਨਾਲਾ ਨੇ ਉਸ ਦੇ ਅਣਛਪੇ ਗੀਤਾਂ ਤੇ ਕਵਿਤਾਵਾਂ ਦਾ ਸੰਗ੍ਰਹਿ ਕੰਮੀਆਂ ਦਾ ਵਿਹੜਾ ਨਾਂ ਹੇਠ ਛਾਪਿਆ। ਇਹ ਨਾਂ ਉਦਾਸੀ ਨੇ ਜੀਂਦੇ ਜੀਅ ਤਜਵੀਜ਼ ਕੀਤਾ ਸੀ। ਜੀਂਦੇ ਜੀਅ ਉਸ ਦੀ ਕਦਰ ਤਾਂ ਪਈ ਪਰ ਉਨੀ ਨਹੀਂ ਪੈ ਸਕੀ ਜਿੰਨੀ ਦਾ ਉਹ ਹੱਕਦਾਰ ਸੀ। ਅਜੇ ਵੀ ਉਨੀ ਨਹੀਂ ਪੈ ਰਹੀ ਜਿੰਨੀ ਦਾ ਉਹ ਹੱਕਦਾਰ ਹੈ ਜਦ ਕਿ ਕੁਝ ਇਕਨਾਂ ਦੀ ਹੱਦੋਂ ਵੱਧ ਪੈ ਰਹੀ ਹੈ।

ਉਦਾਸੀ ਦੀ ਦੇਹ ਦਾ ਅੰਤਮ ਸੰਸਕਾਰ ਕਾਮਰੇਡਾਂ ਵੱਲੋਂ ਲਾਲ ਸਲਾਮ ਕਹੇ ਬਿਨਾਂ ਹੀ ਇਕ ਸਿੱਖ ਦੀ ਲਾਵਾਰਸ ਲਾਸ਼ ਵਜੋਂ ਮਨਵਾੜ ਦੇ ਸਿੱਖਾਂ ਨੇ ਕੀਤਾ। ਉਹਦੀ ਜਨਮ ਭੋਇੰ ਰਾਏਸਰ ਨੂੰ ਆਪਣੇ ਲਾਲ ਦੀ ਮ੍ਰਿਤਕ ਦੇਹ ਦੇ ਦਰਸ਼ਨ ਨਾ ਨਸੀਬ ਹੋ ਸਕੇ। 12 ਨਵੰਬਰ ਨੂੰ ਉਦਾਸੀ ਦੇ ਦੋਵੇਂ ਰਿਸ਼ਤੇਦਾਰਾਂ ਨੇ ਆ ਕੇ ਦੱਸਿਆ ਕਿ ਉਹਦੇ ਫੁੱਲ ਗੋਦਾਵਰੀ ਨਦੀ ਵਿਚ ਤਾਰ ਆਏ ਹਨ ਤੇ ਉਹਦੇ ਸਮਾਨ ਵਾਲਾ ਬੈਗ ਲੈ ਆਏ ਹਨ। ਅਜਿਹੀ ਹੋਣੀ ਸੀ ਪੰਜਾਬੀ ਦੇ ਇਸ ਲੋਕ ਕਵੀ ਦੀ!

ਉਦਾਸੀ ਦੀ ਵਸੀਅਤ ਹੈ:

**ਮੇਰੀ ਮੌਤ 'ਤੇ ਰੋਇਓ,**
**ਮੇਰੀ ਸੋਚ ਨੂੰ ਬਚਾਇਓ।**
**ਮੇਰੇ ਲਹੂ ਦਾ ਕੇਸਰ ਰੇਤੇ 'ਚ ਨਾ ਰਲਾਇਓ।**

ਸੁਆਲ-ਸੰਵਾਦ

# ਸ਼ਰਧਾ ਦੇ ਕਾਰੋਬਾਰ ਦਾ ਫ਼ੌਜੀ ਮੁਲਕ ਬਨਾਮ ਦਰਦਮੰਦ ਖੋਜੀ ਬਿਰਤੀ



ਦਲਜੀਤ ਅਮੀ



ਬੇਲਾ ਭਾਟੀਆ ਖ਼ਿਲਾਫ਼ ਮੁਜ਼ਾਹਰੇ ਅਤੇ ਪ੍ਰਚਾਰ ਮੁਹਿੰਮ ਕਾਰਨ ਖ਼ਬਰਾਂ ਵਿੱਚ ਆਇਆ ਸਮਾਜਿਕ ਏਕਤਾ ਮੰਚ ਹੁਣ ਇੰਡੀਆ ਟੁਡੇ ਦੀ ਖੋਜ ਰਪਟ ਕਾਰਨ ਚਰਚਾ ਵਿੱਚ ਹੈ। ਇਸ ਜਥੇਬੰਦੀ ਦੇ ਆਗੂਆਂ ਨੇ ਸਮਾਜਿਕ ਏਕਤਾ ਮੰਚ ਨੂੰ ਭੰਗ ਕਰਨ ਦਾ ਐਲਾਨ ਕੀਤਾ ਹੈ। ਇੰਡੀਆ ਟੁਡੇ ਦੀ ਖੋਜ ਰਪਟ ਨੇ ਪੁਲਿਸ ਅਫ਼ਸਰਾਂ ਅਤੇ ਸਮਾਜਿਕ ਏਕਤਾ ਮੰਚ ਦੇ ਆਗੂਆਂ ਦੇ ਬਿਆਨ ਕੈਮਰੇ ਵਿੱਚ ਦਰਜ ਕੀਤੇ ਸਨ। ਇਨ੍ਹਾਂ ਬਿਆਨਾਂ ਨਾਲ ਪੁਲਿਸ ਅਤੇ ਸਮਾਜਿਕ ਏਕਤਾ ਮੰਚ ਦਾ ਤਾਲਮੇਲ ਬੇਪਰਦ ਹੁੰਦਾ ਹੈ। ਇਹ ਸਾਬਤ ਹੁੰਦਾ ਹੈ ਕਿ ਸਮਾਜਿਕ ਏਕਤਾ ਮੰਚ ਨੂੰ ਸਰਕਾਰੀ ਸਰਪ੍ਰਸਤੀ ਵਾਲੇ ਹਥਿਆਰਬੰਦ ਗੁੰਡਾ ਗਰੋਹ ਸਲਵਾ ਜੂਡਮ ਦੀ ਲਗਾਤਾਰਤਾ ਵਿੱਚ ਵੇਖਿਆ ਜਾਣਾ ਚਾਹੀਦਾ ਹੈ ਅਤੇ ਇਹ ਜਥੇਬੰਦੀ ਦਰਅਸਲ ਬੇਵਰਦੀ ਪੁਲਿਸ ਹੀ ਹੈ। ਇਸ ਜਥੇਬੰਦੀ ਦਾ ਕੰਮ ਨਕਸਲਵਾਦ ਵਾਲੇ ਇਲਾਕੇ ਵਿੱਚੋਂ ਮਨੁੱਖੀ, ਜਮਹੂਰੀ ਅਤੇ ਸ਼ਹਿਰੀ ਹਕੂਕ ਜਥੇਬੰਦੀਆਂ ਅਤੇ ਇਨ੍ਹਾਂ ਦੇ ਕਾਰਕੁੰਨਾਂ ਨੂੰ ਬਾਹਰ ਕੱਢਣਾ ਸੀ। ਪੁਲਿਸ ਅਤੇ ਨੀਮ ਸਰੁੱਖਿਆ ਬਲਾਂ ਦੀਆਂ ਗ਼ੈਰ-ਕਾਨੂੰਨੀ ਕਾਰਵਾਈਆਂ ਉੱਤੇ ਹੁੰਦੇ ਸੁਆਲਾਂ ਨੂੰ ਰੋਕਣ ਲਈ ਇਹ ਜਥੇਬੰਦੀ ਖ਼ੌਫ਼ ਅਤੇ ਬੇਭਰੋਸਗੀ ਦਾ ਮਾਹੌਲ ਪੈਦਾ ਕਰਦੀ ਸੀ।

ਸਮਾਜਿਕ ਏਕਤਾ ਮੰਚ ਨੂੰ ਭੰਗ ਕਰਨ ਦਾ ਐਲਾਨ ਇਨ੍ਹਾਂ ਸ਼ਬਦਾਂ ਵਿੱਚ ਕੀਤਾ ਗਿਆ ਹੈ, ਕੇਂਦਰੀ ਅਤੇ ਸੂਬਾ ਸਰਕਾਰਾਂ, ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਦੀ ਨਕਸਲਵਾਦ ਖ਼ਿਲਾਫ਼ ਇਮਦਾਦ ਦੇ ਮਕਸਦ ਨਾਲ ਸਮਾਜਿਕ ਏਕਤਾ ਮੰਚ ਬਣਾਇਆ ਗਿਆ ਸੀ। ਇਸੇ ਮਸਕਦ ਦੀ ਪੂਰਤੀ ਲਈ ਸਮਾਜਿਕ ਏਕਤਾ ਮੰਚ ਨੇ ਅਹਿੰਸਕ ਅਤੇ ਜਮਹੂਰੀ ਮੁਜ਼ਾਹਰੇ ਕੀਤੇ। ਕੁਝ ਲੋਕ ਸਮਾਜਿਕ ਏਕਤਾ ਮੰਚ ਦੀਆਂ ਸਰਗਰਮੀਆਂ ਦੇ ਹਵਾਲੇ ਨਾਲ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਬਦਨਾਮ ਕਰ ਰਹੇ ਹਨ। ਇਨ੍ਹਾਂ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ ਜਥੇਬੰਦੀ ਦੇ ਕਾਰਕੁੰਨਾਂ ਨੇ ਸਰਵਸੰਮਤੀ ਨਾਲ ਸਮਾਜਿਕ ਏਕਤਾ ਮੰਚ ਨੂੰ ਤੁਰੰਤ ਭੰਗ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਬਿਆਨ ਦਾ ਪਿਛੋਕੜ ਸਮਝਣ ਲਈ ਸਮਾਜਿਕ ਏਕਤਾ ਮੰਚ ਦੇ ਬਾਨੀ ਸੂਬਾਰਾਓ ਦਾ ਪੁਰਾਣਾ ਬਿਆਨ ਅਹਿਮ ਹੈ। ਇਹ ਬਿਆਨ ਇੰਡੀਆ ਟੁਡੇ ਦੀ ਖੋਜ ਰਪਟ ਵਿੱਚ ਦਰਜ ਹੈ, ਪਹਿਲਾਂ ਸਲਵਾ ਜੂਡਮ ਹੁੰਦਾ ਸੀ। ਸਾਨੂੰ ਨਹੀਂ ਪਤਾ ਕਿ ਉਹ ਕਿਸ ਤਰ੍ਹਾਂ ਦੀ ਜਥੇਬੰਦੀ ਸੀ। ਅਸੀਂ ਉਸ ਜਥੇਬੰਦੀ ਵਿੱਚ ਸ਼ਾਮਿਲ ਨਹੀਂ ਸੀ ਅਤੇ ਨਾ ਸਾਨੂੰ ਪਤਾ ਹੈ ਕਿ ਉਸ ਨੇ ਕੀ-ਕੁਝ ਗ਼ਲਤ ਕੀਤਾ। ਸਰਵਉੱਚ ਅਦਾਲਤ ਨੇ ਸਲਵਾ ਜੂਡਮ ਉੱਤੇ ਪਾਬੰਦੀ ਲਗਾ ਦਿੱਤੀ। ਹੁਣ ਅਸੀਂ ਨਵਾਂ ਪੈਂਤੜਾ ਅਖ਼ਤਿਆਰ ਕੀਤਾ ਹੈ। ਅਸੀਂ ਸਿਰਫ਼ ਸਮਾਜਿਕ ਏਕਤਾ ਮੰਚ ਹੀ ਸ਼ੁਰੂ ਨਹੀਂ ਕੀਤਾ ਸਗੋਂ ਕਈ ਜਥੇਬੰਦੀਆਂ ਬਣਾਈਆਂ ਹਨ। ਜੇ ਇੱਕ ਜਥੇਬੰਦੀ ਉੱਤੇ ਪਾਬੰਦੀ ਲੱਗਦੀ ਹੈ ਤਾਂ ਮਹਿਲਾ ਏਕਤਾ ਮੰਚ ਹੈ। ਜੇ ਉਸ ਉੱਤੇ ਪਾਬੰਦੀ ਲੱਗਦੀ ਹੈ ਤਾਂ ਵਿਕਾਸ ਸੰਘਰਸ਼ ਸਮਿਤੀ ਹੈ ਅਤੇ ਇਸ ਤਰ੍ਹਾਂ ਹੋਰ ਜਥੇਬੰਦੀਆਂ ਹਨ।

ਇੰਡੀਆ ਟੁਡੇ ਦੀ ਖੋਜ ਰਪਟ ਵਿੱਚ ਛਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ ਦੇ ਸੁਪਰਡੈਂਟ ਡੀ. ਸ਼ਰਾਵਣ ਦਾ ਬਿਆਨ ਦਰਜ ਹੈ। ਇਸ ਪੁਲਿਸ ਅਫ਼ਸਰ ਨੇ ਸਮਾਜਿਕ ਏਕਤਾ ਮੰਚ ਦੀਆਂ ਮਨੁੱਖੀ ਹਕੂਕ ਕਾਰਕੁੰਨਾਂ ਅਤੇ ਪੱਤਰਕਾਰਾਂ ਖ਼ਿਲਾਫ਼ ਮੁਹਿੰਮਾਂ ਉੱਤੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਹੈ, ਪੁਲਿਸ ਨੇ ਸਮਾਜਿਕ ਏਕਤਾ ਮੰਚ ਨਹੀਂ ਬਣਾਇਆ ਪਰ ਅਸੀਂ ਇਸ ਦੀ ਸਰਪ੍ਰਸਤੀ ਕਰਦੇ ਹਾਂ। ਪਹਿਲਾਂ ਅਸੀਂ ਨਾਚ ਮੰਡਲੀਆਂ ਰਾਹੀਂ ਜਾਗਰੁਕਤਾ ਮੁਹਿੰਮ ਚਲਾਈ। ਉਸ ਜਾਗਰੁਕਤਾ ਦੇ ਨਤੀਜੇ ਵਜੋਂ ਸਮਾਜਿਕ ਏਕਤਾ ਮੰਚ ਬਣਿਆ ਹੈ। ਸ਼ਰਾਵਣ ਨੇ ਸਾਫ਼ ਕੀਤਾ ਹੈ ਕਿ ਸਲਵਾ ਜੂਡਮ ਹਥਿਆਰਬੰਦ ਗਰੋਹ ਸੀ ਪਰ ਹਥਿਆਰਾਂ ਦੀ ਵਰਤੋਂ ਨਾ ਕਰਨ ਦੇ ਬਾਵਜੂਦ ਸਮਾਜਿਕ ਏਕਤਾ ਮੰਚ ਦਾ ਖ਼ਾਸਾ ਹਿੰਸਕ ਹੈ।

ਇਨ੍ਹਾਂ ਬਿਆਨਾਂ ਨਾਲ ਸਾਫ਼ ਹੋ ਜਾਂਦਾ ਹੈ ਕਿ ਸਮਾਜਿਕ ਏਕਤਾ ਮੰਚ ਨੂੰ ਸਲਵਾ ਜੂਡਮ ਦਾ ਨਵਾਂ ਅਵਤਾਰ ਮੰਨਿਆ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਭੰਗ ਕਰਨ ਵਾਲਾ ਬਿਆਨ ਪਹਿਲਾਂ ਤਿਆਰ ਕੀਤੀ ਇਬਾਰਤ ਹੈ। ਇਨ੍ਹਾਂ ਬਿਆਨਾਂ ਤੋਂ ਸਾਫ਼ ਹੁੰਦਾ ਹੈ ਕਿ ਪੁਲਿਸ ਅਤੇ ਇਸ ਜਥੇਬੰਦੀ ਦੇ ਆਗੂਆਂ ਨੂੰ ਆਪਣੀਆਂ ਕਾਰਵਾਈਆਂ ਦੇ ਗ਼ੈਰ-ਕਾਨੂੰਨੀ ਖ਼ਾਸੇ ਦਾ ਪਤਾ ਹੈ। ਉਹ ਸਰਵਉੱਚ ਅਦਾਲਤ ਦੇ ਸਲਵਾ ਜੂਡਮ ਵਾਲੇ ਫ਼ੈਸਲੇ ਨੂੰ ਦਰਕਿਨਾਰ ਕਰਨ ਲਈ ਇੱਕ ਜਥੇਬੰਦੀ ਨੂੰ ਭੰਗ ਕਰ ਕੇ ਦੂਜੀ ਬਣਾਉਣ ਨੂੰ ਤਰਜੀਹ ਦਿੰਦੇ ਹਨ। ਪਹਿਲਾਂ ਹੀ ਕਈ ਜਥੇਬੰਦੀਆਂ ਬਣਾਈਆਂ ਗਈਆਂ ਹਨ ਅਤੇ ਇਸ ਤਰ੍ਹਾਂ ਹੋਰ ਜਥੇਬੰਦੀਆਂ ਬਣਾਉਣ ਲਈ ਕੋਈ ਸਮਾਂ ਨਹੀਂ ਲਗਦਾ। ਇਸ ਤਰ੍ਹਾਂ ਦੀਆਂ ਜਥੇਬੰਦੀਆਂ ਬਣਾਉਣ ਵਾਲੀਆਂ ਸਰਕਾਰੀ ਅਤੇ ਗ਼ੈਰ-ਸਰਕਾਰੀ ਧਿਰਾਂ ਲਈ ਜਥੇਬੰਦੀ ਦਾ ਨਾਮ ਮਾਅਨੇ ਨਹੀਂ ਰੱਖਦਾ ਪਰ ਉਨ੍ਹਾਂ ਨੂੰ ਆਪਣੇ ਇਰਾਦੇ ਬਾਰੇ ਕੋਈ ਭੁਲੇਖਾ ਨਹੀਂ ਹੈ। ਜਥੇਬੰਦੀ ਦਾ ਨਾਮ ਮਹਿਜ਼ ਪੈਂਤੜਾ ਹੈ।

ਇਸ ਮਾਮਲੇ ਉੱਤੇ ਹੋਰ ਟਿੱਪਣੀ ਕਰਨ ਤੋਂ ਪਹਿਲਾਂ ਕਾਂਗਰਸ ਦੇ ਸਾਬਕਾ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਮਨੀਸ਼ ਤਿਵਾੜੀ ਦਾ ਬਿਆਨ ਵੇਖਣਾ ਬਣਦਾ ਹੈ। ਉਨ੍ਹਾਂ ਨੇ ਸਮਾਜਿਕ ਏਕਤਾ ਮੰਚ ਬਾਬਤ ਕਿਹਾ ਹੈ, ਸਮਾਜਿਕ ਏਕਤਾ ਮੰਚ ਵਰਗੀਆਂ ਨਿਗਰਾਨ ਜਥੇਬੰਦੀਆਂ ਬਣਾਉਣਾ ਸਰਵਉੱਚ ਅਦਾਲਤ ਦੇ ਫ਼ੈਸਲੇ ਦੇ ਖ਼ਿਲਾਫ਼ ਹੈ। ਕਾਰਕੁੰਨਾਂ ਅਤੇ ਪੱਤਰਕਾਰਾਂ ਦਾ ਕੰਮ ਹਰ ਕਹਾਣੀ ਦਾ ਦੂਜਾ ਪਾਸਾ ਉਜਾਗਰ ਕਰਨਾ ਹੈ ਅਤੇ ਉਨ੍ਹਾਂ ਨੂੰ ਨਿਸ਼ਾਨਾ ਨਹੀਂ ਬਣਾਇਆ ਜਾ ਸਕਦਾ। ਇੰਡੀਆ ਟੁਡੇ ਦੀ ਰਪਟ ਤੋਂ ਬਾਅਦ ਸਰਵਉੱਚ ਅਦਾਲਤ ਨੂੰ ਇਸ ਹਵਾਲੇ ਨਾਲ ਆਪਣੇ-ਆਪ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਛਤੀਸਗੜ੍ਹ ਸਰਕਾਰ ਖ਼ਿਲਾਫ਼ ਅਦਾਲਤ ਦੀ ਹਤਕ ਦਾ ਮਾਮਲਾ ਦਰਜ ਕਰਨਾ ਚਾਹੀਦਾ ਹੈ। ਛਤੀਸਗੜ੍ਹ ਵਿੱਚ ਸਭ ਕੁਝ ਗ਼ੈਰ-ਸੰਵਿਧਾਨਕ ਹੋ ਰਿਹਾ ਹੈ। ਸਰਵਉੱਚ ਅਦਾਲਤ ਦੇ ਫ਼ੈਸਲੇ ਦਾ ਨਿਰਾਦਰ ਕਰਨ ਵਾਲੇ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ ਅਤੇ ਸੂਬਾ ਸਰਕਾਰ ਭੰਗ ਹੋਣੀ ਚਾਹੀਦੀ ਹੈ। ਇਹ ਯਾਦ ਕਰਵਾਉਣਾ ਅਹਿਮ ਹੈ ਕਿ ਕਾਂਗਰਸ ਦੀ ਸਰਕਾਰ ਵੇਲੇ ਹੀ ਸਲਵਾ ਜੂਡਮ ਵਰਗੀ ਖ਼ੂੰਖ਼ਾਰ ਜਥੇਬੰਦੀ ਬਣੀ ਸੀ। ਕਾਂਗਰਸ ਦੀ ਸਰਕਾਰੀ ਸਰਪ੍ਰਸਤੀ ਵਿੱਚ ਸਲਵਾ ਜੂਡਮ ਦੇ 'ਪੁਰਖੇ' ਰਣਵੀਰ ਸੈਨਾ ਅਤੇ ਕਈ ਹੋਰ ਜਥੇਬੰਦੀਆਂ ਚਲਾਉਂਦੇ ਰਹੇ ਹਨ। ਕਾਂਗਰਸ ਦੇ ਕੇਂਦਰੀ ਵਿੱਤ ਮੰਤਰੀ ਚਿਦੰਬਰਮ ਨੇ ਹੀ ਪੱਤਰਕਾਰਾਂ ਨੂੰ ਨਕਸਲਵਾਦੀ ਇਲਾਕੇ ਵਿੱਚੋਂ ਸਰਕਾਰ ਪੱਖੀ ਖ਼ਬਰਾਂ ਛਾਪਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਸਨ। ਚਿਦੰਬਰਮ ਦੀਆਂ ਨੀਤੀਆਂ ਦੀ ਹਮਾਇਤ ਰਾਸ਼ਟਰੀ ਸਵੈਮ ਸੇਵਕ ਸੰਘ ਕਰਦਾ ਰਿਹਾ ਹੈ। ਮੁਨੀਸ਼ ਤਿਵਾੜੀ ਪਹਿਲਾਂ ਸਰਕਾਰੀ ਬੁਲਾਰੇ ਵਜੋਂ ਅਤੇ ਬਾਅਦ ਵਿੱਚ ਸੂਚਨਾ ਅਤੇ ਪ੍ਰਸਾਰਨ ਮੰਤਰੀ ਵਜੋਂ ਚਿਦੰਬਰਮ ਦੀ ਵਕਾਲਤ ਕਰਦੇ ਸਨ। ਇਸ ਤੋਂ ਬਿਨਾਂ ਇਹ ਤੱਥ ਵੀ ਵਾਰ-ਵਾਰ ਸਾਹਮਣੇ ਆਉਂਦੇ ਰਹੇ ਹਨ ਕਿ ਸਲਵਾ ਜੂਡਮ ਵਿੱਚ ਕਾਂਗਰਸ ਅਤੇ ਭਾਜਪਾ ਦੀ ਸਾਂਝੀ ਸ਼ਮੂਲੀਅਤ ਸੀ।

ਅਰੁੰਧਤੀ ਰਾਏ ਦਾ 2009 ਵਿੱਚ ਲਿਖਿਆ ਲੇਖ ਮਾਅਨੇ ਰੱਖਦਾ ਹੈ। ਉਹ ਲਿਖਦੀ ਹੈ, ਅਸਲ ਸਮੱਸਿਆ ਇਹ ਹੈ ਕਿ ਭਾਰਤ ਦੇ ਚਮਤਕਾਰੀ 'ਵਿਕਾਸ' ਦੀ ਕਹਾਣੀ ਮਿੱਟੀ ਵਿੱਚ ਮਿਲ ਗਈ ਹੈ। ਇਸ ਕਹਾਣੀ ਲਈ ਸਮਾਜ ਅਤੇ ਚੌਗਿਰਦੇ ਦੀ ਕੁਰਬਾਨੀ ਦਿੱਤੀ ਗਈ ਹੈ। ਹੁਣ ਨਦੀਆਂ ਸੁੱਕ ਰਹੀਆਂ ਅਤੇ ਜੰਗਲ ਰੜੇ ਹੋ ਰਹੇ ਹਨ, ਪਾਣੀ ਦਾ ਪੱਤਣ ਟੁੱਟ ਰਿਹਾ ਹੈ ਅਤੇ ਲੋਕਾਂ ਨੂੰ ਸਰਕਾਰੀ ਕਾਰਗੁਜ਼ਾਰੀ ਦਾ ਅਹਿਸਾਸ ਹੋ ਰਿਹਾ ਹੈ। ਆਖ਼ਰ ਉੱਪਰ ਨੂੰ ਥੁੱਕਿਆ ਮੂੰਹ ਉੱਤੇ ਗਿਰਨ ਵਾਲਾ ਹੈ। ਪੂਰੇ ਮੁਲਕ ਵਿੱਚ ਬੇਚੈਨੀ ਹੈ ਅਤੇ ਲੋਕ ਆਪਣਾ ਜਲ, ਜੰਗਲ, ਜ਼ਮੀਨ ਛੱਡਣ ਤੋਂ ਇਨਕਾਰ ਕਰ ਰਹੇ ਹਨ। ਉਹ ਝੂਠੇ ਲਾਰਿਆਂ ਵਿੱਚ ਆਉਣ ਤੋਂ ਇਨਕਾਰੀ ਹਨ। ਅਚਾਨਕ ਹੀ ਇਹ ਲੱਗਣ ਲੱਗਿਆ ਹੈ ਕਿ ਦਸ ਫ਼ੀਸਦੀ ਵਿਕਾਸ ਅਤੇ ਜਮਹੂਰੀਅਤ ਨਾਲੋ-ਨਾਲ ਨਹੀਂ ਚੱਲ ਸਕਦੇ। ਚਿਦੰਬਰਮ ਚਾਹੁੰਦਾ ਹੈ ਕਿ ਪਹਾੜਾਂ ਅਤੇ ਜੰਗਲਾਂ ਹੇਠੋਂ ਬਕਸਾਇਟ ਕੱਢਣ ਲਈ ਭਾਰਤ ਦੀ ਪਚਾਸੀ ਫ਼ੀਸਦੀ ਆਬਾਦੀ ਨੂੰ ਸ਼ਹਿਰਾਂ ਵਿੱਚ ਤੁੰਨ ਦਿੱਤਾ ਜਾਵੇ ਅਤੇ ਇਸ ਮਕਸਦ ਨੂੰ ਪੂਰਾ ਕਰਨ ਲਈ ਭਾਰਤ ਵਿੱਚ ਪੁਲਿਸ ਰਾਜ ਕਾਇਮ ਕਰ ਦਿੱਤਾ ਜਾਵੇ। ਸਰਕਾਰ ਨੂੰ ਮੁਲਕ ਦਾ ਫ਼ੌਜੀਕਰਨ ਕਰਨਾ ਪੈਣਾ ਹੈ। ਫ਼ੌਜੀਕਰਨ ਨੂੰ ਜਾਇਜ਼ ਕਰਾਰ ਦੇਣ ਲਈ ਦੁਸ਼ਮਣ ਦਰਕਾਰ ਹੈ। ਮਾਓਵਾਦੀ ਇਹੋ ਦੁਸ਼ਮਣ ਹਨ। ਜਿਵੇਂ ਹਿੰਦੂ ਕੱਟੜਵਾਦੀਆਂ ਦੀਆਂ ਅੱਖਾਂ ਵਿੱਚ ਮੁਸਲਮਾਨ ਚੁਭਦੇ ਹਨ ਉਸੇ ਤਰ੍ਹਾਂ ਕਾਰਪੋਰੇਟਾਂ ਦੀ ਅੱਖਾਂ ਵਿੱਚ ਮਾਓਵਾਦੀ ਰੜਕਦੇ ਹਨ। (ਕੀ ਇਹ ਕੱਟੜਪੰਥੀਆਂ ਦਾ ਭਾਈਚਾਰਾ ਹੈ? ਕੀ ਇਸੇ ਲਈ ਰਾਸ਼ਟਰੀ ਸਵੈਮ ਸੇਵਕ ਸੰਘ ਚਿਦੰਬਰਮ ਦੇ ਸ਼ਰੇਆਮ ਸੋਹਲੇ ਗਾਉਂਦੀ ਹੈ?)

ਇਨ੍ਹਾਂ ਹਾਲਾਤ ਵਿੱਚ ਕਾਂਗਰਸ ਅਤੇ ਭਾਜਪਾ ਦੀ ਵਿਕਾਸ ਦੇ ਮਾਮਲੇ ਵਿੱਚ ਇੱਕੋ ਸਮਝ ਹੈ। ਇਹ ਦੋਵੇਂ ਮੁਲਕ ਵਿੱਚ ਹੁਕਮਰਾਨ ਧਿਰ ਵਜੋਂ ਪੁਲਿਸ ਰਾਜ ਕਾਇਮ ਕਰਨਾ ਲੋਚਦੀਆਂ ਹਨ ਪਰ ਵਿਰੋਧੀ ਧਿਰ ਵਜੋਂ ਕੁਝ ਗੁੰਜ਼ਾਇਸ਼ ਦੀ ਮੰਗ ਕਰਦੀਆਂ ਹਨ। ਸਲਵਾ ਜੂਡਮ ਤੋਂ ਸਮਾਜਿਕ ਏਕਤਾ ਮੰਚ ਤੱਕ ਅਤੇ ਕਾਂਗਰਸ ਤੋਂ ਭਾਜਪਾ ਤੱਕ, ਮੁਲਕ ਨੂੰ ਪੁਲਿਸ ਰਾਜ ਬਣਾਉਣ ਦੀ ਮਸ਼ਕ ਕਰ ਰਹੀਆਂ ਹਨ। ਜਦੋਂ ਸਰਕਾਰਾਂ ਦੀ ਸਰਪ੍ਰਸਤੀ ਨਾਲ ਪੁਲਿਸ, ਪ੍ਰਸ਼ਾਸਨ ਅਤੇ ਨੀਮ ਫ਼ੌਜੀ ਜਾਂ ਫ਼ੌਜ ਗ਼ੈਰ-ਸਰਕਾਰੀ ਗੁੰਡਾ ਢਾਣੀਆਂ ਨੂੰ ਇਨਸਾਫ਼ਪਸੰਦੀ ਦੇ ਖ਼ਿਲਾਫ਼ ਲਾਮਬੰਦ ਕਰਦੇ ਹਨ ਤਾਂ ਇਹ ਫ਼ੌਜੀਕਰਨ ਦੀ ਮਸ਼ਕ ਹੀ ਤਾਂ ਹੁੰਦੀ ਹੈ। ਪੰਜਾਬ ਵਿੱਚ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਕਾਰਕੁੰਨ ਰੋਸ ਮੁਜ਼ਾਹਰਾ ਕਰ ਰਹੇ ਬੇਰੁਜ਼ਗਾਰਾਂ ਉੱਤੇ ਪੁਲਿਸ ਨਾਲ ਮਿਲ ਕੇ ਹਮਲੇ ਕਰਦੇ ਹਨ ਤਾਂ ਇਸੇ ਮਸ਼ਕ ਦੀ ਕੜੀ ਬਣਦੇ ਹਨ।

ਜੋ ਸੁਆਲ ਸਰਕਾਰ ਨੂੰ ਮੁਖ਼ਾਤਬ ਹਨ ਉਨ੍ਹਾਂ ਦੇ ਜੁਆਬ ਵਰਦੀ ਵਾਲੇ ਦਿੰਦੇ ਹਨ। ਜੋ ਸੁਆਲ ਵਰਦੀਆਂ ਵਾਲਿਆਂ ਬਾਬਤ ਸਰਕਾਰ ਨੂੰ ਮੁਖ਼ਾਤਬ ਹੈ ਉਸ ਦਾ ਜੁਆਬ ਬੇਵਰਦੀ ਗੁੰਡਾ-ਢਾਣੀਆਂ ਦਿੰਦੀਆਂ ਹਨ। ਆਵਾਮ ਦੇ ਪੱਖ ਤੋਂ ਇਹ ਮਾਅਨੇ ਨਹੀਂ ਰੱਖਦਾ ਕਿ ਤਸ਼ੱਦਦ ਬਾਵਰਦੀ ਪੁਲਿਸ ਕਰਦੀ ਹੈ ਜਾਂ ਬੇਵਰਦੀ ਗੁੰਡਾ ਢਾਣੀਆਂ ਕਰਦੀਆਂ ਹਨ। ਮਾਅਨੇ ਇਹ ਰੱਖਦਾ ਹੈ ਕਿ ਸਰਕਾਰਾਂ ਆਵਾਮ ਤੋਂ ਆਪਣੀ ਹੋਣੀ ਦਾ ਫ਼ੈਸਲਾ ਕਰਨ ਅਤੇ ਆਪਣੇ ਹਕੂਕ ਉੱਤੇ ਦਾਅਵੇਦਾਰੀ ਕਰਨ ਵਾਲੀ ਆਵਾਜ਼ ਖੋਹ ਰਹੀਆਂ ਹਨ।ਬਦਹਾਲੀ ਤੋਂ ਅਵਾਜ਼ਾਰ ਆਵਾਮ ਆਪਣੀ ਮਹਿਰੂਮੀਅਤ ਕਾਰਨ ਬੇਚੈਨ ਹੈ ਅਤੇ ਕਈ ਤਰ੍ਹਾਂ ਦੀ ਅਚਵੀ ਦਾ ਸ਼ਿਕਾਰ ਹੈ। ਇਸੇ ਬੇਚੈਨੀ ਅਤੇ ਅਚਵੀ ਨੂੰ ਧਰਮ, ਜਾਤ, ਮੁਲਕ ਅਤੇ ਸੁਰੱਖਿਆ ਦੇ ਨਾਮ ਉੱਤੇ ਲਾਮਬੰਦ ਕੀਤਾ ਜਾ ਰਿਹਾ ਹੈ। ਸਮਾਜਿਕ ਏਕਤਾ ਮੰਚ ਵਰਗੀਆਂ ਗੁੰਡਾ ਢਾਣੀਆਂ ਦਾ ਤਾਣਾ-ਬਾਣਾ ਮੁਕਾਮੀ ਆਗੂਆਂ ਜਾਂ ਸਰਕਾਰੀ ਅਫ਼ਸਰਾਂ ਨੇ ਉਸਾਰਿਆ ਹੈ ਪਰ ਇਸ ਦਾ ਮੰਤਰ ਨਿਜ਼ਾਮ, ਸਰਕਾਰ, ਸਿਆਸਤ, ਸ਼ਰਧਾ ਦੇ ਕਾਰੋਬਾਰ ਅਤੇ ਕਾਰਪੋਰੇਟਾਂ ਨੇ ਰਲ ਕੇ ਤਿਆਰ ਕੀਤਾ ਹੈ। ਮੌਜੂਦਾ ਦੌਰ ਦਾ ਸਭ ਤੋਂ ਔਖਾ ਅਤੇ ਪੇਚੀਦਾ ਸੁਆਲ ਇਨਸਾਫ਼ਪਸੰਦੀ, ਮਨੁੱਖਾ ਸ਼ਾਨ, ਜਗਿਆਸਾ ਅਤੇ ਵਿਗਿਆਨਕ ਸੋਚ ਦੀ ਲਾਮਬੰਦੀ ਨਾਲ ਜੁੜਦਾ ਹੈ। ਇਸ ਲਾਮਬੰਦੀ ਤੋਂ ਬਿਨਾਂ ਸਮਾਜਿਕ ਏਕਤਾ ਮੰਚ ਦੀ ਆਸ-ਔਲਾਦ ਅਤੇ ਬੇਲਾ ਭਾਟੀਆ ਦੀ ਦਰਦਮੰਦੀ ਵਾਲੀ ਖੋਜੀ ਬਿਰਤੀ ਵਿੱਚ ਲੜਾਈ ਬਹੁਤ ਅਸਾਵੀਂ ਹੈ।

## ਜਲ੍ਹਿਆਂਵਾਲੇ ਬਾਗ ਦਾ ਸਾਕਾ (ਸਫ਼ਾ 16 ਦੀ ਬਾਕੀ)

ਲੋਕਾਂ ਦੀ ਅਗਵਾਈ ਕਰ ਰਹੇ ਸਨ। ਦੋਨੋ ਮੁੱਖ ਤੌਰ ਤੇ ਹਿੰਦੂ ਮੁਸਲਿਮ ਏਕਤਾ ਦੀ ਗੱਲ ਕਰਦੇ ਸਨ। ਜਦੋਂ ਕਿ ਪਹਿਲਾਂ, ਇਹ ਦੋਨੋ ਫਿਰਕੇ ਇਕ ਦੂਜੇ ਨਾਲ ਰੱਲ ਕੇ ਘੱਟ ਹੀ ਚਲਦੇ ਸਨ। ਇਹ ਦੋਨੋ ਚੰਗੇ ਬੁਲਾਰੇ ਸਨ ਅਤੇ ਇਨ੍ਹਾਂ ਨੂੰ ਸੁਣਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਮੁਜ਼ਾਹਰਿਆਂ ਵਿਚ ਆ ਜਾਂਦੇ। ਪੰਜਾਬ ਦੇ ਲੈਫਟੀਨੈਂਟ ਗਵਰਨਰ ਓਡਵਾਇਰ ਨੂੰ ਲੱਗ ਰਿਹਾ ਸੀ ਕਿ ਇਹ ਦੋਨੋਂ ਪੰਜਾਬ ਦੇ ਹਾਲਾਤ ਵਿਗਾੜਨ ਲਈ ਜਿਮੇਵਾਰ ਹਨ। ਪਰ ਡੂੰਘਾਈ ਨਾਲ ਵੇਖਿਆ ਜਾਵੇ ਤਾਂ ਕਈ ਕਰਾਂਤੀਕਾਰੀ ਸੰਗਠਨ ਵੀ ਪੰਜਾਬ ਵਿਚ ਇਸ ਵੇਲੇ ਸਰਗਰਮ ਸਨ, ਜੋ ਅੰਗਰੇਜ਼ਾਂ ਖਿਲਾਫ਼ ਲੋਕਾਂ ਵਿਚ ਜਾਗਰਤੀ ਪੈਦਾ ਕਰਨ ਲਈ ਥਾਂ ਥਾਂ ਪੋਸਟਰ ਲਗਾ ਰਹੇ ਸਨ। ਸਰਕਾਰ ਅਪਣੇ ਖਿਲਾਫ਼ ਲੱਗ ਰਹੇ ਪੋਸਟਰਾਂ ਤੋਂ ਤਰੱਭਕ ਰਹੀ ਸੀ। ਲਾਹੌਰ ਵਿਚ ਲੱਗੇ ਪੋਸਟਰਾਂ ਵਿਚ ਅੰਗਰੇਜ਼ਾਂ ਨੂੰ ਬਾਂਦਰ ਵਿਖਾ ਭਾਰਤੀਆਂ ਨੂੰ ਮਰੋ ਜਾਂ ਮਾਰੋ ਦੀ ਨੀਤੀ ਅਪਣਾ ਕੇ, ਇਨ੍ਹਾਂ ਕਮੀਨੇ ਅੰਗਰੇਜ਼ਾਂ ਨੂੰ ਅਪਣੇ ਪਵਿੱਤਰ ਦੇਸ਼ ਵਿਚੋਂ ਭਜਾਉਣ ਲਈ ਕਿਹਾ ਗਿਆ ਸੀ। ਅਮ੍ਰਿਤਸਰ ਵਿਚਲੇ ਇੱਕ ਅਖਬਾਰ ਵਕਤ ਦੇ ਇੱਕ ਕਾਰਟੂਨ ਵਿਚ ਅੰਗਰੇਜ਼ ਵਾਇਸਰਾਏ ਨੂੰ ਕਾਲਾ ਨਾਗ ਦਰਸਾ ਭਾਰਤ ਮਾਤਾ ਅਤੇ ਅਜ਼ਾਦੀ ਦੀ ਦੇਵੀ ਨੂੰ ਡੰਗਦੇ ਵਿਖਾਇਆ ਗਿਆ ਸੀ।

ਸਰਕਾਰ ਨੇ ਭਾਰਤ ਸੁਰੱਖਿਆ ਕਾਨੂੰਨ ਅਧੀਨ, ਡਾ. ਸਤਪਾਲ ਤੇ ਅਤੇ ਫਿਰ ਸੈਫਉਦੀਨ ਕਿਚਲੂ ਦੇ ਭਾਸ਼ਣ ਦੇਣ ਅਤੇ ਅਖਬਾਰਾਂ ਵਿਚ ਲਿਖਣ ਤੇ ਤੇ ਪਾਬੰਦੀ ਲਗਾ ਦਿਤੀ। ਇਸ ਦੇ ਬਾਵਜੂਦ, ਭਾਰਤ ਭਰ ਵਿਚ 6 ਅਪਰੈਲ ਨੂੰ ਹੋਈ ਹੜਤਾਲ ਵਿਚ ਪੰਜਾਬ ਦੇ 45 ਹੋਰ ਸ਼ਹਿਰਾਂ ਦੇ ਨਾਲ ਨਾਲ ਅਮ੍ਰਿਤਸਰ ਵਿਚ ਫਿਰ ਭਾਰੀ ਇਕੱਠ ਹੋਇਆ। ਸਰਕਾਰ ਘਬਰਾ ਗਈ ਅਤੇ ਹਾਲਾਤ ਨੂੰ ਹੋਰ ਵਿਗੜਨ ਦੇ ਡਰੋਂ, ਓਡਵਾਇਰ ਨੇ 9 ਅਪਰੈਲ ਨੂੰ ਦੋਨਾਂ ਨੂੰ ਪੰਜਾਬ ਤੋਂ ਬਾਹਰ ਭੇਜਣ ਦਾ ਹੁਕਮ ਚਾੜ੍ਹ ਦਿੱਤਾ। ਉਸ ਨੂੰ ਵਿਸ਼ਵਾਸ਼ ਸੀ ਕਿ ਇਨ੍ਹਾਂ ਦੇ ਪੰਜਾਬ ਵਿਚੋਂ ਕੱਢਣ ਨਾਲ ਵਿਗੜ ਰਹੇ ਹਾਲਤ ਠੀਕ ਹੋ ਜਾਣਗੇ।

# ਪਹਿਲੀ ਮਈ ਦੇ ਮਜ਼ਦੂਰ ਸ਼ਹੀਦਾਂ ਨੂੰ ਮਜ਼ਦੂਰਾਂ ਦੇ ਵੱਡੇ ਇਕੱਠ ਨੇ ਦਿੱਤੀ ਨਿੱਘੀ ਸ਼ਰਧਾਂਜਲੀ, ਸਰਮਾਏਦਾਰਾ ਲੁੱਟ ਖਿਲਾਫ਼ ਘੋਲ਼ ਜਾਰੀ ਰੱਖਣ ਦਾ ਸੰਕਲਪ ਲਿਆ



131ਵੇਂ ਕੌਮਾਂਤਰੀ ਮਜ਼ਦੂਰ ਦਿਵਸ ਦੇ ਮੌਕੇ ਪੂਰੀ ਦੁਨੀਆਂ ਵਿੱਚ ਮਜਦੂਰਾਂ ਨੇ ਇਹ ਦਿਨ ਮਨਾਇਆ ਹੈ। ਲੁਧਿਆਣਾ ਦੇ ਤਾਜ਼ਪੁਰ ਰੋਡ ਸਥਿਤ ਮਜਦੂਰ ਲਾਈਬ੍ਰੇਰੀ ’ਤੇ ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ ਅਤੇ ਕਾਰਖਾਨਾ ਮਜ਼ਦੂਰ ਯੂਨੀਅਨ ਨੇ ਸਾਂਝੇ ਰੂਪ ਵਿੱਚ ਮਜ਼ਦੂਰ ਦਿਵਸ ਕਾਨਫਰੰਸ ਦਾ ਆਯੋਜਨ ਕੀਤਾ ਹੈ। ਮਈ ਦਿਵਸ ਦੇ ਸ਼ਹੀਦਾਂ ਦੀ ਕੁਰਬਾਨੀ ਅਤੇ ਸੰਸਾਰ ਮਜ਼ਦੂਰ ਜਮਾਤ ਦੇ ਜੂਝਾਰੂ ਸੰਘਰਸ਼ ਦਾ ਪ੍ਰਤੀਕ ਲਾਲ ਝੰਡਾ ਫਹਿਰਾ ਕੇ, ‘ਮਈ ਦਿਵਸ ਦੇ ਸ਼ਹੀਦ ਅਮਰ ਰਹਿਣ’, ‘ਮਈ ਦਿਵਸ ਦੇ ਸ਼ਹੀਦਾਂ ਨੂੰ ਲਾਲ ਸਲਾਮ’, ‘ਦੁਨੀਆਂ ਭਰ ਦੇ ਮਜ਼ਦੂਰੋ ਇੱਕ ਹੋ ਜਾਓ’ ਆਦਿ ਇਨਕਲਾਬੀ ਅਸਮਾਨ ਗੂੰਜਵੇਂ ਨਾਅਰੇ ਬੁਲੰਦ ਕਰਦੇ ਹੋਏ ਪਹਿਲੀ ਮਈ ਦੇ ਸ਼ਹੀਦਾਂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ ਗਈ ਅਤੇ ਮਜ਼ਦੂਰ ਮੁਕਤੀ ਦੇ ਘੋਲ਼ ਨੂੰ ਜੋਰਦਾਰ ਢੰਗ ਨਾਲ਼ ਅੱਗੇ ਵਧਾਉਣ ਦਾ ਸੰਕਲਪ ਲਿਆ ਗਿਆ। ਮਜ਼ਦੂਰ ਸ਼ਹੀਦਾਂ ਦੀ ਯਾਦ ਵਿੱਚ ਦੋ ਮਿੰਟਾਂ ਦਾ ਮੌਨ ਰੱਖਿਆ ਗਿਆ। ਇਨਕਲਾਬੀ ਸੱਭਿਆਚਾਰਕ ਮੰਚ ‘ਦਸਤਕ’ ਦੇ ਸਾਥੀਆਂ ਨੇ ਇਨਕਲਾਬੀ ਨਾਟਕਾਂ ਅਤੇ ਗੀਤਾਂ ਦਾ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਕਾਰਖਾਨਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ, ਬਿਗੁਲ ਮਜ਼ਦੂਰ ਦਸਤਾ ਦੇ ਸੁਖਵਿੰਦਰ, ਨੌਜਵਾਨ ਭਾਰਤ ਸਭਾ ਦੀ ਬਲਜੀਤ ਨੇ ਲੋਕਾਂ ਨੂੰ ਸੰਬੋਧਿਤ ਕੀਤਾ। ਰਾਜਵਿੰਦਰ ਨੇ ਮੰਚ ਦਾ ਸੰਚਾਲਨ ਬਾਖੂਬੀ ਕੀਤਾ। ਇਸ ਮੌਕੇ ਇਨਕਲਾਬੀ-ਅਗਾਂਹਵਧੂ ਸਾਹਿਤ ਦੀ ਪ੍ਰਦਰਸ਼ਨੀ ਲਗਾਈ ਗਈ। ਅੰਤ ਵਿੱਚ ਜੀ.ਟੀ. ਰੋਡ ਤੱਕ ਪੈਦਲ ਮਾਰਚ ਵੀ ਕੀਤਾ ਗਿਆ।

ਬੁਲਾਰਿਆਂ ਨੇ ਕਿਹਾ ਕਿ ਕੌਮਾਂਤਰੀ ਮਜ਼ਦੂਰ ਦਿਵਸ ਦੁਨੀਆਂ ਦੇ ਮਜ਼ਦੂਰਾਂ ਨੂੰ ਲੁੱਟ, ਖੋਹ, ਅਨਿਆਂ ਖਿਲਾਫ਼ ਇੱਕਮੁੱਠ ਹੋਕੇ ਇਨਕਲਾਬੀ ਘੋਲ਼ ਲੜਨ ਦਾ ਸੱਦਾ ਦਿੰਦਾ ਹੈ। ਮਜ਼ਦੂਰ ਦਿਵਸ ਦਾ ਇਹ ਸਬਕ ਹੈ ਕਿ ਮਜ਼ਦੂਰ ਜਮਾਤ ਦੀ ਮੁਕਤੀ ਖੁਦ ਮਜ਼ਦੂਰ ਜਮਾਤ ਰਾਹੀਂ ਹੋਵੇਗੀ। ਸੰਸਾਰ ਵਿੱਚ ਕਿਤੇ ਵੀ ਮਜ਼ਦੂਰਾਂ ਦੇ ਕੰਮ ਦੇ ਘੰਟਿਆਂ ਸਬੰਧੀ ਜਦ ਕੋਈ ਕਨੂੰਨ ਨਹੀਂ ਸੀ ਉਸ ਸਮੇਂ ਅਮਰੀਕਾ ਦੇ ਮਜ਼ਦੂਰਾਂ ਨੇ ‘ਅੱਠ ਘੰਟੇ ਕੰਮ, ਅੱਠ ਘੰਟੇ ਅਰਾਮ, ਅੱਠ ਘੰਟੇ ਮਨੋਰੰਜਨ’ ਦੇ ਨਾਅਰੇ ਹੇਠ ਸੰਘਰਸ਼ ਲੜਿਆ ਸੀ। ਸੰਸਾਰ ਭਰ ਵਿੱਚ ਮਜ਼ਦੂਰ ਹੱਕਾਂ ਦੀ ਲੜਾਈ ਨੂੰ ਹਾਕਮਾਂ ਨੇ ਦਬਾਉਣ ਦੀ ਕੋਸ਼ਿਸ਼ ਕੀਤੀ ਪਰ ਮਜ਼ਦੂਰਾਂ ਦੀ ਅਵਾਜ਼ ਦਬਾਈ ਨਹੀਂ ਜਾ ਸਕੀ। ਅਮਰੀਕਾ ਅਤੇ ਸੰਸਾਰ ਦੇ ਹੋਰ ਹਿੱਸਿਆ ਵਿੱਚ ਮਜ਼ਦੂਰਾਂ ਦੀ ਲਹਿਰ ਅੱਗੇ ਵੱਧਦੀ ਗਈ। ਅੱਠ ਘੰਟੇ ਕੰਮ ਦਿਹਾੜੀ ਲਈ ਮਜ਼ਦੂਰਾਂ ਦਾ ਸੰਘਰਸ਼ ਰੋਕਿਆ ਨਹੀਂ ਜਾ ਸਕਿਆ।

ਅੱਜ ਭਾਰਤ ਵਿੱਚ ਮਜ਼ਦੂਰਾਂ ਨੂੰ ਬਹੁਰ ਭੈੜੀਆਂ ਹਾਲਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰਾਂ ਦੀਆਂ ਨਿਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਨੇ ਮਜ਼ਦੂਰਾਂ ਸਮੇਤ ਸਾਰੇ ਕਿਰਤੀ ਲੋਕਾਂ ਦੀ ਜਿੰਦਗੀ ਬਦਹਾਲ ਕਰ ਦਿੱਤੀ ਹੈ। ਕੇਂਦਰ ਦੀ ਮੋਦੀ ਸਰਕਾਰ ਕਾਂਗਰਸ ਸਰਕਾਰਾਂ ਤੋਂ ਵੀ ਵੱਧ ਤੇਜੀ ਅਤੇ ਸਖਤੀ ਨਾਲ਼ ਮਜ਼ਦੂਰ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ। ਕਿਰਤ ਕਨੂੰਨਾਂ ਵਿੱਚ ਵੱਡੇ ਮਜ਼ਦੂਰ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ। ਕਿਰਤ ਕਨੂੰਨਾਂ ਵਿੱਚ ਵੱਡੀਆਂ ਮਜ਼ਦੂਰ ਵਿਰੋਧੀ ਸੋਧਾਂ ਕੀਤੀਆਂ ਜਾ ਰਹੀਆਂ ਹਨ। ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀਆਂ ਕਾਲੀਆਂ ਨੀਤੀਆਂ ਦੀ ਗੱਡੀ ਤੇਜੀ ਨਾਲ਼ ਦੌੜਾਈ ਜਾ ਰਹੀ ਹੈ। ਆਰਥਿਕ ਮੰਦੀ ਲਗਾਤਾਰ ਵੱਧਦੀ ਜਾ ਰਹੀ ਹੈ ਜਿਸਦਾ ਬੋਝ ਮਜ਼ਦੂਰਾਂ ਉੱਤੇ ਹੀ ਸੁੱਟਿਆ ਜਾ ਰਿਹਾ ਹੈ। ਲੋਕਾਂ ਦਾ ਧਿਆਨ ਅਸਲ ਮੁੱਦੇ ਤੋਂ ਹਟਾਉਣ ਲਈ, ਲੋਕਾਂ ਦੀ ਏਕਤਾ ਤੋੜਨ ਲਈ ਜਾਤ-ਧਰਮ ਦੇ ਨਾਂ ਉੱਤੇ ਆਪਸ ਚ ਲੜਾਇਆ ਜਾ ਰਿਹਾ ਹੈ। ਅਜਿਹੇ ਹਨੇਰੇ ਦੌਰ ਵਿੱਚ ਮਈ ਦਿਵਸ ਦਾ ਇਨਕਲਾਬੀ ਵਿਰਸਾ ਮਜ਼ਦੂਰਾਂ ਨੂੰ ਇੱਕਮੁੱਠ ਹੋ ਕੇ ਜੁਝਾਰੂ ਘੋਲ਼ ਲੜਨ ਲਈ ਪ੍ਰੇਰਿਤ ਕਰ ਰਿਹਾ ਹੈ ਅਤੇ ਰਸਤਾ ਦਿਖਾ ਰਿਹਾ ਹੈ।

ਮਈ ਦਿਵਸ ਕਾਨਫਰੰਸ ਦੀ ਤਿਆਰੀ ਲਈ ਕਾਰਖਾਨਾ ਮਜ਼ਦੂਰ ਯੂਨੀਅਨ ਅਤੇ ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ ਦੇ ਸਾਥੀਆਂ ਦੀਆਂ ਟੀਮਾਂ ਨੇ ਪਿਛਲੇ ਵੀਹ ਦਿਨਾਂ ਤੋਂ ਲੁਧਿਆਣੇ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿੱਚ ਪ੍ਰਚਾਰ-ਪ੍ਰਸਾਰ ਕੀਤਾ ਸੀ। ਹਜਾਰਾਂ ਪਰਚੇ ਵੰਡੇ ਗਏ ਤੇ ਕੰਧਾਂ ਤੇ ਪੋਸਟਰ ਚਿਪਕਾਏ ਗਏ। ਥਾਂ-ਥਾਂ ਉੱਤੇ ਨੁੱਕੜ ਸਭਾਵਾਂ ਕੀਤੀਆਂ ਗਈਆਂ। ਕਾਰਖਾਨਾ ਗੇਟਾਂ ਉੱਤੇ, ਰਿਹਾਇਸ਼ੀ ਇਲਾਕਿਆਂ ਵਿੱਚ ਘਰ-ਘਰ ਜਾ ਕੇ, ਮਜ਼ਦੂਰਾਂ ਤੱਕ ਮਈ ਦਿਵਸ ਦੇ ਸ਼ਹੀਦਾਂ ਦਾ ਇਨਕਲਾਬੀ ਪੈਗਾਮ ਪਹੁੰਚਾਇਆ ਗਿਆ। ਕੁੱਝ ਥਾਵਾਂ ’ਤੇ ਦਸਤਾਵੇਜੀ ਫਿਲਮ ‘ਮਈ ਦਿਵਸ ਕੀ ਅਮਰ ਕਹਾਨੀ’ ਦੀ ਪਰਦਾਪੇਸ਼ੀ ਵੀ ਕੀਤੀ ਗਈ ਸੀ।

## ਰੰਗਿਆ ਸ਼ਹੀਦਾਂ ਦੇ ਲਹੂ ਨਾਲ ਹੈ

ਕਿਸੇ ਤਰ੍ਹਾਂ ਵੀ ਧਰਤੀ ਉੱਤੇ, ਬੰਦਾ ਕੋਈ ਗੁਲਾਮ ਰਹੇਗਾ।
ਉਦੋਂ ਤੱਕ ਹੀ ਧਰਤੀ ਉੱਤੇ, ਮੱਚਦਾ ਸਦਾ ਕੁਹਰਾਮ ਰਹੇਗਾ।
ਲਾਹੁਣ ਲਈ ਗੁਲਾਮੀ ਜੂਲਾ, ਚਲਦਾ ਸਦਾ ਸੰਗਰਾਮ ਰਹੇਗਾ।
ਕਿਰਤੀਆਂ ਦੇ ਝੰਡੇ ਦਾ ਰੰਗ, ਭਲਾ ਕਿਉਂ ਸੂਹਾ ਲਾਲ ਹੈ।
ਰੰਗਿਆ ਨੀ ਰੰਗ ਨਾਲ, ਰੰਗਿਆ ਸ਼ਹੀਦਾਂ ਦੇ ਲਹੂ ਨਾਲ ਹੈ।
ਪਿੰਡੇ ਤੋਂ ਜੋਕਾਂ ਨੂੰ ਲਾਹ ਕੇ, ਆਖਿਰ ਨੂੰ ਹੈ ਪੈਣਾ ਸੁੱਟਣਾ।
ਚੇਤਨ ਹੋਵਾਂਗੇ , ਕਿਰਤ ਲੁਟੇਰੇ ਫਿਰ ਹਟਣਗੇ ਸਾਨੂੰ ਲੁੱਟਣਾ।
ਮੰਜਲ ਵੱਲ ਅਸੀਂ ਵਧਦੇ ਜਾਈਏ, ਛੱਡੀਏ ਰਾਹ ਵਿੱਚ ਰੁਕਣਾ।
ਸਮਝ ਵਿਚਾਰਾਂ ਨੇ ਹੈ ਬਣਨਾ, ਆਖਿਰ ਨੂੰ ਸਾਡੀ ਢਾਲ ਹੈ।
ਕਿਰਤੀਆਂ ਦੇ ਝੰਡੇ ਦਾ ਰੰਗ, ਭਲਾ ਕਿਉਂ ਸੂਹਾ ਲਾਲ ਹੈ
ਰੰਗਿਆ ਨੀਂ ਰੰਗ ਨਾਲ, ਰੰਗਿਆ ਸ਼ਹੀਦਾਂ ਦੇ ਲਹੂ ਨਾਲ ਹੈ।
ਵਿੱਚ ਅਮਰੀਕਾ ਸ਼ਹਿਰ ਸ਼ਿਕਾਗੋ, ਕਿਰਤੀ ਹੱਕਾਂ ਲਈ ਲੜੇ।
ਮਾਲਕਾਂ ਦੇ ਸਨ ਪਿੱਠੂ ਜਿਹੜੇ, ਉਨ੍ਹਾਂ ਵਿੱਚ ਸੀ ਆਣ ਵੜੇ।
ਕੋਝੀਆਂ ਕਰ ਸ਼ਰਾਰਤਾਂ, ਹਾਲਾਤ ਸੀ ਉਨ੍ਹਾਂ ਐਸੇ ਘੜੇ।
ਲਾ ਬਹਾਨਾ ਪੁਲਸ ਨੇ, ਕਾਮੇ ਭੁੰਨੇ ਗੋਲੀਆਂ ਦੇ ਨਾਲ ਹੈ।
ਕਿਰਤੀਆਂ ਦੇ ਝੰਡੇ ਦਾ ਰੰਗ, ਭਲਾ ਕਿਉਂ ਸੂਹਾ ਲਾਲ ਹੈ
ਰੰਗਿਆ ਨੀ ਰੰਗ ਨਾਲ, ਰੰਗਿਆ ਸ਼ਹੀਦਾਂ ਦੇ ਲਹੂ ਨਾਲ ਹੈ।
ਕੰਮ ਮਸ਼ੀਨਾਂ ਉੱਤੇ ਕਰ ਕਰ, ਬੰਦੇ ਬਣੇ ਗਏ ਮਸ਼ੀਨਾਂ।
ਬਿੱਲ ਬੱਤੀਆਂ ਭਰਨੇ ਮੁਸ਼ਕਿਲ, ਕਰਕੇ ਕੰਮ ਮਹੀਨਾ।
ਸੁਪਰਵਾਈਜਰ ਰੋਹਬ ਛਾਂਟਦਾ, ਉਮਰ ਵੀ ਦੇਖੇ ਨਾ।
ਇੰਨੀ ਮਿਹਨਤ ਕਰ ਕਾਮੇ ਦਾ, ਅਜੇ ਵੀ ਮੰਦਾ ਹਾਲ ਹੈ।
ਕਿਰਤੀਆਂ ਦੇ ਝੰਡੇ ਦਾ ਰੰਗ, ਭਲਾ ਕਿਉਂ ਸੂਹਾ ਲਾਲ ਹੈ
ਰੰਗਿਆ ਨੀ ਰੰਗ ਨਾਲ, ਰੰਗਿਆ ਸ਼ਹੀਦਾਂ ਦੇ ਲਹੂ ਨਾਲ ਹੈ।
ਕੱਲੇ ਕਹਿਰੇ ਗੁਆਚਣ ਨਾਲੋਂ, ਬੰਨ੍ਹ ਕਾਫਲੇ ਤੁਰ ਪਓ।
ਮੰਜਿਲ ਲੱਭੀਏ ਰਲ ਕੇ ਸਾਰੇ, ਐਸਾ ਰਾਸਤਾ ਚੁਣ ਲਓ।
ਸਭ ਦੀ ਜਿੰਦਗੀ ਚੰਗੀ ਬਣ ਜਾਏ, ਐਸੀ ਬੁਣਤੀ ਬੁਣ ਲਓ।
ਅੱਟਣ ਅਸਾਡੇ ਹੱਥਾਂ ਉਤੇ, ਮਾਲਕ ਹੁੰਦੇ ਮਾਲੋ ਮਾਲ ਹੈ।
ਕਿਰਤੀਆਂ ਦੇ ਝੰਡੇ ਦਾ ਰੰਗ, ਭਲਾ ਕਿਉਂ ਸੂਹਾ ਲਾਲ ਹੈ
ਰੰਗਿਆ ਨੀ ਰੰਗ ਨਾਲ, ਰੰਗਿਆ ਸ਼ਹੀਦਾਂ ਦੇ ਲਹੂ ਨਾਲ ਹੈ।

**(ਹਰਜੀਤ ਬੇਦੀ 647-924-9087 )**

# 92 ਫੀਸਦੀ ਦਲਿਤ ਬੱਚੇ ਸਕੂਲ ਵਿਚਲੇ ਪਾਣੀ ਦੇ ਸ੍ਰੋਤ ਤੋਂ ਖੁਦ ਪਾਣੀ ਨਹੀਂ ਲੈ ਸਕਦੇ

**ਰਣਬੀਰ**

ਮਹਾਨ ਭਾਰਤ ਇੱਕੀਵੀਂ ਸਦੀ ਦਾ ਡੇਢ ਦਹਾਕਾ ਪਾਰ ਚੁੱਕਾ ਹੈ। ਪਰ ਸਦੀਆਂ ਤੋਂ ਭਾਰਤੀ ਸਮਾਜ ਦੇ ਪਿੰਡੇ ਨੂੰ ਚਿੰਬੜਿਆ ਜਾਤਪਾਤ ਦਾ ਕੋਹੜ ਅਜੇ ਵੀ ਖਹਿੜਾ ਛੱਡਣ ਦਾ ਨਾਂ ਨਹੀਂ ਲੈ ਰਿਹਾ। ਪੰਦਰਾਂ ਅਗਸਤ ਦੀ ਅਜ਼ਾਦੀ, ਛੱਬੀ ਜਨਵਰੀ ਦਾ ਗਣਤੰਤਰ ਇਸ ਨਾਮੁਰਾਦ ਬਿਮਾਰੀ ਦਾ ਇਲਾਜ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਏ ਹਨ। ਜਾਤਪਾਤ ਅਧਾਰਿਤ ਭੇਦਭਾਵ, ਜ਼ਬਰ-ਜੁਲਮ, ਅਨਿਆਂ ਸਾਡੇ ਸਮਾਜ ਦੇ ਪੋਰ-ਪੋਰ ਵਿੱਚ ਸਮੋਇਆ ਹੈ। ਇਸਨੂੰ ਸ਼ਬਦਾਂ ਵਿੱਚ ਹੂ-ਬ-ਹੂ ਬਿਆਨ ਕਰ ਸਕਣਾ ਅਸੰਭਵ ਹੈ। ਜਾਤਪਾਤ ਕਾਰਨ ਰੋਜ਼ਾਨਾ ਭਿਆਨਕ ਘਟਨਾਵਾਂ ਵਾਪਰਦੀਆਂ ਹਨ ਜਿਹੜੀਆਂ ਦਿਲ ਦਹਿਲਾ ਦਿੰਦੀਆਂ ਹਨ। ਸੋਚਣ ’ਤੇ ਮਜ਼ਬੂਰ ਕਰ ਦਿੰਦੀਆਂ ਹਨ ਕਿ ਆਖਰ ਕਦ ਤੱਕ ਜਾਤ ਪਾਤ ਦਾ ਦੈਂਤ ਕਹਿਰ ਵਰ੍ਹਾਉਂਦਾ ਰਹੇਗਾ, ਆਖਰ ਕਿਸ ਤਰ੍ਹਾਂ ਇਸ ਨੂੰ ਕਾਬੂ ਕਰਕੇ ਡੂੰਘੇ ਪਤਾਲ ਵਿੱਚ ਪਹੁੰਚਾਇਆ ਜਾਵੇਗਾ।

ਮੱਧ ਪ੍ਰਦੇਸ਼ ਦੇ ਤੇਂਦੂਖੇੜਾ ਜਿਲ੍ਹੇ ਵਿੱਚ ਖਮਰੀਆ ਕਲਾਂ ਨਾਂ ਦਾ ਇੱਕ ਪਿੰਡ ਹੈ। ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਤੀਜੀ ਜਮਾਤ ਵਿੱਚ ਪੜ੍ਹਨ ਵਾਲ਼ਾ ਅੱਠ ਸਾਲ ਦਾ ਇੱਕ ਬੱਚਾ ਜਦ ਸਕੂਲ ਦੇ ਨਲਕੇ ਤੋਂ ਪਾਣੀ ਪੀਣ ਗਿਆ ਤਾਂ ਅਧਿਆਪਕ ਨੇ ਉਸਨੂੰ ਝਾੜ ਪਾਉਂਦੇ ਹੋਏ ਰੋਕ ਦਿੱਤਾ। ਇਹ ਮਾਸੂਮ ਬੱਚਾ ਆਪਣੀ ਬੋਤਲ ਲੈ ਕੇ ਖੂਹ ’ਤੇ ਗਿਆ। ਰੱਸੀ ਨਾਲ਼ ਬੋਤਲ ਬੰਨ੍ਹ ਕੇ ਜਦ ਖੂਹ ਵਿੱਚ ਲਟਕਾਈ ਤਾਂ ਉਸਦਾ ਸਤੁੰਲਨ ਵਿਗੜ ਗਿਆ ਤੇ ਖੂਹ ਵਿੱਚ ਡਿੱਗ ਪਿਆ। ਮੌਕੇ ’ਤੇ ਹੀ ਉਸਦੀ ਮੌਤ ਹੋ ਗਈ।

ਬੱਚੇ ਦੇ ਮਾਪਿਆਂ ਦਾ ਕਹਿਣਾ ਹੈ ਕਿ ਸਕੂਲ ਵਿੱਚ ਦਲਿਤ ਬੱਚਿਆਂ ਨਾਲ਼ ਭਿਆਨਕ ਭੇਦਭਾਵ ਕੀਤਾ ਜਾਂਦਾ ਹੈ। ਬੱਚੇ ਵਾਰ-ਵਾਰ ਘਰ ਆ ਕੇ ਇਸ ਬਾਰੇ ਸ਼ਿਕਾਇਤ ਕਰਦੇ ਹਨ। ਜਾਤ-ਪਾਤੀ ਭੇਦਭਾਵ ਕਾਰਨ ਉਹ ਸਕੂਲ ਜਾਣੋਂ ਮਨ੍ਹਾਂ ਕਰ ਦਿੰਦੇ ਹਨ। ਮਾਰੇ ਗਏ ਬੱਚੇ ਦਾ ਵੱਡਾ ਭਰਾ ਵੀ ਉਸੇ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਪੜ੍ਹਦਾ ਹੈ। ਉਸਨੇ ਦੱਸਿਆ ਕਿ ਦਲਿਤ ਬੱਚਿਆਂ ਨੂੰ ਸਕੂਲ ਦੇ ਨਲਕੇ ਤੋਂ ਪਾਣੀ ਭਰਨ ਜਾਂ ਪੀਣ ਦੀ ਮਨਾਹੀ ਹੈ, ਇਸ ਲਈ ਉਹਨਾਂ ਨੂੰ ਖੂਹ ਤੋਂ ਹੀ ਪਾਣੀ ਲੈਣਾ ਪੈਂਦਾ ਹੈ। ਇਹ ਦਰਦਨਾਕ ਕਹਾਣੀ ਭਾਰਤ ਦੇ ਕਿਸੇ ਇੱਕ ਪਰਿਵਾਰ, ਕਿਸੇ ਇੱਕ ਸਕੂਲ ਜਾਂ ਕਿਸੇ ਇੱਕ ਪਿੰਡ ਦੀ ਨਹੀਂ ਹੈ। ਪਿਛਲੇ ਦਿਨੀਂ ਮੱਧ ਪ੍ਰਦੇਸ਼ ਦੇ ਪੰਜ ਪ੍ਰਮੁੱਖ ਖੇਤਰਾਂ ਬਘੇਲਖੰਡ, ਬੁੰਦੇਲਖੰਡ, ਚੰਬਲ, ਮਹਾਕੌਸ਼ਲ ਅਤੇ ਨਿਮਾੜ ਦੇ 10 ਜਿਲ੍ਹਿਆਂ ਦੇ 30 ਪਿੰਡਾਂ ਵਿੱਚ 412 ਦਲਿਤ ਪਰਿਵਾਰਾਂ ਦਾ ਸਰਵੇਖਣ ਕੀਤਾ ਹੈ। ਇਹ ਸਰਵੇਖਣ ‘ਚਾਈਲਡ ਰਾਈਟ ਆਬਜ਼ਰਵੇਟਰੀ’ ਅਤੇ ‘ਮੱਧ ਪ੍ਰਦੇਸ਼ ਦਲਿਤ ਅਭਿਆਨ ਸੰਘ’ ਵੱਲ਼ੋਂ ਕੀਤਾ ਗਿਆ ਹੈ। ਇਸ ਸਰਵੇਖਣ ਰਾਹੀਂ ਬੇਹੱਦ ਭਿਆਨਕ ਸੱਚਾਈਆਂ ਸਾਹਮਣੇ ਆਈਆਂ ਹਨ। ਸਰਵੇਖਣ ਦੇ ਨਤੀਜੇ ਇਸ ਪ੍ਰਕਾਰ ਹਨ –

-92 ਫੀਸਦੀ ਦਲਿਤ ਬੱਚੇ ਸਕੂਲ ਵਿੱਚਲੇ ਪਾਣੀ ਦੇ ਸ੍ਰੋਤ ਤੋਂ ਖੁਦ ਪਾਣੀ ਨਹੀਂ ਲੈ ਸਕਦੇ।

-88 ਫੀਸਦੀ ਬੱਚਿਆਂ ਨੇ ਕਿਹਾ ਕਿ ਮਿਡ-ਡੇ ਮੀਲ ਦੌਰਾਨ ਉਹਨਾਂ ਨੂੰ ਵੱਖਰੀ ਲਾਈਨ ਵਿੱਚ ਬਿਠਾਇਆ ਜਾਂਦਾ ਹੈ।



-57 ਫੀਸਦੀ ਦਲਿਤ ਬੱਚਿਆਂ ਦਾ ਕਹਿਣਾ ਹੈ ਕਿ ਉਹ ਸਕੂਲ ਵਿੱਚ ਤਦ ਹੀ ਪਾਣੀ ਪੀ ਸਕਦੇ ਹਨ ਜਦੋਂ ਗੈਰ ਦਲਿਤ ਬੱਚੇ ਉਹਨਾਂ ਨੂੰ ਉਪਰੋਂ ਪਾਣੀ ਪਿਆਉਂਦੇ ਹਨ।

- 28 ਫੀਸਦੀ ਦਲਿਤ ਮਾਪਿਆਂ ਦਾ ਕਹਿਣਾ ਹੈ ਕਿ ਪਿਆਸ ਲੱਗਣ ’ਤੇ ਉਹਨਾਂ ਦੇ ਬੱਚੇ ਘਰ ਆ ਕੇ ਪਾਣੀ ਪੀਂਦੇ ਹਨ।

- 15 ਫੀਸਦੀ ਬੱਚਿਆਂ ਨੂੰ ਸਕੂਲ ਵਿੱਚ ਪਿਆਸੇ ਰਹਿਣਾ ਪੈਂਦਾ ਹੈ।

- 93 ਫੀਸਦੀ ਦਲਿਤ ਬੱਚਿਆਂ ਨੇ ਦੱਸਿਆ ਕਿ ਜਮਾਤ ਵਿੱਚ ਉਹਨਾਂ ਨੂੰ ਮੂਹਰੇ ਨਹੀਂ ਬੈਠਣ ਦਿੱਤਾ ਜਾਂਦਾ। 79 ਫੀਸਦੀ ਸਭ ਤੋਂ ਪਿੱਛੇ ਬੈਠਦੇ ਹਨ ਅਤੇ 14 ਫੀਸਦੀ ਵਿਚਕਾਰਲੀਆਂ ਲਾਈਨਾਂ ਵਿੱਚ।

-88 ਫੀਸਦੀ ਦਲਿਤ ਬੱਚਿਆਂ ਨੇ ਕਿਹਾ ਕਿ ਉਹਨਾਂ ਨੂੰ ਅਧਿਆਪਕਾਂ ਵੱਲੋਂ ਭੇਦਭਾਵ ਦਾ ਸ਼ਿਕਾਰ ਹੋਣਾ ਪੈਂਦਾ ਹੈ। 42 ਫੀਸਦੀ ਦਲਿਤ ਬੱਚਿਆਂ ਨੂੰ ਅਧਿਆਪਕ ਜਾਤ ਸੂਚਕ ਸ਼ਬਦਾਂ ਨਾਲ਼ ਬੁਲਾਉਂਦੇ ਹਨ।

ਡਿਜੀਟਲ ਇੰਡੀਆ ਬਣਨ ਜਾ ਰਹੇ ਮਹਾਨ ਭਾਰਤ ਦੀ ਇੱਕੀਵੀਂ ਸਦੀ ਵਿੱਚ ਇਹ ਸ਼ਕਲ-ਸੂਰਤ ਹੈ। ਇਹ ਸ਼ਕਲ-ਸੂਰਤ ਬਦਲਣੀ ਚਾਹੀਦੀ ਹੈ ਭਾਂਵੇਂ ਕਿੰਨਾਂ ਵੀ ਲੰਮਾਂ ਤੇ ਕਰੜਾ ਸੰਘਰਸ਼ ਕਿਉਂ ਨਾ ਕਰਨਾ ਪਵੇ। ਜਾਤ ਪਾਤ ਨੂੰ ਖਤਮ ਕਰਨ ਲਈ ਢੁੱਕਵੇਂ ਰਾਹ ਖੋਜਣੇ ਪੈਣਗੇ। ਮੌਜੂਦਾ ਸਰਮਾਏਦਾਰਾ ਪ੍ਰਬੰਧ ਦੀਆਂ ਆਰਥਿਕ, ਸਮਾਜਿਕ ਤੇ ਸਿਆਸੀ ਹਾਲਤਾਂ ਅਧੀਨ ਜਾਤ-ਪਾਤ ਖਤਮ ਹੁੰਦੀ ਦਿਖਾਈ ਨਹੀਂ ਦਿੰਦੀ। ਰਾਖਵੇਂਕਰਨ ਜਿਹੇ ਜਿਹੇ ਨੀਮ-ਹਕੀਮੀ ਇਲਾਜਾਂ ਦਾ ਬੜਾ ਭੈੜਾ ਜਲੂਸ ਨਿਕਲਿਆ ਹੈ। ਵਾਰ-ਵਾਰ ਇਸ ਗੱਲ ਦੀ ਪੁਸ਼ਟੀ ਹੋ ਚੁੱਕੀ ਹੈ ਕਿ ਜਾਤਪਾਤ ਵਿਰੋਧੀ ਕਨੂੰਨਾਂ, ਸੰਵਿਧਾਨਕ ਅਜ਼ਾਦੀਆਂ ਨੇ ਜਾਤ ਪਾਤ ਨੂੰ ਖਤਮ ਨਹੀਂ ਕਰ ਸਕਣਾ। ਜਾਤ ਪਾਤ ਨੂੰ ਖਤਮ ਕਰਨ ਲਈ ਇਸ ਤੋਂ ਅਗਾਂਹ ਸੋਚਣਾ ਪਏਗਾ। ਇਸਤੋਂ ਵੱਖਰਾ ਇੱਕ ਢੁਕਵਾਂ ਇਨਕਲਾਬੀ ਰਾਹ ਅਪਣਾਉਣਾ ਪਏਗਾ।

# ਅਦਾਲਤੀ ਫ਼ੈਸਲੇ ਅਤੇ ਪ੍ਰਾਈਵੇਟ ਸਕੂਲਾਂ ਦੀਆਂ ਆਪਹੁਦਰੀਆਂ



ਗੁਰਮੀਤ ਸਿੰਘ ਪਲਾਹੀ


ਇਨ੍ਹੀਂ ਦਿਨੀਂ ਪੰਜਾਬ ਦੀਆਂ ਕੁਝ ਰਾਜਨੀਤਕ ਪਾਰਟੀਆਂ ਆਉਂਦੀਆਂ 2017 ਦੀਆਂ ਚੋਣਾਂ ਜਿੱਤਣ ਲਈ ਹੁਣੇ ਤੋਂ ਹਾਲੋਂ-ਬੇਹਾਲ ਹੋਈਆਂ ਪਈਆਂ ਹਨ ਅਤੇ ਓਧਰ ਵਿਦਿਆਰਥੀਆਂ ਦੇ ਮਾਪੇ ਪ੍ਰਾਈਵੇਟ ਸਕੂਲਾਂ ਵੱਲੋਂ ਧੱਕੇ ਨਾਲ ਉਗਰਾਹੀਆਂ ਜਾ ਰਹੀਆਂ ਵੱਡੀਆਂ ਫੀਸਾਂ ਤੇ ਸਾਲਾਨਾ ਫ਼ੰਡਾਂ ਕਾਰਨ ਅੱਧਮੋਏ ਹੋਏ ਪਏ ਹਨ। ਕੁਝ ਥਾਂਈਂ ਮਾਪੇ ਇਸ ਲੁੱਟ ਨੂੰ ਬੰਦ ਕਰਵਾਉਣ ਲਈ ਸਰਕਾਰੇ-ਦਰਬਾਰੇ ਪਹੁੰਚ ਕਰ ਰਹੇ ਹਨ ਤੇ ਕੁਝ ਥਾਂਈਂ ਇਸ ਲੁੱਟ ਦੇ ਵਿਰੁੱਧ ਮਾਪੇ ਸੜਕਾਂ 'ਤੇ ਰੋਸ ਪ੍ਰਗਟ ਕਰਨ ਲਈ ਨਿੱਤਰੇ ਹੋਏ ਹਨ। ਸੱਚਾਈ ਇਹ ਹੈ ਕਿ ਖ਼ਾਸ ਕਰ ਕੇ ਮੱਧ-ਵਰਗੀ ਪਰਵਾਰ, ਜਿਹੜੇ ਆਪਣੇ ਬੱਚੇ ਨੂੰ ਚੰਗੇ ਤੋਂ ਚੰਗੇ ਸਕੂਲ ਵਿੱਚ ਚੰਗੇਰੀ ਸਿੱਖਿਆ ਦੁਆ ਕੇ ਉਨ੍ਹਾਂ ਦਾ ਭਵਿੱਖ ਸੁਆਰਨਾ ਚਾਹੁੰਦੇ ਹਨ, ਇਸ ਲੁੱਟ-ਖਸੁੱਟ ਦੇ ਵੱਡੇ ਸ਼ਿਕਾਰ ਹੋ ਰਹੇ ਹਨ। ਸਿੱਖਿਆ ਦੇ ਇਹ ਮੰਦਰ ਸਿੱਖਿਆ ਅਦਾਰੇ ਨਾ ਰਹਿ ਕੇ ਗਲੈਮਰ ਦੀ ਦੁਨੀਆ ਦੇ ਮਹਿਲਾਂ ਵਰਗੇ ਉਹ ਸਥਾਨ ਬਣ ਚੁੱਕੇ ਨਜ਼ਰ ਆ ਰਹੇ ਹਨ, ਜਿਨ੍ਹਾਂ ਦਾ ਮਕਸਦ ਸਿੱਖਿਆ ਦੇਣਾ ਨਹੀਂ, ਵਪਾਰ ਕਰਨਾ ਬਣ ਗਿਆ ਹੈ। ਸਿੱਖਿਆ ਦਾ ਇਹ ਵਪਾਰੀਕਰਨ ਸਾਡੇ ਸਮਾਜ ਨੂੰ ਕਿਸ ਦਿਸ਼ਾ ਵੱਲ ਧੱਕ ਰਿਹਾ ਹੈ, ਇਹ ਇੱਕ ਵੱਡਾ ਸਵਾਲ ਹੈ, ਜਿਸ ਦਾ ਹੱਲ ਕਰਨਾ ਕੀ ਸਮੇਂ ਦੀ ਲੋੜ ਨਹੀਂ?

ਪ੍ਰਾਈਵੇਟ, ਨਿੱਜੀ ਗ਼ੈਰ-ਸਹਾਇਤਾ ਪ੍ਰਾਪਤ ਸਕੂਲਾਂ ਵੱਲੋਂ ਕੀਤੀਆਂ ਜਾ ਰਹੀਆਂ ਮਨਮਾਨੀਆਂ ਨੂੰ ਜਦੋਂ ਸਰਕਾਰੀ ਤੌਰ 'ਤੇ ਕੋਈ ਰੋਕ ਨਾ ਲਾਈ ਗਈ ਤਾਂ ਫੀਸਾਂ ਦੇ ਆਪ-ਹੁਦਰੇ ਵਾਧੇ, ਕੈਪੀਟੇਸ਼ਨ ਫੀਸ, ਸਾਲਾਨਾ ਫ਼ੰਡਾਂ ਅਤੇ ਇਸ ਨਾਲ ਸੰਬੰਧਤ ਹੋਰ ਮਾਮਲਿਆਂ ਦਾ ਹੱਲ ਕਰਾਉਣ ਲਈ ਮਾਣਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਸਿਵਲ ਰਿਟ ਪਟੀਸ਼ਨਾਂ, ਜਿਨ੍ਹਾਂ ਦਾ ਨੰਬਰ 20545 ਸਾਲ 2009, ਸਿਵਲ ਰਿੱਟ ਪਟੀਸ਼ਨ 3834 ਆਫ਼ 2010, ਸਿਵਲ ਰਿੱਟ ਪਟੀਸ਼ਨ 5587 ਆਫ਼ 2010 ਸਨ, ਲੋਕ ਹਿੱਤੂ ਸੰਸਥਾਵਾਂ ਨੇ ਦਾਇਰ ਕੀਤੀਆਂ, ਜਿਨ੍ਹਾਂ ਦਾ ਫ਼ੈਸਲਾ ਮਾਣਯੋਗ ਅਦਾਲਤ ਨੇ 9 ਅਪ੍ਰੈਲ 2013 ਨੂੰ ਸੁਣਾਇਆ ਸੀ। ਅਦਾਲਤ ਨੇ ਫ਼ੈਸਲੇ 'ਚ ਕਿਹਾ ਕਿ ਬਹੁਤੇ ਸਕੂਲਾਂ 'ਚ ਅਧਿਆਪਕਾਂ ਤੇ ਹੋਰ ਸਟਾਫ ਨੂੰ ਨਿਰਧਾਰਤ ਸਰਕਾਰੀ ਨਿਯਮਾਂ ਅਨੁਸਾਰ ਤਨਖ਼ਾਹ ਮਿਲਦੀ ਹੈ, ਪਰ ਕੁਝ ਸਕੂਲ ਇਹੋ ਜਿਹੇ ਹਨ, ਜਿਹੜੇ ਨਿਯਮ ਭੰਗ ਕਰਦੇ ਹਨ ਅਤੇ ਨਿਯਮਾਂ ਅਨੁਸਾਰ ਪੂਰੀਆਂ ਤਨਖ਼ਾਹਾਂ ਨਹੀਂ ਦਿੰਦੇ। ਇਹ ਸੰਭਵ ਹੈ ਕਿ ਕੁਝ ਸਕੂਲ ਸਰਕਾਰੀ ਨਿਯਮਾਂ ਅਨੁਸਾਰ ਕਾਗ਼ਜ਼ਾਂ ਵਿੱਚ ਤਨਖ਼ਾਹਾਂ ਦਿੱਤੀਆਂ ਵਿਖਾ ਦਿੰਦੇ ਹਨ ਅਤੇ ਅਸਲ 'ਚ ਘੱਟ ਤਨਖ਼ਾਹਾਂ ਦਿੰਦੇ ਹਨ। ਅਦਾਲਤ ਨੇ ਇਸ ਬੇਨਿਯਮੀ ਨੂੰ ਚੈੱਕ ਕਰਨ ਲਈ ਕੋਈ ਮੈਕੇਨਿਜ਼ਮ ਬਣਾਉਣ ਲਈ ਕਿਹਾ।

ਅਦਾਲਤ ਨੇ ਨੋਟ ਕੀਤਾ ਕਿ ਬਿਨਾਂ ਸ਼ੱਕ ਐੱਨ ਸੀ ਈ ਆਰ ਟੀ ਦੀਆਂ ਉਪਲੱਬਧ ਪੁਸਤਕਾਂ ਸਕੂਲਾਂ 'ਚ ਲਗਾਈਆਂ ਜਾਣ, ਪਰ ਕੋਈ ਵੀ ਕਨੂੰਨ ਜਾਂ ਨਿਯਮ ਨਹੀਂ ਕਿ ਸਕੂਲਾਂ 'ਚ ਐੱਨ ਸੀ ਈ ਆਰ ਟੀ ਦੀਆਂ ਪੁਸਤਕਾਂ ਹੀ ਵਿਦਿਆਰਥੀਆਂ ਨੂੰ ਪੜ੍ਹਨ ਲਈ ਲਗਾਈਆਂ ਜਾਣ। ਮਾਣਯੋਗ ਅਦਾਲਤ ਨੇ ਇਹ ਹੱਕ ਸਰਕਾਰੀ ਅਧਿਕਾਰੀਆਂ ਦੇ ਦੇਖਣ ਲਈ ਛੱਡ ਦਿੱਤਾ ਕਿ ਉਹ ਗਹਿਰਾਈ ਤੱਕ ਜਾਣ ਅਤੇ ਫ਼ੈਸਲਾ ਕਰਨ ਕਿ ਕੀ ਐੱਨ ਸੀ ਈ ਆਰ ਟੀ ਜਾਂ ਬੋਰਡ ਦੀਆਂ ਪੁਸਤਕਾਂ ਹੀ ਪ੍ਰਾਈਵੇਟ ਸਕੂਲਾਂ ਲਈ ਜ਼ਰੂਰੀ ਹਨ ਜਾਂ ਨਹੀਂ? ਉਹ ਇਹ ਵੀ ਵੇਖਣ ਕਿ ਕੀ ਕੋਈ ਮੈਕੇਨਿਜ਼ਮ ਸਾਰਥਕ ਹੋ ਸਕਦਾ ਹੈ ਕਿ ਪ੍ਰਾਈਵੇਟ ਪਬਲਿਸ਼ਰਾਂ ਦੀਆਂ ਇਨ੍ਹਾਂ ਸਕੂਲਾਂ 'ਚ ਲਗਾਈਆਂ ਪੁਸਤਕਾਂ ਦੀਆਂ ਕੀਮਤਾਂ ਫਿਕਸ ਕੀਤੀਆਂ ਜਾ ਸਕਣ?

ਮਾਣਯੋਗ ਅਦਾਲਤ ਨੇ ਨੋਟ ਕੀਤਾ ਕਿ ਭਾਰਤ ਦੀ ਸੁਪਰੀਮ ਕੋਰਟ ਟੀ ਐੱਮ ਏ ਪਾਈ ਫਾਊਂਡੇਸ਼ਨ ਅਤੇ ਇਸਲਾਮਿਕ ਅਕਾਡਮੀ ਆਫ਼ ਐਜੂਕੇਸ਼ਨ (ਸੁਪਰਾ) ਸੰਬੰਧੀ ਕੀਤੇ ਫ਼ੈਸਲੇ ਨੂੰ ਧਿਆਨ 'ਚ ਰੱਖਦਿਆਂ ਕਿਹਾ ਸੀ ਕਿ ਕੋਈ ਵੀ ਸਖ਼ਤ ਫੀਸ ਸਟਰਕਚਰ ਨਹੀਂ ਹੋ ਸਕਦਾ ਅਤੇ ਹਰ ਅਦਾਰੇ ਨੂੰ ਆਪਣਾ ਫੀਸ ਸਟਰਕਚਰ ਬਣਾਉਣ ਦੀ ਖੁੱਲ੍ਹ ਹੈ। ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਉਸ ਨੇ ਆਪਣੇ ਅਦਾਰੇ ਨੂੰ ਚਲਾਉਣ ਲਈ ਫ਼ੰਡ ਇਕੱਠੇ ਕਰਨੇ ਹਨ ਅਤੇ ਵਿਦਿਆਰਥੀਆਂ ਦੇ ਭਲੇ ਲਈ ਲੋੜੀਂਦੀਆਂ ਸਹੂਲਤਾਂ ਦੇਣੀਆਂ ਹਨ। ਇਸ ਕਾਰਜ ਵਿੱਚ ਇਹੋ ਜਿਹੇ ਅਦਾਰਿਆਂ ਨੂੰ ਵਾਧੂ ਫ਼ੰਡ ਇਕੱਠੇ ਕਰਨ ਦੀ ਵੀ ਸ਼ਕਤੀ ਹਾਸਲ ਹੈ, ਪਰ ਇਹ ਵਿੱਦਿਅਕ ਅਦਾਰੇ ਦੇ ਵਾਧੇ ਅਤੇ ਭਲੇ ਲਈ ਵਰਤੇ ਜਾਣਗੇ। ਇਹ ਧਿਆਨ ਰਹੇ ਕਿ ਇਹ ਲਾਭ ਵਾਧਾ ਕਿਸੇ ਹੋਰ ਵਰਤੋਂ ਜਾਂ ਆਸ਼ੇ ਲਈ ਜਾਂ ਨਿੱਜੀ ਲਾਭ ਜਾਂ ਵਪਾਰਕ ਕਾਰੋਬਾਰ ਲਈ ਨਹੀਂ ਵਰਤਿਆ ਜਾਵੇਗਾ। ਇੰਜ ਅਦਾਰਿਆਂ ਦੀਆਂ ਫੀਸਾਂ ਰੈਗੂਲੇਟ ਨਹੀਂ ਹੋ ਸਕਦੀਆਂ, ਪਰ ਕੈਪੀਟੇਸ਼ਨ ਫੀਸ ਅਤੇ ਸਿਰਫ਼ ਲਾਭ ਦੀ ਮਨਾਹੀ ਹੈ। ਅਦਾਲਤ ਨੇ ਫੀਸ ਸਟਰਕਚਰ ਨੀਯਤ ਕਰਨ ਸਮੇਂ ਹੇਠ ਲਿਖੀਆਂ ਮੱਦਾਂ ਧਿਆਨ 'ਚ ਰੱਖਣ ਲਈ ਕਿਹਾ:

* ਅਦਾਰੇ ਦਾ ਬੁਨਿਆਦੀ ਢਾਂਚਾ ਤੇ ਸਹੂਲਤਾਂ ਕਿਹੋ ਜਿਹੀਆਂ ਹਨ?




* ਕਿੰਨਾ ਧਨ ਅਦਾਰੇ 'ਤੇ ਲਗਾਇਆ ਗਿਆ ਅਤੇ ਸਟਾਫ ਤੇ ਟੀਚਰਾਂ ਨੂੰ ਦਿੱਤੀਆਂ ਤਨਖ਼ਾਹਾਂ?

* ਅਦਾਰੇ ਦੇ ਪਾਸਾਰ ਦੀਆਂ ਭਵਿੱਖੀ ਯੋਜਨਾਵਾਂ ਅਤੇ ਜਾਂ ਅਦਾਰੇ ਦੀ ਭਲਾਈ ਲਈ ਕਦਮ ਦੋ ਮਨਾਹੀਆਂ ਤਹਿਤ ਕਿ ਸਿਰਫ਼ ਲਾਭ ਲੈਣਾ ਅਤੇ ਕੈਪੀਟੇਸ਼ਨ ਫੀਸ ਚਾਰਜ ਕਰਨਾ।

ਮਾਣਯੋਗ ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਭਾਰਤ ਦੀ ਸੁਪਰੀਮ ਕੋਰਟ ਵੱਲੋਂ ਖ਼ਾਸ ਤੌਰ 'ਤੇ ਨਿਰਧਾਰਤ ਇਸ ਮੁੱਢਲੇ ਸਿਧਾਂਤ ਨੂੰ ਧਿਆਨ 'ਚ ਰੱਖ ਕੇ, ਕਿ ਸਕੂਲ ਲਾਭ ਲੈਣ ਦੇ ਕੰਮ 'ਚ ਲਿਪਤ ਨਹੀਂ ਹੋਣਗੇ ਅਤੇ ਕੈਪੀਟੇਸ਼ਨ ਫੀਸ ਚਾਰਜ ਨਹੀਂ ਕਰਨਗੇ, ਅਧੀਨ ਕੀਤੇ ਦਿਸ਼ਾ-ਨਿਰਦੇਸ਼ ਨੂੰ ਧਿਆਨ 'ਚ ਰੱਖਿਆ ਹੈ। ਅਦਾਲਤ ਨੇ ਇਹ ਯਕੀਨੀ ਬਣਾਉਣ ਲਈ ਵੀ ਕਿਹਾ ਕਿ ਸਕੂਲ ਵੱਲੋਂ ਇਕੱਤਰ ਕੀਤੇ ਫ਼ੰਡਾਂ ਨੂੰ ਉਸ ਸਕੂਲ ਨੂੰ ਚਲਾਉਣ ਵਾਲੀ ਸੁਸਾਇਟੀ ਦੇ ਫ਼ੰਡਾਂ 'ਚ ਤਬਦੀਲ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਕਿਹਾ ਕਿ ਗ਼ੈਰ-ਮਾਨਤਾ ਪ੍ਰਾਪਤ ਪ੍ਰਾਈਵੇਟ ਸਕੂਲ ਵਿਕਾਸ ਫ਼ੰਡ ਅਕਾਊਂਟ ਬਣਾ ਸਕਦੇ ਹਨ। ਵਿਦਿਆਰਥੀ ਤੋਂ ਇਸ ਮੰਤਵ ਲਈ, ਵਿਦਿਆਰਥੀਆਂ ਵੱਲੋਂ ਦਿੱਤੀ ਜਾ ਰਹੀ ਕੁੱਲ ਸਾਲਾਨਾ ਟਿਊਸ਼ਨ ਫੀਸ ਦੇ 50 ਫ਼ੀਸਦੀ ਤੋਂ ਵੱਧ ਇਕੱਠਾ ਨਹੀਂ ਕਰ ਸਕਦੇ।

ਪੰਜਾਬ ਸਰਕਾਰ ਵੱਲੋਂ ਕਾਫ਼ੀ ਸਮੇਂ ਤੋਂ ਨਿੱਜੀ ਸਕੂਲਾਂ ਵੱਲੋਂ ਵਸੂਲੀ ਜਾਂਦੀ ਫ਼ੀਸ ਅਤੇ ਹੋਰ ਬੇਲੋੜੇ ਖ਼ਰਚਿਆਂ ਨੂੰ ਠੱਲ੍ਹ ਪਾਉਣ ਲਈ ਰੈਗੂਲੇਟਰੀ ਅਥਾਰਟੀ ਬਣਾਉਣ ਦੀ ਗੱਲ ਕੀਤੀ ਜਾ ਰਹੀ ਹੈ, ਪਰ ਲੰਮਾ ਸਮਾਂ ਬੀਤਣ ਦੇ ਬਾਅਦ ਵੀ ਕੋਈ ਫ਼ੈਸਲਾ ਨਹੀਂ ਲਿਆ ਗਿਆ। ਉਂਜ ਪ੍ਰਾਈਵੇਟ ਸਕੂਲਾਂ ਵਿੱਚ ਮਨਮਰਜ਼ੀ ਦੀਆਂ ਫ਼ੀਸਾਂ ਅਤੇ ਦਾਖ਼ਲੇ ਲੈਣ ਦੇ ਮਾਮਲੇ ਨੂੰ ਲੈ ਕੇ ਕੋਈ ਵੀ ਸ਼ਿਕਾਇਤ ਕਰਤਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਬਣਾਈ ਕਮੇਟੀ ਕੋਲ ਸ਼ਿਕਾਇਤ ਦਰਜ ਕਰਵਾ ਸਕਦਾ ਹੈ।

ਇਸ ਸਭ ਕੁਝ ਦੇ ਬਾਵਜੂਦ ਪ੍ਰਾਈਵੇਟ ਗ਼ੈਰ-ਸਹਾਇਤਾ ਪ੍ਰਾਪਤ ਸਕੂਲਾਂ ਵੱਲੋਂ ਵਿਦਿਆਰਥੀਆਂ ਤੋਂ ਵੱਡੀਆਂ ਫੀਸਾਂ ਲਈਆਂ ਜਾ ਰਹੀਆਂ ਹਨ। ਚੋਰ ਦਰਵਾਜ਼ਿਆਂ ਰਾਹੀਂ ਪ੍ਰਾਈਵੇਟ ਪਬਲਿਸ਼ਰਾਂ ਨਾਲ ਮਿਲੀ-ਭੁਗਤ ਕਰ ਕੇ ਪੁਸਤਕਾਂ ਦੀਆਂ ਵੱਡੀਆਂ ਕੀਮਤਾਂ ਰੱਖ ਕੇ ਵਿਦਿਆਰਥੀਆਂ ਦੀ ਲੁੱਟ ਜਾਰੀ ਹੈ। ਵਿਦਿਆਰਥੀਆਂ ਤੋਂ ਬੱਸਾਂ ਦੇ ਸਫ਼ਰ ਲਈ ਕਿਰਾਇਆ ਤੇ ਕਿਰਾਏ 'ਚ ਵਾਧਾ ਕਿਸੇ ਅਸੂਲ ਨਾਲ ਨਹੀਂ, ਲਾਭ ਕਮਾਉਣ ਹਿੱਤ ਵਧਾਇਆ ਜਾ ਰਿਹਾ ਹੈ। ਵਿੱਦਿਅਕ ਟੂਰ ਲਗਾਉਣ ਦੇ ਨਾਮ ਉੱਤੇ, ਸਕੂਟਰ, ਸਾਈਕਲ, ਵਹੀਕਲ ਪਾਰਕਿੰਗ ਦੇ ਨਾਮ ਉੱਤੇ, ਏ ਸੀ, ਕਲੂਰਾਂ ਦੀ ਸੁਵਿਧਾ ਦੇਣ ਦੇ ਨਾਮ ਉੱਤੇ, ਬਿਨਾਂ ਵਜ੍ਹਾ ਜੁਰਮਾਨੇ ਲਗਾ ਕੇ, ਜਿਨ੍ਹਾਂ ਵਿੱਚ ਪੰਜਾਬ ਦੇ ਕਈ ਪਬਲਿਕ ਸਕੂਲਾਂ ਵਿੱਚ ਮਾਂ-ਬੋਲੀ ਪੰਜਾਬੀ ਬੋਲਣ ਲਈ ਜੁਰਮਾਨਾ ਵਸੂਲ ਕੇ ਜਿੱਥੇ ਪੈਸੇ ਅਟੇਰੇ ਜਾ ਰਹੇ ਹਨ, ਓਥੇ ਵਿਦਿਆਰਥੀਆਂ ਨੂੰ ਆਪਣੀ ਬੋਲੀ ਬੋਲਣ 'ਤੇ ਸ਼ਰਮਿੰਦਾ ਕੀਤਾ ਜਾ ਰਿਹਾ ਹੈ। ਟਾਈਆਂ, ਬੈਜ, ਬੈਲਟਾਂ, ਸੁੰਦਰ ਵਰਦੀਆਂ ਵਾਲੇ ਇਹ ਪਬਲਿਕ ਸਕੂਲ ਵਿਦਿਆਰਥੀਆਂ ਦੇ ਸਰਬ-ਪੱਖੀ ਮਾਨਸਿਕ ਤੇ ਸਰੀਰਕ ਵਿਕਾਸ ਕਰਨ ਵਾਲੇ ਅਦਾਰਿਆਂ ਵਜੋਂ ਨਹੀਂ, ਸਗੋਂ ਟਿਊਸ਼ਨ ਕਲਚਰ ਨੂੰ ਉਤਸ਼ਾਹਿਤ ਕਰਨ ਵਾਲੇ ਸੈਂਟਰਾਂ ਵਜੋਂ ਜਾਣੇ ਜਾਣ ਲੱਗੇ ਹਨ। ਬਹੁਤ ਸਾਰੇ ਪਬਲਿਕ ਸਕੂਲਾਂ ਦੇ ਕੈਂਪਸ ਅੰਦਰ ਅਤੇ ਲਾਗੇ-ਚਾਗੇ ਟਿਊਸ਼ਨ ਕਾਰੋਬਾਰ ਚਰਮ-ਸੀਮਾ ਉੱਤੇ ਪੁੱਜਿਆ ਹੋਇਆ ਨਜ਼ਰ ਆਉਂਦਾ ਹੈ, ਜਿੱਥੇ ਸਕੂਲ ਪ੍ਰਬੰਧਕ ਵਿਸ਼ੇਸ਼ ਗਰੁੱਪਾਂ ਦੇ ਨਾਮ ਉੱਤੇ ਅਤੇ ਕਮਜ਼ੋਰ ਵਿਦਿਆਰਥੀਆਂ ਨੂੰ ਐਕਸਟਰਾ ਕਲਾਸਾਂ ਦੇਣ ਦੇ ਨਾਮ ਉੱਤੇ ਧਨ ਇੱਕਠਾ ਕਰ ਕੇ ਕੁਝ ਰਕਮ ਅਧਿਆਪਕਾਂ ਨੂੰ ਅਤੇ ਬਾਕੀ ਆਪਣੀ ਜੇਬ ਵਿੱਚ ਰੱਖਦੇ ਹਨ।

ਇਹਨਾਂ ਸਕੂਲਾਂ ਦੀ ਧਨ ਇਕੱਠਾ ਕਰਨ ਦੀ ਦੌੜ ਤਾਂ ਏਥੋਂ ਤੱਕ ਵਧ ਚੁੱਕੀ ਹੈ ਕਿ ਪਿਛਲੇ ਦਿਨੀਂ ਪੰਜਾਬ ਦੇ ਇੱਕ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਲੰਮਾ ਸਮਾਂ ਇਸ ਕਰ ਕੇ ਡੱਕੀ ਰੱਖਿਆ ਗਿਆ ਕਿ ਉਨ੍ਹਾਂ ਨੇ ਨੀਯਤ ਮਿਤੀ ਤੱਕ ਵਧੀ ਹੋਈ ਫ਼ੀਸ ਸਕੂਲ ਵਿੱਚ ਜਮ੍ਹਾਂ ਨਹੀਂ ਸੀ ਕਰਵਾਈ। ਤੇ ਕਈ ਵਾਰ ਫ਼ੀਸ ਕੁਝ ਜ਼ਿਆਦਾ ਲੇਟ ਹੋ ਜਾਣ ਕਰ ਕੇ ਹਜ਼ਾਰ-ਹਜ਼ਾਰ ਰੁਪਏ ਤੱਕ ਜੁਰਮਾਨਾ ਜਬਰੀ ਵਸੂਲਿਆ ਜਾਂਦਾ ਹੈ। ਉਂਜ ਵੀ ਕਈ ਵੱਡੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮਾਨਸਿਕ ਪ੍ਰੇਸ਼ਾਨੀ ਦੇ ਨਾਲ-ਨਾਲ ਸਕੂਲ ਦਾ ਹੋਮ ਵਰਕ ਨਾ ਕਰਨ ਜਾਂ ਭੋਲੇ-ਭਾ ਸ਼ਰਾਰਤ ਕਰਨ ਕਰ ਕੇ ਮਾਰ-ਕੁਟਾਈ ਵੀ ਕੀਤੀ ਜਾਂਦੀ ਹੈ ਤੇ ਕਈ ਵਾਰ ਵਿਦਿਆਰਥੀਆਂ ਦੀਆਂ ਪਿੱਠਾਂ ਉੱਤੇ ਧਮੁੱਕ ਤੱਕ ਜੜ ਦਿੱਤੇ ਜਾਂਦੇ ਹਨ, ਜੋ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਦਾ ਨੁਕਸਾਨ ਕਰ ਕੇ ਉਨ੍ਹਾਂ ਨੂੰ ਸਾਰੀ ਉਮਰ ਲਈ ਅਪੰਗ ਬਣਾ ਸਕਦੇ ਹਨ। ਬਹੁਤੇ ਮਾਪੇ ਇਸ ਕਰ ਕੇ ਇਸ ਸਜ਼ਾ ਨੂੰ ਸਹਿਣ ਕਰ ਜਾਂਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਦਾ ਪੜ੍ਹਾਈ ਪੱਖੋਂ ਕੋਈ ਨੁਕਸਾਨ ਨਾ ਹੋ ਜਾਵੇ। ਕੀ ਇਹ ਸਿੱਖਿਆਂ ਦੇ ਨਿਯਮਾਂ, ਨੇਮਾਂ, ਉਦੇਸ਼ਾਂ ਦੀ ਸਿੱਧੀ ਉਲੰਘਣਾ ਨਹੀਂ?

ਇਹਨਾਂ ਸਭ ਬੇਨੇਮੀਆਂ ਦੇ ਬਾਵਜੂਦ ਇਹ ਸਕੂਲ ਹਰ ਪ੍ਰਕਾਰ ਦੀਆਂ ਮਨਮਾਨੀਆਂ ਕਰਦੇ ਹਨ, ਕਿਉਂਕਿ ਬਹੁਤੇ ਪਬਲਿਕ, ਮਾਡਲ, ਐਸੋਸੀਏਟਿਡ ਸਕੂਲਾਂ ਦੀਆਂ ਰਜਿਸਟਰਡ ਪ੍ਰਬੰਧਕ ਕਮੇਟੀਆਂ ਉੱਤੇ ਕੁਝ ਪ੍ਰਭਾਵਸ਼ਾਲੀ ਲੋਕਾਂ ਦਾ ਕਬਜ਼ਾ ਹੈ, ਜੋ ਸਕੂਲਾਂ ਦੇ ਸਟਾਫ਼, ਵਿਦਿਆਰਥੀਆਂ ਨੂੰ ਆਪਣੇ ਹਿੱਤ ਅਤੇ ਨਾਮ ਚਮਕਾਉਣ ਲਈ ਵਰਤਦੇ ਹਨ। ਉਹ ਸਾਲਾਂ-ਬੱਧੀ ਇਨ੍ਹਾਂ ਸੰਸਥਾਵਾਂ ਉਤੇ ਪ੍ਰਧਾਨ, ਮੁੱਖ ਅਹੁਦੇਦਾਰ ਬਣ ਕੇ ਕਾਬਜ਼ ਹਨ ਅਤੇ ਸਿੱਖਿਆ ਜਿਹੇ ਭਲੇ ਦੇ ਕੰਮ ਨੂੰ ਵਪਾਰਕ ਅਦਾਰਿਆਂ ਵਜੋਂ ਚਲਾ ਕੇ ਆਲੀਸ਼ਾਨ ਕੋਠੀਆਂ, ਕਾਰਾਂ ਦੇ ਮਾਲਕ ਬਣੇ ਬੈਠੇ ਹਨ। ਉਹਨਾਂ ਵੱਲੋਂ ਨਾ ਇਹਨਾਂ ਸੰਸਥਾਵਾਂ ਦੀਆਂ ਨਿਯਮਤ ਚੋਣਾਂ ਕਰਵਾਈਆਂ ਜਾ ਰਹੀਆਂ ਹਨ , ਨਾ ਬਾਕੀ ਮੈਂਬਰਾਂ ਨੂੰ ਕਿਸੇ ਕੰਮ ਨੂੰ ਕਰਨ ਲੱਗਿਆਂ ਭਰੋਸੇ 'ਚ ਲਿਆ ਜਾਂਦਾ ਹੈ। ਕਈ ਵੇਰ ਤਾਂ ਇਨ੍ਹਾਂ ਸੰਸਥਾਵਾਂ ਦੇ ਕਾਰਵਾਈ ਰਜਿਸਟਰਾਂ ਉੱਤੇ ਜ਼ਰੂਰੀ ਕਾਰਵਾਈਆਂ ਘਰੋ-ਘਰੀ ਜਾ ਕੇ ਹੱਥੋ-ਹੱਥੀ ਕਰਵਾ ਲਈਆਂ ਜਾਂਦੀਆਂ ਹਨ, ਐਗਜ਼ੈਕਟਿਵ ਕਮੇਟੀਆਂ ਜਾਂ ਜਨਰਲ ਹਾਊਸ ਕਦੇ ਸੱਦੇ ਹੀ ਨਹੀਂ ਜਾਂਦੇ।

ਇਨ੍ਹਾਂ ਸਕੂਲਾਂ ਦੀਆਂ ਬਹੁਤੀਆਂ ਪ੍ਰਬੰਧਕ ਕਮੇਟੀਆਂ ਕੁਝ ਪਰਵਾਰਾਂ ਵੱਲੋਂ ਆਪਣੇ ਪਰਵਾਰਕ ਮੈਂਬਰਾਂ ਤੇ ਦੋਸਤਾਂ-ਮਿੱਤਰਾਂ ਨੂੰ ਮੈਂਬਰ ਬਣਾ ਕੇ ਸਿੱਖਿਆ ਦੇ ਅਦਾਰੇ ਸਿਰਫ਼ ਲਾਭ ਕਮਾਉਣ ਜਾਂ ਆਪਣੇ ਪਰਵਾਰਕ ਮੈਂਬਰਾਂ ਲਈ ਰੁਜ਼ਗਾਰ ਪ੍ਰਾਪਤੀ ਲਈ ਖੋਲ੍ਹੇ ਹੋਏ ਹਨ, ਜਿਨ੍ਹਾਂ ਵਿੱਚੋਂ ਕਈ ਚੈਰੀਟੇਬਲ, ਲੋਕ ਭਲਾਈ ਸੰਸਥਾਵਾਂ ਅਧੀਨ ਆਮਦਨ ਕਰ ਵਿਭਾਗ ਤੋਂ ਛੋਟਾਂ ਅਤੇ ਸਰਕਾਰ ਤੋਂ ਕਈ ਗ੍ਰਾਂਟਾਂ ਪ੍ਰਾਪਤ ਕਰ ਕੇ ਲੋਕਾਂ ਦੇ ਟੈਕਸਾਂ ਦੇ ਧਨ ਦੀ ਦੁਰਵਰਤੋਂ ਕਰਦੇ ਹਨ। ਇਸ ਦੇ ਬਾਵਜੂਦ ਉਹ 'ਸਮਾਜ ਸੇਵਕ' ਹੋਣ ਦਾ ਫੱਟਾ ਲਾ ਕੇ ਸਰਕਾਰੀ ਮਸ਼ੀਨਰੀ, ਅਫ਼ਸਰਾਂ, ਨੇਤਾਵਾਂ ਦੇ ਸਾਹਮਣੇ ਆਪਣੇ ਉੱਚੇ-ਸੁੱਚੇ ਕਿਰਦਾਰ ਦੀਆਂ ਡੀਂਗਾਂ ਮਾਰਨੋਂ ਦਰੇਗ ਨਹੀਂ ਕਰਦੇ।

ਅਸਲ ਵਿੱਚ ਪੰਜਾਬ 'ਚ ਸਿੱਖਿਆ ਦਾ ਤਾਣਾ-ਬਾਣਾ ਨਿਰਾ-ਪੁਰਾ ਉਲਟਾ-ਪੁਲਟਾ ਹੋਇਆ ਨਜ਼ਰ ਆ ਰਿਹਾ ਹੈ। ਸਰਕਾਰੀ ਸਕੂਲਾਂ ਦੀ ਬਦਹਾਲੀ, ਸਰਕਾਰ ਦੀ ਸਿੱਖਿਆ ਪ੍ਰਤੀ ਬੇਰੁਖ਼ੀ ਬੱਚਿਆਂ ਦੇ ਮਾਪਿਆਂ ਨੂੰ ਪ੍ਰਾਈਵੇਟ ਸਕੂਲਾਂ ਵੱਲ ਧੱਕ ਰਹੀ ਹੈ, ਜਿੱਥੇ ਉਨ੍ਹਾਂ ਦੀ ਕਿਰਤ ਕਮਾਈ ਦਾ ਵੱਡਾ ਹਿੱਸਾ ਬੇਕਿਰਕੀ ਨਾਲ ਲੁੱਟਿਆ ਜਾ ਰਿਹਾ ਹੈ। ਕੀ ਆਉਂਦੇ ਕੁਝ ਸਮੇਂ ਬਾਅਦ ਲੋਕਾਂ ਤੋਂ ਮੁੜ ਫਤਵਾ ਪ੍ਰਾਪਤ ਕਰਨ ਜਾ ਰਹੀ ਸੂਬਾ ਸਰਕਾਰ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦੀ ਹੋ ਰਹੀ ਲੁੱਟ-ਖਸੁੱਟ ਨੂੰ ਰੋਕਣ ਲਈ ਕੁਝ ਸਾਰਥਕ ਕਦਮ ਪੁੱਟਣ ਦਾ ਹੀਆ ਜਾਂ ਯਤਨ ਕਰੇਗੀ? ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬਿਨਾਂ ਦੇਰੀ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰੇ। ਇਨ੍ਹਾਂ ਸਕੂਲਾਂ 'ਚ ਹਰ ਕਿਸਮ ਦੀਆਂ ਪਹਿਲ ਦੇ ਆਧਾਰ 'ਤੇ ਆਸਾਮੀਆਂ ਭਰੇ। ਸਿੱਖਿਆ ਸੁਧਾਰਾਂ ਤੇ ਪ੍ਰਾਈਵੇਟ ਸਕੂਲ ਪ੍ਰਬੰਧਕਾਂ ਵੱਲੋਂ ਕੀਤੀ ਜਾ ਰਹੀ ਲੁੱਟ ਨੂੰ ਰੋਕਣ ਲਈ ਸਾਜਗਾਰ ਉਪਾਅ ਕਰਦਿਆਂ ਕੋਈ ਪੱਕੀ ਰੈਗੂਲੇਟਰੀ ਬਾਡੀ ਦਾ ਗਠਨ ਕਰੇ, ਜੋ ਪ੍ਰਾਈਵੇਟ ਸਕੂਲਾਂ ਦੀ ਆਮਦਨ ਵਾਧੇ ਦੀ ਲਾਲਸਾ ਨੂੰ ਰੋਕਣ ਲਈ ਨਕੇਲ ਪਾਵੇ ਅਤੇ ਉਨ੍ਹਾਂ ਸਕੂਲ ਪ੍ਰਬੰਧਕਾਂ ਨੂੰ ਲੋਕ ਕਟਹਿਰੇ 'ਚ ਖੜ੍ਹੇ ਕਰੇ, ਜਿਹੜੇ ਵਿੱਦਿਆ ਵਿਚਾਰੀ ਪਰਉਪਕਾਰੀ ਨੂੰ ਵਪਾਰ ਲਈ ਵਰਤਣ ਦਾ ਕੋਝਾ ਕਾਰਜ ਕਰ ਰਹੇ ਹਨ, ਤਾਂ ਕਿ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਕੁਝ ਤਾਂ ਰਾਹਤ ਮਿਲ ਸਕੇ।

98158-02070



ਸੰਗੀਤਕ ਪ੍ਰਦੂਸ਼ਣ

# ਕੌਣ ਬੰਨ੍ਹੇ ਬਿੱਲੀ ਦੇ ਗਲ਼ ਵਿੱਚ ਟੱਲੀ ?



ਜੀ. ਐੱਸ. ਗੁਰਦਿੱਤ

ਇੰਜ ਲੱਗਦਾ ਹੈ ਕਿ ਅੱਜਕੱਲ ਦੀ ਪੰਜਾਬੀ ਗਾਇਕੀ ਵਿੱਚ ਪੈਰ ਧਰਨ ਲਈ ਕਿਸੇ ਵੀ ਤਰਾਂ ਦੀ ਯੋਗਤਾ ਦੀ ਕੋਈ ਲੋੜ ਨਹੀਂ ਹੈ। ਜੇਕਰ ਕਿਸੇ ਕੋਲ ਮਾਇਆ ਦੇ ਗੱਫੇ ਹਨ ਜਾਂ ਕੋਈ ਜਾਇਦਾਦ ਵੇਚ ਕੇ ਅਮੀਰੀ ਆਈ ਹੈ ਤਾਂ ਉਹ ਕਿਸੇ ਵੀ ਚੈਨਲ ਉੱਤੇ ਲਗਾਤਾਰ ਵੱਜ ਸਕਦਾ ਹੈ ਅਤੇ ਆਪਣੇ ਆਪ ਨੂੰ ਸਿਰੇ ਦਾ ਗਵੱਈਆ ਸਮਝਣ ਦਾ ਭਰਮ ਪਾਲ ਸਕਦਾ ਹੈ। ਬੇਸ਼ਕ ਗਾਇਕੀ ਇੱਕ ਰੂਹ ਨੂੰ ਸਕੂਨ ਦੇਣ ਵਾਲੀ ਸੂਖਮ ਕਲਾ ਹੈ ਅਤੇ ਮਿੱਠਾ ਸੰਗੀਤ ਸੁਣ ਕੇ ਸਿਰ ਝੂਮਦਾ ਹੈ। ਜਦੋਂ ਗਾਇਕੀ ਥੋੜੀ ਜਿਹੀ ਉਲਾਰ ਹੁੰਦੀ ਹੈ ਤਾਂ ਪੈਰ ਥਿਰਕਦੇ ਹਨ। ਪਰ ਅੱਜ ਕੱਲ੍ਹ ਦੀ ਗਾਇਕੀ ਪੈਰ 'ਥਿਰਕਾਉਣ' ਦੇ ਨਾਲ, ਪੈਰ 'ਥਿੜਕਾਉਣ' ਦਾ ਕੰਮ ਵੱਧ ਕਰ ਰਹੀ ਹੈ। ਭਾਵੇਂ ਕਿ ਇਹ ਕੋਈ ਅਜਿਹੀ ਚੀਜ਼ ਨਹੀਂ ਹੈ ਜਿਸ ਉੱਤੇ ਕੋਈ ਪਾਬੰਦੀਆਂ ਲਗਾ ਦਿੱਤੀਆਂ ਜਾਣ ਪਰ ਇਸ ਉੱਤੇ ਨਿਰੰਤਰ ਨਜ਼ਰਸਾਨੀ ਦੀ ਲੋੜ ਜ਼ਰੂਰ ਹੈ। ਪਰ ਇਸ ਕੰਮ ਵਾਸਤੇ ਜਿਹੜੀ ਗੰਭੀਰਤਾ ਦੀ ਲੋੜ ਹੈ, ਉਹ ਅਜੇ ਤੱਕ ਸਾਡੀ ਸਰਕਾਰ ਜਾਂ ਹੋਰ ਅਦਾਰਿਆਂ ਵਿੱਚ ਨਜ਼ਰ ਨਹੀਂ ਆ ਰਹੀ।

ਜਦੋਂ ਵੀ ਕੋਈ ਲੱਚਰ ਕਿਸਮ ਦਾ ਗੀਤ-ਸੰਗੀਤ ਮਾਰਕੀਟ ਵਿੱਚ ਆਉਂਦਾ ਹੈ ਤਾਂ ਅਕਸਰ ਹੀ ਕੁਝ ਲੋਕਾਂ ਵੱਲੋਂ ਦਲੀਲ ਦਿੱਤੀ ਜਾਂਦੀ ਹੈ ਕਿ ਇਸ ਬੰਦੇ ਨੇ ਇਸ ਕਿਸਮ ਦਾ ਗੀਤ ਕਿਉਂ ਗਾਇਆ ਹੈ। ਜੇ ਗੁਰਦਾਸ ਮਾਨ ਸਾਫ਼-ਸੁਥਰਾ ਗਾ ਕੇ ਸੁਪਰਹਿੱਟ ਹੋ ਸਕਦਾ ਹੈ ਤਾਂ ਇਹ ਕਿਉਂ ਨਹੀਂ ਹੋ ਸਕਦਾ? ਕੁਝ ਲੋਕ ਇਹ ਕਹਿੰਦੇ ਹਨ ਕਿ ਜੇਕਰ ਪਾਲੀ ਦੇਤਵਾਲੀਆ ਪਰਿਵਾਰਕ ਗੀਤ ਗਾ ਕੇ ਰੋਟੀ ਖਾ ਸਕਦਾ ਹੈ ਤਾਂ ਬਾਕੀਆਂ ਨੂੰ ਆਸ਼ਕੀ-ਮਸ਼ੂਕੀ ਵਾਲੇ ਗੀਤ ਕਿਉਂ ਗਾਉਣੇ ਪੈਂਦੇ ਹਨ? ਇਸੇ ਤਰ੍ਹਾਂ ਦੀਆਂ ਹੋਰ ਵੀ ਕਈ ਦਲੀਲਾਂ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ। ਪਰ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਸਾਰੇ ਗਾਇਕ ਗੁਰਦਾਸ ਮਾਨ ਵਰਗੇ ਗੀਤ ਹੀ ਗਾਉਣ ਲੱਗ ਪੈਣ ਤਾਂ ਉਹਨਾਂ ਗੀਤਾਂ ਦੇ ਸਰੋਤੇ ਵੀ ਹੌਲੀ-ਹੌਲੀ ਘਟ ਜਾਣਗੇ। ਜੇਕਰ ਸਾਰੇ ਗਾਇਕ, ਪਾਲੀ ਦੇਤਵਾਲੀਏ ਵਾਂਗੂੰ ਭੈਣਾਂ-ਭਰਾਵਾਂ ਵਾਲੇ ਗੀਤ ਹੀ ਗਾਉਣੇ ਸ਼ੁਰੂ ਕਰ ਦੇਣ ਤਾਂ ਉਹਨਾਂ ਗੀਤਾਂ ਦੀ ਉਮਰ ਵੀ ਬਹੁਤੀ ਲੰਮੀ ਨਹੀਂ ਰਹੇਗੀ। ਜੇਕਰ ਸਾਰੇ ਗਾਇਕ ਸਤਿੰਦਰ ਸਰਤਾਜ ਜਾਂ ਕੰਵਰ ਗਰੇਵਾਲ ਵਾਂਗੂੰ ਗਾਉਣ ਲੱਗ ਪੈਣ ਤਾਂ ਉਹ ਵੀ ਬੜੀ ਜਲਦੀ ਬੇਹੇ ਲੱਗਣ ਲੱਗ ਪੈਣਗੇ। ਜੇਕਰ ਹਰ ਕੋਈ ਮਾਣਕ ਵਾਂਗੂੰ ਕਲੀਆਂ ਗਾਉਣ ਲੱਗ ਪਵੇ ਜਾਂ ਸਲੀਮ ਜਾਂ ਸਰਦੂਲ ਵਾਂਗੂੰ ਮਾਤਾ ਦੀਆਂ ਭੇਟਾਂ ਗਾਉਣ ਲੱਗ ਪਵੇ ਤਾਂ ਇੱਕ ਦਿਨ ਸਾਰਿਆਂ ਨੂੰ ਹੀ ਰੋਟੀ ਮਿਲਣੀ ਬੰਦ ਹੋ ਜਾਏਗੀ। ਜੇਕਰ ਸਾਰੇ ਹੀ ਗਾਇਕ ਬੱਬੂ ਮਾਨ ਵਾਂਗੂੰ ਨਵੇਂ ਵਿਸ਼ਿਆਂ ਉੱਤੇ ਹੱਥ ਅਜ਼ਮਾਉਣ ਲੱਗ ਪੈਣ ਤਾਂ ਇਹ ਸੰਭਵ ਨਹੀਂ ਕਿ ਉਹ ਸਾਰੇ ਹੀ ਸਫਲ ਹੋ ਜਾਣ। ਜੇ ਹਰਭਜਨ ਮਾਨ ਸਿਰਫ ਕਵੀਸ਼ਰੀ ਹੀ ਗਾਉਣੀ ਸ਼ੁਰੂ ਕਰ ਦੇਵੇ ਤਾਂ ਉਹ ਅੱਜ ਜਿੰਨਾ ਹਰਮਨ ਪਿਆਰਾ ਰਹਿ ਹੀ ਨਹੀਂ ਸਕਦਾ। ਜੇਕਰ ਸਾਰੇ ਗਾਇਕ ਹਰ ਸਾਲ, ਪੰਜਾਬੀ ਵਿਰਸਾ ਹੀ ਕੱਢਣ ਲੱਗ ਪੈਣ ਤਾਂ ਉਹ ਤਾਂ ਵਾਰਿਸ ਭਰਾਵਾਂ ਨੂੰ ਵੀ ਲੈ ਕੇ ਬਹਿ ਜਾਣਗੇ। ਇਸੇ ਤਰਾਂ ਹਰਜੀਤ ਹਰਮਨ ਵਰਗੇ ਗੀਤ ਗਾਉਣ ਨੂੰ ਤਾਂ ਬਹੁਤ ਸਾਰੇ ਗਾਇਕ ਤਿਆਰ ਹੋ ਜਾਣਗੇ ਪਰ ਉਸ ਵਰਗੀ ਮਿੱਠੀ ਆਵਾਜ਼ ਕਿੱਥੋਂ ਲਿਆਉਣਗੇ ?

ਇਸ ਲਈ ਇਹ ਤਾਂ ਮੰਨਣਾ ਹੀ ਪਏਗਾ ਕਿ ਗਾਇਕੀ ਵਿੱਚ ਵੰਨ-ਸੁਵੰਨਤਾ ਬਹੁਤ ਜ਼ਰੂਰੀ ਹੈ। ਨਾ ਤਾਂ ਸਾਰੇ ਗਾਇਕਾਂ ਨੇ ਇੱਕੋ ਤਰ੍ਹਾਂ ਦੇ ਗੀਤ ਗਾਉਣੇ ਹਨ ਅਤੇ ਨਾ ਹੀ ਇਹ ਸੰਭਵ ਹੈ। ਗੀਤਾਂ ਦੇ ਵਿਸ਼ਿਆਂ ਅਤੇ ਮਿਆਰ ਵਿੱਚ ਬਾਜ਼ਾਰ ਦੀ ਮੰਗ ਮੁਤਾਬਕ ਵੱਖਰਤਾ ਰਹਿਣੀ ਹੀ ਰਹਿਣੀ ਹੈ। ਮਿਸਾਲ ਵਜੋਂ ਬਾਜ਼ਾਰ ਵਿੱਚ ਜਲੇਬੀਆਂ ਦੀ ਜਿੰਨੀ ਮਰਜ਼ੀ ਮੰਗ ਹੋਵੇ ਪਰ ਜੇਕਰ ਸਾਰੇ ਹਲਵਾਈ ਸਿਰਫ ਜਲੇਬੀਆਂ ਹੀ ਕੱਢਣ ਲੱਗ ਪੈਣ ਅਤੇ ਹੋਰ ਹਰ ਤਰਾਂ ਦੀਆਂ ਮਠਿਆਈਆਂ ਬਨਾਉਣੀਆਂ ਬੰਦ ਕਰ ਦੇਣ ਤਾਂ ਜਲਦੀ ਹੀ ਲੋਕਾਂ ਨੂੰ ਜਲੇਬੀਆਂ ਫਿੱਕੀਆਂ ਲੱਗਣ ਲੱਗ ਪੈਣਗੀਆਂ। ਵਿਆਹ ਸ਼ਾਦੀਆਂ ਵਿੱਚ ਮਿੱਠੇ, ਨਮਕੀਨ, ਖੱਟੇ, ਹਲਕੇ, ਭਾਰੇ ਆਦਿ ਹਰ ਤਰਾਂ ਦੇ ਵਿਅੰਜਨ ਰੱਖਣੇ ਪੈਂਦੇ ਹਨ ਤਾਂ ਕਿ ਮਹਿਮਾਨ ਆਪੋ-ਆਪਣੀ ਪਸੰਦ ਦੀ ਚੀਜ਼ ਖਾ ਸਕਣ। ਇਸੇ ਤਰ੍ਹਾਂ ਗਾਇਕੀ ਦੇ ਖੇਤਰ ਵਿੱਚ ਵੀ ਹਰ ਤਰ੍ਹਾਂ ਦੇ ਗੀਤ-ਸੰਗੀਤ ਦੀ ਮੰਗ ਰਹਿਣੀ ਹੀ ਹੈ। ਕਿਉਂਕਿ ਜਿਹੜੇ ਗੀਤ ਸਾਨੂੰ ਮਾੜੇ ਲੱਗਦੇ ਹਨ, ਉਹ ਕਿਸੇ ਹੋਰ ਨੂੰ ਪਸੰਦ ਹੋ ਸਕਦੇ ਹਨ। ਜੇ ਉਹ ਸਾਰਿਆਂ ਨੂੰ ਹੀ ਮਾੜੇ ਲੱਗਦੇ ਹੋਣ ਤਾਂ ਫਿਰ ਉਹ ਹਿੱਟ ਕਿਵੇਂ ਹੋ ਜਾਣ? ਜਿਹੜੀ ਗਾਇਕੀ ਸਾਨੂੰ ਸੁਣਨਯੋਗ ਨਹੀਂ ਲੱਗਦੀ ਉਹ ਕਿਸੇ ਹੋਰ ਨੂੰ ਪੂਰਾ ਆਨੰਦ ਦੇਣ ਵਾਲੀ ਹੋ ਸਕਦੀ ਹੈ। ਜਿਹੜਾ ਗੀਤ ਸਾਨੂੰ ਅਸ਼ਲੀਲ ਲੱਗਦਾ ਹੈ, ਉਹ ਕਿਸੇ ਹੋਰ ਨੂੰ ਸਧਾਰਨ ਕਿਸਮ ਦਾ ਲੱਗ ਸਕਦਾ ਹੈ। ਜਿਹੜਾ ਗੀਤ ਕਿਸੇ ਧੀਆਂ-ਭੈਣਾਂ ਵਾਲੇ ਪਰਿਵਾਰ ਨੂੰ ਘਟੀਆ ਲੱਗ ਸਕਦਾ ਹੈ, ਕਿਸੇ ਛੜੇ ਪਰਿਵਾਰ ਨੂੰ ਉਹ ਗੀਤ ਸੁਣ ਕੇ ਸੁਆਦ ਆਉਂਦਾ ਹੋ ਸਕਦਾ ਹੈ। ਇਸ ਲਈ ਬਹੁਤ ਸਾਰੇ ਗੀਤ ਜਿਹੜੇ ਸਾਨੂੰ ਲੱਚਰ ਲੱਗਦੇ ਹਨ ਜਾਂ ਉਹਨਾਂ ਦੀਆਂ ਵੀਡੀਓਜ਼ ਅਸ਼ਲੀਲ ਲੱਗਦੀਆਂ ਹਨ, ਕਈ ਲੋਕ ਆਪਣੇ ਪਰਿਵਾਰ ਵਿੱਚ ਬੈਠੇ ਉਹ ਸਭ ਕੁਝ ਵੇਖ ਸੁਣ ਰਹੇ ਹੁੰਦੇ ਹਨ। ਉਹਨਾਂ ਨੂੰ ਇਸ ਬਾਰੇ ਪੁੱਛੋ ਤਾਂ ਅੱਗੋਂ ਸਿੱਧਾ ਜਿਹਾ ਜਵਾਬ ਮਿਲਦਾ ਹੈ ਕਿ 'ਫਿਰ ਕੀ ਹੋਇਆ, ਗੀਤ ਤਾਂ ਮਨੋਰੰਜਨ ਵਾਸਤੇ ਹੁੰਦੇ ਹਨ, ਬਹੁਤੀ ਟੈਨਸ਼ਨ ਨਹੀਂ ਲੈਣੀ ਚਾਹੀਦੀ।'

ਇਸ ਲਈ ਪਹਿਲਾਂ ਤਾਂ ਸਾਨੂੰ ਇਹ ਮੰਨ ਕੇ ਚੱਲਣ ਦੀ ਲੋੜ ਹੈ ਕਿ ਹਰ ਕਿਸੇ ਦੀ ਆਪੋ-ਆਪਣੀ ਪਸੰਦ ਹੁੰਦੀ ਹੈ ਅਤੇ ਹਰ ਕੋਈ ਆਪੋ-ਆਪਣੀ ਪਸੰਦ ਦੇ ਹਿਸਾਬ ਨਾਲ ਜੋ ਮਰਜ਼ੀ ਵੇਖਣ, ਸੁਣਨ ਜਾਂ ਗਾਉਣ ਦਾ ਹੱਕ ਰੱਖਦਾ ਹੈ। ਇਸ ਮਾਮਲੇ ਵਿੱਚ ਬਹੁਤੇ ਉਪਦੇਸ਼ ਦੇਣ ਦੀ ਕੋਈ ਲੋੜ ਨਹੀਂ ਹੁੰਦੀ। ਪਰ ਨਾਲ ਹੀ ਇਹ ਵੀ ਗੱਲ ਸਮਝ ਲੈਣ ਦੀ ਲੋੜ ਹੈ ਕਿ ਕੋਈ ਵੀ ਆਪਣੀ ਊਟ-ਪਟਾਂਗ ਪਸੰਦ ਨੂੰ ਦੂਜਿਆਂ ਉੱਤੇ ਥੋਪਣ ਦਾ ਹੱਕ ਨਹੀਂ



ਰੱਖਦਾ। ਇਸ ਕਰਕੇ ਅਜਿਹੇ ਗੀਤ ਹਰ ਜਨਤਕ ਥਾਂ ਉੱਤੇ ਵਜਾਉਣੇ ਅਤੇ ਵਿਖਾਉਣੇ ਪੂਰੀ ਤਰ੍ਹਾਂ ਗੈਰ-ਇਖ਼ਲਾਕੀ ਅਤੇ ਗੈਰ-ਕਾਨੂੰਨੀ ਮੰਨੇ ਜਾਣੇ ਚਾਹੀਦੇ ਹਨ। ਬੱਸਾਂ ਜਾਂ ਟੈਕਸੀਆਂ ਵਿੱਚ ਸਵਾਰੀਆਂ ਦੀ ਮਰਜ਼ੀ ਦੇ ਉਲਟ ਇਸ ਤਰ੍ਹਾਂ ਦੇ ਗੀਤ ਚਲਾਉਣੇ, ਦਿਨ ਦੇ ਸਮੇਂ ਹੀ ਟੈਲੀਵਿਜ਼ਨ ਚੈਨਲਾਂ ਉੱਤੇ ਅਜਿਹਾ ਗੰਦ ਪਰੋਸਣਾ, ਵਿਆਹ-ਸ਼ਾਦੀਆਂ ਜਾਂ ਹੋਰ ਖੁਸ਼ੀ ਦੇ ਮੌਕਿਆਂ ਉੱਤੇ ਕੰਨ-ਪਾੜਵੀਂ ਆਵਾਜ਼ ਵਿੱਚ ਡੀਜੇ ਵਜਾਉਣਾ ਅਤੇ ਨੇੜੇ ਰਹਿਣ ਵਾਲੇ ਲੋਕਾਂ ਦੀ ਮਰਜ਼ੀ ਦੇ ਉਲਟ, ਉਹਨਾਂ ਨੂੰ ਗੈਰ-ਮਿਆਰੀ ਗੀਤ ਸੁਣਨ ਲਈ ਮਜ਼ਬੂਰ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਮੰਨਿਆ ਜਾ ਸਕਦਾ। ਜੇਕਰ ਕਿਸੇ ਨੂੰ ਇਸ ਤਰਾਂ ਦੇ ਗੀਤ ਪਸੰਦ ਹਨ ਤਾਂ ਉਹ ਆਪਣੇ ਘਰ ਵਿੱਚ ਲੋੜੀਂਦੀ ਆਵਾਜ਼ ਵਿੱਚ ਲਗਾ ਕੇ ਸੁਣ ਲਵੇ ਜਾਂ ਵੇਖ ਲਵੇ, ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਪਰ ਆਪਣੀ ਪਸੰਦ ਦੇ ਗੀਤ, ਹੋਰ ਲੋਕਾਂ ਨੂੰ ਧੱਕੇ ਨਾਲ ਸੁਣਾਉਣੇ ਜਾਂ ਵਿਖਾਉਣੇ, ਦੂਸਰਿਆਂ ਦੀ ਆਜ਼ਾਦੀ ਵਿੱਚ ਵਿਘਨ ਪਾਉਣ ਦੇ ਬਰਾਬਰ ਹੈ।

ਇਸ ਕਰਕੇ ਹਰ ਕਿਸਮ ਦੇ ਗੀਤ ਮਾਰਕੀਟ ਵਿੱਚ ਆਉਣਗੇ ਵੀ ਅਤੇ ਵਿਕਣਗੇ ਵੀ। ਉਹਨਾਂ ਉੱਤੇ ਰੋਕ ਨਹੀਂ ਲਗਾਈ ਜਾ ਸਕਦੀ। ਪਰ ਸਮੱਸਿਆ ਇਹ ਹੈ ਕਿ ਸਾਡੇ ਭਾਰਤ ਵਿੱਚ ਟੈਲੀਵਿਜ਼ਨ ਚੈਨਲਾਂ ਉੱਤੇ ਵਿਖਾਏ ਜਾਂਦੇ ਪ੍ਰੋਗਰਾਮਾਂ ਵਿੱਚ ਅਜਿਹੀ ਕੋਈ ਗਰੇਡਿੰਗ ਨਹੀਂ ਹੁੰਦੀ ਕਿ ਕੋਈ ਗੀਤ ਜਾਂ ਪ੍ਰੋਗਰਾਮ ਕਿਸ ਉਮਰ ਵਰਗ ਦੇ ਦਰਸ਼ਕਾਂ ਲਈ ਹੈ। ਇਸ ਲਈ ਸਾਡੇ ਬੱਚੇ ਆਪਣੀ ਉਮਰ ਤੋਂ ਪਹਿਲਾਂ ਹੀ ਉਹ ਸਭ ਕੁਝ ਵੇਖਣਾ ਸ਼ੁਰੂ ਕਰ ਦਿੰਦੇ ਹਨ ਜੋ ਕਿ ਉਹਨਾਂ ਨੂੰ ਕਿਸੇ ਖਾਸ ਉਮਰ ਵਿੱਚ ਵੇਖਣ ਦੀ ਲੋੜ ਹੁੰਦੀ ਹੈ। ਪਰ ਆਪਣੀ ਕੱਚੀ ਸਮਝ ਕਾਰਨ ਉਹ ਉਸ ਬੋਲ ਜਾਂ ਦ੍ਰਿਸ਼ ਦੇ ਅਸਲੀ ਅਰਥਾਂ ਅਤੇ ਮਹੱਤਤਾ ਨੂੰ ਸਮਝ ਨਹੀਂ ਪਾਉਂਦੇ। ਇਸੇ ਕਾਰਨ ਉਹ ਜ਼ਿੰਦਗੀ ਵਿੱਚ ਕੁਝ ਅਜਿਹੀਆਂ ਗਲਤੀਆਂ ਕਰ ਬੈਠਦੇ ਹਨ ਜਿੰਨ੍ਹਾਂ ਦੇ ਨਤੀਜੇ ਬਾਰੇ ਉਹਨਾਂ ਨੂੰ ਬਿਲਕੁਲ ਵੀ ਇਲਮ ਨਹੀਂ ਹੁੰਦਾ। ਇਹ ਬਿਲਕੁਲ ਉਸੇ ਤਰਾਂ ਦੀ ਗੱਲ ਹੈ ਜਿਵੇਂ ਕੋਈ 10-12 ਸਾਲ ਦਾ ਬੱਚਾ ਕਾਰ ਜਾਂ ਸਕੂਟਰ ਚਲਾਉਣ ਦੀ ਕੋਸ਼ਿਸ਼ ਕਰੇ ਅਤੇ ਲੱਤਾਂ-ਬਾਹਾਂ ਤੁੜਵਾ ਬੈਠੇ ਜਾਂ ਆਪਣੀ ਜਾਨ ਹੀ ਗੁਆ ਲਵੇ।

ਇਸ ਲਈ ਹੁਣ ਸਾਨੂੰ ਇਸ ਮੁੱਦੇ ਉੱਤੇ ਸੋਚਣ ਦੀ ਲੋੜ ਹੈ ਕਿ ਅਸੀਂ ਆਪਣੇ ਗੀਤਾਂ ਅਤੇ ਵੀਡੀਓਜ਼ ਦੀ ਗਰੇਡਿੰਗ ਕਰਨ ਦੀ ਸ਼ੁਰੂਆਤ ਕਰੀਏ। ਆਖਰ ਕੁਝ ਤਾਂ ਸਰਬ ਸੰਮਤੀ ਵਾਲੇ ਨਿਯਮ ਬਣਾਈਏ ਜਿੰਨ੍ਹਾਂ ਰਾਹੀਂ ਅਸੀਂ ਇਸ ਸੰਗੀਤਕ ਪ੍ਰਦੂਸ਼ਣ ਉੱਤੇ ਕੋਈ ਰੋਕ ਲਾ ਸਕੀਏ। ਸਾਨੂੰ ਇਹ ਵੰਡ ਕਰਨੀ ਹੀ ਪਵੇਗੀ ਕਿ ਟੈਲੀਵਿਜ਼ਨ ਉੱਤੇ ਚਲਾਉਣ ਵਾਲੇ ਗੀਤ ਕਿਹੜੇ ਹੋਣ ਅਤੇ ਟਰੱਕਾਂ ਅਤੇ ਖੇਤਾਂ ਦੀਆਂ ਮੋਟਰਾਂ ਉੱਤੇ ਸੁਣਨ ਵਾਲੇ ਕਿਹੜੇ ਹੋਣ। ਸਾਨੂੰ ਫੈਸਲਾ ਕਰਨਾ ਹੀ ਚਾਹੀਦਾ ਹੈ ਕਿ ਵਿਹੜੇ ਵਿੱਚ ਲਾਏ ਡੀਜੇ ਉੱਤੇ ਕਿਹੜੇ ਗੀਤ ਚੱਲਣ ਅਤੇ ਬੰਦ ਕਮਰੇ ਵਿੱਚ ਲੱਗੀ ਸੀਡੀ ਉੱਤੇ ਕਿਹੜੇ ਚੱਲਣ। ਇਸੇ ਤਰਾਂ ਡੀਜੇ ਦੀ ਆਵਾਜ਼ ਦਾ ਪੱਧਰ ਵੀ ਨਿਰਧਾਰਤ ਕਰਨ ਦੀ ਲੋੜ ਹੈ। ਇਹ ਵੀ ਤੈਅ ਕਰਨ ਦੀ ਲੋੜ ਹੈ ਕਿ ਟੈਲੀਵਿਜ਼ਨ ਚੈਨਲਾਂ ਉੱਤੇ ਕਿਹੜੇ-ਕਿਹੜੇ ਸਮੇਂ, ਕਿਸ-ਕਿਸ ਪੱਧਰ ਦੇ ਗੀਤ ਚਲਾਏ ਜਾ ਸਕਦੇ ਹਨ। ਇਸੇ ਤਰ੍ਹਾਂ ਕੁਝ ਖਾਸ ਕਿਸਮ ਦੇ ਗੀਤਾਂ ਨੂੰ ਕੁਝ ਖਾਸ ਤਰਾਂ ਦੇ ਟੈਲੀਵਿਜ਼ਨ ਚੈਨਲਾਂ ਉੱਤੇ ਹੀ ਚਲਾਇਆ ਜਾਵੇ। ਹਰ ਥਾਂ ਉੱਤੇ ਅਤੇ ਹਰ ਵੇਲੇ ਇਸ ਤਰਾਂ ਕਰਨਾ ਗੈਰ ਕਾਨੂੰਨੀ ਮੰਨਿਆ ਜਾਵੇ। ਗੀਤਾਂ ਦੇ ਵੀਡੀਓਜ਼ ਬਾਰੇ ਨਿਯਮ ਬਣਾਉਣੇ ਤਾਂ ਹੋਰ ਵੀ ਸੌਖੇ ਹਨ। ਕਿਉਂਕਿ ਬੋਲਣ ਦੀ ਭਾਸ਼ਾ ਦੇ ਅਰਥ ਤਾਂ ਇੱਕ ਤੋਂ ਵੱਧ ਵੀ ਹੋ ਸਕਦੇ ਹਨ ਪਰ ਵੇਖਣ ਦੀ ਭਾਸ਼ਾ ਦੇ ਅਰਥ ਬਹੁਤੇ ਫਰਕ ਵਾਲੇ ਨਹੀਂ ਹੁੰਦੇ। ਕੀ ਇਹ ਨਿਰਧਾਰਤ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਗੀਤ ਦੇ ਵੀਡੀਓ ਵਿੱਚ, ਸਰੀਰ ਦੇ ਕਿਹੜੇ ਕਿਹੜੇ ਅੰਗ ਢਕੇ ਹੋਏ ਹੋਣੇ ਜਰੂਰੀ ਹਨ ? ਕੀ ਇਹ ਨਿਰਧਾਰਨ ਨਹੀਂ ਕਰਨਾ ਚਾਹੀਦਾ ਕਿ ਇਹਨਾਂ ਵਿਚੋਂ ਕਿਹੜੇ ਵੀਡੀਓਜ਼ ਜਨਤਕ ਤੌਰ ਤੇ ਵਿਖਾਉਣ ਵਾਲੇ ਹਨ ਅਤੇ ਕਿਹੜੇ ਨਹੀਂ ? ਕੀ ਕੁਝ ਸਿਆਣੇ ਵਿਦਵਾਨ ਇਕੱਠੇ ਬੈਠ ਕੇ ਇੰਨਾ ਵੀ ਫੈਸਲਾ ਨਹੀਂ ਕਰ ਸਕਦੇ? ਕੀ ਇਸਨੂੰ ਕਾਨੂੰਨੀ ਰੂਪ ਨਹੀਂ ਦਿੱਤਾ ਜਾ ਸਕਦਾ?

ਜੇਕਰ ਅਸੀਂ ਸੱਚਮੁੱਚ ਹੀ ਕਿਰਤ ਸੱਭਿਆਚਾਰ ਨੂੰ ਬਚਾਉਣਾ ਚਾਹੁੰਦੇ ਹਾਂ ਅਤੇ ਵਿਹਲੜ ਸੱਭਿਆਚਾਰ ਨੂੰ ਭਜਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਔਖੇ ਹੋ ਕੇ ਵੀ ਬਿੱਲੀ ਦੇ ਗਲ ਵਿੱਚ ਟੱਲੀ ਬੰਨ੍ਹਣੀ ਹੀ ਪਏਗੀ। ਬੇਮਤਲਬ ਦੀ ਹਿੰਸਾ ਅਤੇ ਅਸ਼ਲੀਲ ਦ੍ਰਿਸ਼ ਹਰ ਉਮਰ ਦੇ ਦਰਸ਼ਕਾਂ ਨੂੰ ਬੇਵਜ੍ਹਾ ਵਿਖਾਉਣੇ ਬੰਦ ਕਰਨੇ ਹੀ ਪੈਣਗੇ। ਨਿੱਜੀ ਤੌਰ 'ਤੇ ਅਸੀਂ ਸੈਂਸਰ ਦੇ ਹੱਕ ਵਿੱਚ ਹੋਈਏ ਜਾਂ ਨਾ ਹੋਈਏ ਪਰ ਭੂਤਰੇ ਵਹਿੜਕਿਆਂ ਨੂੰ ਨੱਥ ਤਾਂ ਪਾਉਣੀ ਹੀ ਪਏਗੀ। ਜੇਕਰ ਇੰਜ ਨਾ ਕੀਤਾ ਗਿਆ ਤਾਂ ਉਹਨਾਂ ਨੇ ਸੱਭਿਆਚਾਰ ਦੀ ਗੱਡੀ ਨੂੰ ਮੂਧੀ ਮਾਰਨ ਵਿੱਚ ਕੋਈ ਕਸਰ ਨਹੀਂ ਛੱਡਣੀ। ਭਾਵੇਂ ਕਿ ਉਪਰੋਕਤ ਸਭ ਕੁਝ ਸਰਕਾਰ ਦੇ ਕਰਨ ਨਾਲ ਹੀ ਹੋਣਾ ਹੈ ਪਰ ਸਾਨੂੰ ਆਪਣੇ ਪੱਧਰ ਉੱਤੇ ਵੀ ਯਤਨ ਸ਼ੁਰੂ ਕਰਨ ਦੀ ਲੋੜ ਹੈ। ਫਿਰ ਵੀ ਇਸ ਸੰਬੰਧੀ ਪਹਿਲ ਕੋਈ ਉੱਚੇ ਰੁਤਬੇ ਵਾਲੀ ਏਜੰਸੀ ਹੀ ਕਰੇ ਤਾਂ ਕਿ ਲੋਕ ਉਸਦਾ ਸਾਥ ਦੇਣ ਨੂੰ ਵੀ ਤਿਆਰ ਹੋ ਜਾਣ। ਕੁਝ ਗਿਣਵੇਂ-ਚੁਣਵੇਂ, ਵਿਗੜਿਆਂ-ਤਿਗੜਿਆਂ ਨੂੰ ਸੁਧਾਰਨ ਲਈ, ਜੇਕਰ ਡੰਡੇ-ਪੀਰ ਦੀ ਸਹਾਇਤਾ ਵੀ ਲੈਣੀ ਪਵੇ ਤਾਂ ਗੈਰ-ਮੁਨਾਸਿਬ ਨਹੀਂ ਹੋਵੇਗੀ। ਆਖਰ ਕੋਈ ਹੀਲਾ ਤਾਂ ਕਰਨਾ ਹੀ ਪਊ, ਐਵੇਂ 'ਗੁੜ-ਗੁੜ ਆਖਣ ਨਾਲ ਹੀ ਤਾਂ ਮੂੰਹ ਮਿੱਠਾ ਨਹੀਂ ਹੋ ਜਾਂਦਾ।'

(+91-9417193193)




# ਤਰਕਸ਼ੀਲ ਸੁਸਾਇਟੀ ਦਾ ਜਨਰਲ ਇਜਲਾਸ ਅਤੇ ਚੋਣ




ਬਰੈਂਪਟਨ/ਹਰਜੀਤ ਬੇਦੀ


ਨੌਰਥ ਅਮੈਰਕਿਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਦਾ ਜਨਰਲ ਇਜਲਾਸ ਡਾ: ਬਲਜਿੰਦਰ ਸੇਖੋਂ ਦੀ ਪਰਧਾਨਗੀ ਹੇਠ ਹੋਇਆ। ਜਿਸ ਵਿੱਚ ਚਾਹ ਪਾਣੀ ਤੋਂ ਬਾਦ ਅਗਲੇ ਦੋ ਸਾਲਾਂ ਲਈ ਮੈਂਬਰਸ਼ਿਪ ਨਵਿਆਈ ਗਈ। ਇਸ ਉਪਰੰਤ ਪ੍ਰਬੰਧਕੀ ਕੁਆਰਡੀਨੇਟਰ ਨਛੱਤਰ ਬਦੇਸ਼ਾ ਨੇ ਪਿਛਲੇ ਦੋ ਸਾਲਾਂ ਦੇ ਸ਼ੈਸ਼ਨ ਦੀਆਂ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ ਅਤੇ ਵਿੱਤ-ਕੁਆਰਡੀਨੇਟਰ ਨਿਰਮਲ ਸੰਧੂ ਨੇ ਇਸ ਸਮੇਂ ਹੋਏ ਆਮਦਨ ਖਰਚ ਦੀ ਰਿਪੋਰਟ ਪੇਸ਼ ਕੀਤੀ। ਸੁਸਾਇਟੀ ਦੇ ਬਹੁਤ ਸਾਰੇ ਮੈਂਬਰਾਂ ਨੇ ਇਸ ਬਹਿਸ ਵਿੱਚ ਭਾਗ ਲਿਆ। ਇਹਨਾਂ ਰਿਪੋਰਟਾਂ ਨੂੰ ਉਸਾਰੂ ਬਹਿਸ ਅਤੇ ਸੁਝਾਵਾਂ ਤੋਂ ਬਾਦ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਔਰਤਾਂ, ਨੌਜਵਾਨ ਪੀੜ੍ਹੀ ਅਤੇ ਬੱਚਿਆਂ ਦੀ ਸ਼ਮੂਲੀਅਤ ਵਧਾਉਣ ਲਈ ਉਪਰਾਲੇ ਕਰਨ ਦਾ ਸੁਝਾਅ ਉੱਭਰ ਕੇ ਸਾਹਮਣੇ ਆਇਆ।

ਇਸੇ ਦੌਰਾਨ ਸੰਵਿਧਾਨ ਵਿੱਚ ਕੁੱਝ ਜ਼ਰੂਰੀ ਸੋਧਾਂ ਵੀ ਸਰਬਸੰਮਤੀ ਨਾਲ ਕੀਤੀਆਂ ਗਈਆਂ। ਆਉਣ ਵਾਲੇ ਸਮੇਂ ਵਿੱਚ ਬੱਚਿਆਂ ਦੀਆਂ ਗਤੀਵਿਧੀਆਂ 'ਤੇ ਵਧੀਆ ਸਮਾਜ ਉਸਾਰੀ ਲਈ ਐਜੂਕੇਟਿਵ ਸੈਮੀਨਾਰਾਂ ਦੀ ਲੜੀ ਚਲਾਉਣ ਦੀ ਯੋਜਨਾ ਬਣਾਈ ਗਈ। ਇਸ ਤਰ੍ਹਾਂ ਸੁਸਾਇਟੀ ਦੇ ਕਲਾਕਾਰ ਮੈਂਬਰਾਂ ਅਤੇ ਸਹਿਯੋਗੀ ਕਲਾਕਾਰਾਂ ਦੀ ਵੱਧ ਤੋਂ ਵੱਧ ਸੇਵਾਵਾਂ ਲੈਣ ਲਈ ਸੁਝਾਅ ਪੇਸ਼ ਕੀਤੇ ਗਏ। ਪਹਿਲਾਂ ਵਾਂਗ ਹੀ ਵੱਖ ਵੱਖ ਸਹਾਇਕ ਕਮੇਟੀਆਂ ਬਣਾ ਕੇ ਪ੍ਰੋਗਰਾਮਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਕੋਸ਼ਿਸ਼ਾ ਜਾਰੀ ਰੱਖਣ ਦੇ ਸੁਝਾਅ ਨੋਟ ਕੀਤੇ ਗਏ। ਹੋਰ ਜਨਤਕ ਜਥੇਬੰਦੀਆਂ ਨਾਲ ਰਲ ਕੇ ਪ੍ਰੋਗਰਾਮ ਕਰਨ ਦੀ ਸ਼ਲਾਘਾ ਕੀਤੀ ਗਈ।

ਨਵੀਂ ਕਾਰਜਕਾਰਨੀ ਦੀ ਚੋਣ ਤੋਂ ਪਹਿਲਾਂ ਪਿਛਲੀ ਕਮੇਟੀ ਨੂੰ ਭੰਗ ਕਰਕੇ ਅੰਮ੍ਰਿਤ ਢਿੱਲੋਂ, ਪਰਮਜੀਤ ਬੜਿੰਗ ਅਤੇ ਮਹਿੰਦਰ ਵਾਲੀਆ ਤੇ ਅਧਾਰਿਤ ਕਮੇਟੀ ਨੇ ਨਵੀਂ ਕਾਰਜਕਾਰਨੀ ਦੀ ਚੋਣ ਕਰਵਾਈ। ਇਸ ਚੋਣ ਵਿੱਚ ਬਲਰਾਜ ਸ਼ੋਕਰ-ਜਥੇਬੰਦਕ ਕੁਆਰਡੀਨੇਟਰ, ਨਿਰਮਲ ਸੰਧੂ-ਪ੍ਰਬੰਧਕੀ ਕੁਆਰਡੀਨੇਟਰ, ਨਛੱਤਰ ਬਦੇਸ਼ਾ, ਡਾ. ਬਲਜਿੰਦਰ ਸੇਖੋਂ-ਐਜੂਕੇਸ਼ਨ ਅਤੇ ਹਰਜੀਤ ਬੇਦੀ-ਮੀਡੀਆ ਕੁਆਰਡੀਨੇਟਰ ਤੋਂ ਇਲਾਵਾ ਅੰਮ੍ਰਿਤ ਢਿੱਲੋਂ, ਬਲਦੇਵ ਰਹਿਪਾ, ਹਰਬੰਸ ਮੱਲ੍ਹੀ, ਨਵਕਿਰਨ ਸਿੱਧੂ, ਸ਼੍ਰੀਮਤੀ ਸੁਰਿੰਦਰ ਸ਼ੋਕਰ ਅਤੇ ਸੋਹਣ ਢੀਂਡਸਾ ਸਰਬਸੰਮਤੀ ਨਾਲ ਕਾਰਜਕਾਰਣੀ ਮੈਂਬਰ ਚੁਣੇ ਗਏ। ਚੋਣ ਤੋਂ ਬਾਦ ਜਥੇਬੰਦਕ ਕੁਆਰਡੀਨੇਟਰ ਨੇ ਨਵੀਂ ਚੁਣੀ ਕਮੇਟੀ ਵਲੋਂ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੰਭਾਲੀ ਗਈ ਜਿੰਮੇਵਾਰੀ ਨੂੰ ਸਭ ਦੇ ਸਹਿਯੋਗ ਨਾਲ ਪੂਰੀ ਤਨ-ਦੇਹੀ ਨਾਲ ਨਿਭਾਉਣਗੇ।

### ਕਾਮਾਗਾਟਾ ਦੁਖਾਂਤ ਦੀ ਮਾਫ਼ੀ ਲਈ ਧੰਨਵਾਦ

## ਪਰ ਮੇਵਾ ਸਿੰਘ ਨੂੰ ਸ਼ਹੀਦੀ ਤੇ ਬਜਬਜ ਦੁਖਾਂਤ ਲਈ ਜ਼ੁੰਮੇਵਾਰ ਕੌਣ ?



ਬੀਤੇ ਹਫ਼ਤੇ ਕੈਲਗਰੀ ਦੇ ਰੈੱਡ ਐਫ਼ ਐਮ ਰੇਡੀਓ ਉੱਤੇ ਰਿਸ਼ੀ ਨਾਗਰ ਨਾਲ਼ ਇੱਕ ਮੁਲਾਕਾਤ ਦੌਰਾਨ ਕਨੇਡੀਅਨ ਪੰਜਾਬੀ ਲੇਖਕ ਇਕਬਾਲ ਰਾਮੂਵਾਲੀਆ ਅਤੇ ਸਰੀ ਦੀ ਸਰਗਰਮੀਕਾਰ ਬੀਬੀ ਪਰਮਿੰਦਰ ਸਵੈਚ ਨੇ, ਕੈਨੇਡਾ ਦੀ ਲਿਬਰਲ ਸਰਕਾਰ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ, ਸੌ ਸਾਲ ਪਹਿਲਾਂ ਵਾਪਰੇ ਕਾਮਾਗਾਟਾ ਮਾਰੂ ਦੇ ਅਤਿਅੰਤ ਘਿਨਾਉਣੇ ਦੁਖਾਂਤ ਲਈ ਪਾਰਲੀਮੈਂਟ ਵਿੱਚ ਮਾਫ਼ੀ ਮੰਗਣ ਦੀ ਦਲੇਰੀ ਅਤੇ ਫ਼ਰਾਖ਼ਦਿਲੀ ਦੀ ਪ੍ਰਸੰਸਾ ਕਰਦਿਆਂ, ਬੀਤੇ ਸਮੇਂ ਦੀਆਂ ਸਰਕਾਰਾਂ ਵੱਲੋਂ, ਸੌ ਸਾਲ ਪਹਿਲਾਂ ਕੈਨੇਡਾ ਦੀ ਸਰਕਾਰ ਦੇ ਅੜੀਅਲ, ਨਸਲਵਾਦੀ, ਅਤੇ ਗ਼ੈਰ-ਇਨਸਾਨੀ ਰਵੱਈਏ ਲਈ ਮੁਆਫ਼ੀ ਮੰਗਣ ਤੋਂ ਕੀਤੀ ਟਾਲ-ਮਟੋਲ਼ ਨੂੰ, ਬੀਤੇ ਕੁਝ ਵਰ੍ਹਿਆਂ ਦੌਰਾਨ ਆਈਆਂ ਸਰਕਾਰਾਂ ਦੇ ਮਨਾਂ ਵਿੱਚ ਛੁਪੇ ਨਸਲਵਾਦ ਦੀ ਨਿੰਦਾ ਵੀ ਕੀਤੀ। ਗ਼ੌਰ-ਤਲਬ ਹੈ ਕਿ ਸੌ ਸਾਲ ਪਹਿਲਾਂ, ਭਾਰਤੀਆਂ ਦੀ ਕੈਨੇਡਾ ਵਿੱਚ ਆਮਦ ਨੂੰ ਰੋਕਣ ਲਈ ਓਸ ਵਕਤ ਦੀ ਕੈਨੇਡਾ ਸਰਕਾਰ ਨੇ ਇਹ ਕਾਨੂੰਨ ਬਣਾ ਦਿੱਤਾ ਸੀ ਕਿ ਕੈਨੇਡਾ ਦੇ ਸਮੁੰਦਰੀ ਤਟ ਉੱਪਰ ਸਿਰਫ਼ ਉਹਨਾਂ ਅਵਾਸੀਆਂ ਨੂੰ ਅੰਦਰ ਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ ਜਿਹੜੇ ਦੁਨੀਆਂ ਦੀ ਕਿਸੇ ਬੰਦਰਗਾਹ ਤੋਂ ਸਿੱਧੇ ਕੈਨੇਡਾ ਆਉਣਗੇ। ਗੁਰਦਿੱਤ ਸਿੰਘ ਨਾਮੀ ਇੱਕ ਪੰਜਾਬੀ ਜਪਾਨ ਤੋਂ ਕਿਰਾਏ 'ਤੇ ਲਏ ਕਾਮਾ ਗਾਟਾਮਾਰੂ ਜਹਾਜ਼ ਰਾਹੀਂ 376 ਮੁਸਾਫ਼ਰਾਂ ਨੂੰ ਲੈ ਕੇ ਜਦੋਂ ਵੈਨਕੂਵਰ ਦੀ ਬੰਦਰਗਾਹ ਉੱਪਰ ਪਹੁੰਚਿਆ ਤਾਂ ਕੈਨੇਡਾ ਦੀ ਨਸਲਵਾਦੀ ਸਰਕਾਰ ਨੇ ਲੰਮਾਂ ਸਮਾਂ ਜਹਾਜ਼ ਨੂੰ ਕਿਨਾਰੇ ਲੱਗਣ ਤੋਂ ਡੱਕੀ ਰੱਖਿਆ ਅਤੇ ਮੁਸਾਫ਼ਰਾਂ ਨੂੰ ਖੱਜਲ਼-ਖ਼ੁਆਰ ਕਰ ਕੇ ਅਖੀਰ 354 ਮੁਸਾਫ਼ਰਾਂ ਸਮੇਤ ਜਹਾਜ਼ ਨੂੰ ਵਾਪਿਸ ਭਾਰਤ ਵੱਲ ਨੂੰ ਧੱਕ ਦਿੱਤਾ। ਕੈਨੇਡਾ ਭਾਰਤੀ-ਪਾਕਿਸਤਾਨੀ ਲੋਕ ਬੀਤੇ ਦੋ ਦਹਾਕਿਆਂ ਤੋਂ, ਕਾਮਾਗਾਟਾ ਮਾਰੂ ਦੇ ਨਸਲਵਾਦੀ ਦੁਖਾਂਤ ਲਈ ਕੈਨੇਡਾ ਦੀ ਪਾਰਲੀਮੈਂਟ ਵਿੱਚ ਮਾਫ਼ੀ ਮੰਗਣ ਉੱਪਰ ਜ਼ੋਰ ਦਿੰਦੇ ਆ ਰਹੇ ਸਨ ਪਰ ਇਹਨਾਂ ਸਾਲਾਂ ਦੌਰਾਨ ਆਈਆਂ ਲਿਬਰਲ ਅਤੇ ਟੋਰੀ ਸਰਕਾਰਾਂ ਮਾਫ਼ੀ ਮੰਗਣ ਤੋਂ ਟਾਲ਼ਮਟੋਲ਼ ਕਰੀ ਗਈਆਂ। ਰਿਸ਼ੀ ਨਾਗਰ ਨਾਲ਼ ਗੱਲਬਾਤ ਦੌਰਾਨ ਦੋਹਾਂ ਬੁਲਾਰਿਆਂ ਨੇ ਇਸ ਤੱਥ ਨੂੰ ਉਜਾਗਰ ਕੀਤਾ ਕਿ ਅਗਰ ਕਾਮਾਗਾਟਾ ਮਾਰੂ ਨੂੰ ਵਾਪਿਸ ਮੋੜਨਾ ਨਸਲਵਾਦੀ ਸਰਕਾਰ ਦੀ ਵੱਡੀ ਗਲਤੀ ਸੀ, ਤਾਂ ਉਸ ਦੁਖਾਂਤ ਨਾਲ਼ ਸੰਬੰਧਤ ਬਦਨਾਮ ਖ਼ੁਫ਼ੀਆ ਪੁਲਸ ਅਫ਼ਸਰ ਹਾਪਕਿਨ ਦਾ, ਸ਼ਹੀਦ ਮੇਵਾ ਸਿੰਘ ਵੱਲੋਂ ਕੀਤਾ ਉਹ ਕਤਲ ਵੀ ਜਾਇਜ਼ ਸੀ ਜਿਹੜਾ ਮੇਵਾ ਸਿੰਘ ਨੂੰ ਏਸ ਲਈ ਕਰਨਾ ਪਿਆ ਕਿਉਂਕਿ ਹਾਪਕਿਨ ਨੇ ਆਪਣੇ ਨਸਲਵਾਦੀ ਰਵੱਈਏ ਅਤੇ ਧੱਕੇਖੋਰੀਆਂ ਰਾਹੀਂ, ਕਾਮਾਗਾਟਾ ਮਾਰੂ ਨਾਲ ਜੁੜੇ ਪੰਜਬੀਆਂ ਦਾ ਜੀਣਾ ਦੁੱਭਰ ਕੀਤਾ ਹੋਇਆ ਸੀ। ਇਸੇ ਤਰ੍ਹਾਂ ਉਸ ਕਤਲੇਆਮ ਦੀ ਮੁਆਫ਼ੀ ਵੀ ਮੰਗਣੀ ਚਾਹੀਦੀ ਹੈ ਜਿਹੜਾ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ਼ ਬਜਬਜ ਘਾਟ ਉੱਪਰ ਉੱਤਰਨ ਸਮੇਂ ਬਰਤਾਨਵੀ ਪੁਲਸ ਨੇ ਵਰਤਾਇਆ। ਇਸ ਕਤਲੇਆਮ ਵਿੱਚ 19 ਮੁਸਾਫ਼ਿਰ ਗੋਲੀਆਂ ਨਾਲ ਉਡਾਅ ਦਿੱਤੇ ਗਏ ਸਨ। ਇਕਬਾਲ ਰਾਮੂਵਾਲੀਆ ਨੇ ਤਾਂ ਇਸ ਗੱਲ ਉੱਪਰ ਵੀ ਜ਼ੋਰ ਦਿੱਤਾ ਕਿ 1919 ਨੂੰ ਵਿਸਾਖੀ ਦੇ ਸਮੇਂ ਬਰਤਾਨਵੀ ਜਨਰਲ ਡਾਇਰ ਵੱਲੋਂ ਅੰਮ੍ਰਿਤਸਰ ਦੇ ਜਲਿਆਂ ਵਾਲੇ ਬਾਗ ਵਿੱਚ ਸੈਂਕੜੇ ਪੰਜਾਬੀਆਂ ਉੱਪਰ ਵਰ੍ਹਾਈਆਂ ਗੋਲੀਆਂ ਦੀ ਮੁਆਫ਼ੀ ਵੀ ਬਰਤਾਨੀਆਂ ਸਰਕਾਰ ਵੱਲੋਂ ਮੰਗੀ ਜਾਣੀ ਚਾਹੀਦੀ ਹੈ। ਇਕਬਾਲ ਨੇ ਕੈਨੇਡਾ ਵਸਦੇ ਪੰਜਾਬੀਆਂ ਨੂੰ ਬੇਨਤੀ ਕੀਤੀ ਕਿ ਕੈਨੇਡਾ ਵਰਗੇ ਬਹੁ-ਸਭਿਆਚਾਰੀ ਮੁਲਕ ਵਿੱਚ ਬਹੁਤ ਹੀ ਜ਼ਿਮੇਵਾਰੀ ਵਾਲਾ ਰਵੱਈਆ ਅਖ਼ਤਿਆਰ ਕਰ ਕੇ ਵਿਚਰਨਾ ਚਾਹੀਦਾ ਹੈ ਤਾਂ ਕਿ ਸਾਡੇ ਭਾਈਚਾਰੇ ਦਾ ਅਕਸ ਨਾ ਵਿਗੜੇ। ਉਹਨਾਂ ਗੁਰਦਵਾਰਿਆਂ ਵਿੱਚ ਅਕਸਰ ਹੀ ਹੁੰਦੇ ਖ਼ੂਨੀ ਟਕਰਾਵਾਂ ਅਤੇ ਹੋਰ ਅਣਸੁਖਾਵੀਆਂ ਘਟਨਾਵਾਂ ਤੋਂ ਗੁਰੇਜ਼ ਕਰਨ ਦੀ ਬੇਨਤੀ ਕੀਤੀ।

**ਇਕਬਾਲ**



# ਬਾਪੂ ਜੀ ਸਿੰਘ ਤੋਂ ਸਿੱਖ ਕਿਉਂ ਬਣੇ

**ਬਲਬੀਰ ਸਿੰਘ ਡਾਲਾ**
905-848-9467



ਦਾਦੀ ਦੇ ਦੱਸਣ ਮੁਤਾਬਕ ਮੇਰੇ ਪਿਤਾ ਜੀ ਭਾਵ ਬਾਪੂ ਜੀ ਦਾ ਜਨਮ ਸੰਨ 1912 ਵਿੱਚ ਹੋਇਆ ਸੀ। ਸਭ ਤੋਂ ਵੱਡੇ ਭਰਾ ਤੇ ਤਿੰਨ ਵੱਡੀਆਂ ਭੈਣਾਂ ਦਾ ਛੋਟਾ ਵੀਰਾ ਹੋਣ ਕਾਰਨ ਉਹਨਾਂ ਨੂੰ ਪੂਰਾ ਲਾਡ ਤੇ ਬੇਹੱਦ ਪਿਆਰ ਮਿਲਿਆ। ਅੱਜ ਭਾਵੇਂ ਡਾਲੇ ਤੋਂ ਮੋਗੇ ਜਾਣਾ ਬੇਹੱਦ ਸੁਖਾਲਾ ਹੈ ਪਰ ਉਹਨਾਂ ਸਮਿਆਂ ਵਿੱਚ ਸੜਕਾਂ ਨਾ ਹੋਣ ਅਤੇ ਆਵਾਜਾਈ ਦੇ ਸਾਧਨ ਨਾ ਹੋਣ ਕਾਰਨ ਉਹਨਾਂ ਨੇ ਆਪਣੀ ਪੜ੍ਹਾਈ ਖਾਲਸਾ ਸਕੂਲ ਮੋਗੇ ਹੋਸਟਲ ਵਿੱਚ ਰਹਿ ਕੇ ਕੀਤੀ। ਖੰਡ ਘਿਉ ਤਾਂ ਆਮ ਗੱਲ ਸੀ ਕਿਉਂਕਿ ਘਰੇ ਲਵੇਰੀਆਂ ਹੋਣ ਕਾਰਣ ਘਿਉ ਦਾ ਕੋਈ ਤੋੜਾ ਨਹੀਂ ਸੀ। ਪਰ ਫਿਰ ਵੀ ਜਦੋਂ ਕਦੇ ਘਰ ਚ ਕੋਈ ਖਾਸ ਚੀਜ ਬਣਦੀ ਤਾਂ ਘਰ ਦਾ ਕੋਈ ਨਾ ਕੋਈ ਜੀਅ ਬਾਪੂ ਜੀ ਨੂੰ ਹੋਸਟਲ ਵਿੱਚ ਦੇ ਕੇ ਆਉਂਦਾ। ਖਾਲਸਾ ਸਕੂਲ ਦੇ ਮਹੌਲ ਵਿੱਚ ਰਹਿ ਕੇ ਉਹ ਉਹ ਨਿੱਤਨੇਮੀ, ਸ਼ਰਧਾਵਾਨ ਤੇ ਅੰਮ੍ਰਿਤਧਾਰੀ ਸਿੰਘ ਸਜ ਗਏ। ਸੇਵਾ ਭਾਵ ਤਾਂ ਵਿਰਸੇ ਵਿੱਚ ਹੀ ਮਿਲਿਆ ਸੀ। ਉਹਨਾਂ ਦਿਨਾਂ ਵਿੱਚ ਪੜ੍ਹਨ ਲਿਖਣ ਕੋਈ ਵਿਰਲਾ ਹੀ ਜਾਣਦਾ ਸੀ। ਨਿਮਰ ਸੁਭਾਅ ਦੇ ਹੋਣ ਕਾਰਨ ਪਿੰਡ ਦੇ ਬਹੁਗਿਣਤੀ ਲੋਕ ਚਿੱਠੀਆਂ ਪੜ੍ਹਾਉਣ ਤੇ ਲਿਖਾਉਣ ਲਈ ਉਹਨਾਂ ਕੋਲ ਆਉਣਾ ਹੀ ਪਸੰਦ ਕਰਦੇ ਸਨ। ਜੱਦੀ ਪੁਸ਼ਤੀ ਖੇਤੀਬਾੜੀ ਦਾ ਕੰਮ ਵਧੀਆ ਚਲਦਾ ਸੀ ਪਰ ਉਹਨਾਂ ਦੀ ਖੇਤੀ ਬਾੜੀ ਦੇ ਕੰਮ ਵਿੱਚ ਖਾਸ ਦਿਲਚਸਪੀ ਨਹੀਂ ਸੀ। ਸਿੰਘਾਪੁਰ ਅਤੇ ਮਲੇਸ਼ੀਆ ਗਏ ਪਰ ਉੱਥੇ ਜੀਅ ਨਾ ਲਾਇਆ ਤੇ ਵਾਪਸ ਪਿੰਡ ਪਰਤ ਆਏ। ਉਹਨਾਂ ਦੀ ਭੂਆ ਦੀ ਲੜਕੀ ਰਾਇਪੁਰ ਗੁੱਜਰਵਾਲ ਵਿਆਹੀ ਹੋਈ ਸੀ ਜਿੰਨ੍ਹਾਂ ਦਾ ਕਲਕੱਤੇ ਟਰਾਂਸਪੋਰਟ ਦਾ ਚੰਗਾ ਕਾਰੋਬਾਰ ਸੀ। ਉਨ੍ਹਾਂ ਨੇ ਸਲਾਹ ਦਿੱਤੀ ਕਿ ਗੁਰਦਿਆਲ (ਮੇਰੇ ਪਿਤਾ ਜੀ ) ਨੂੰ ਥੋੜੇ ਬਹੁਤ ਪੈਸੇ ਦੇ ਕੇ ਕਲਕੱਤੇ ਭੇਜ ਦਿਓ ਅਸੀ ਉਸ ਨੂੰ ਟਰੱਕ ਜਾਂ ਬੱਸ ਲੈ ਦਿਆਂਗੇ। ਘਰਦਿਆਂ ਦੇ ਕਹਿਣ ਤੇ ਉਸ ਪਰਿਵਾਰ ਨਾਲ ਸਨੇਹ ਹੋਣ ਕਰਕੇ ਝੱਟ ਕਲਕੱਤੇ ਜਾਣ ਲਈ ਤਿਆਰ ਹੋ ਗਏ । ਉਹਨਾਂ ਦੇ ਨਾਲ ਲਿਜਾਣ ਲਈ ਤਿੰਨ ਸੌ ਰੁਪਏ ਦਾ ਬੰਦੋਬਸਤ ਕੀਤਾ ਗਿਆ। ਇੰਨੀ ਰਕਮ ਨਾਲ ਮੰਦਵਾੜੇ ਦੇ ਉਹਨਾਂ ਦਿਨਾ ਵਿੱਚ ਪੰਜ ਏਕੜ ਤੋਂ ਵੀ ਵੱਧ ਜ਼ਮੀਨ ਖਰੀਦੀ ਜਾ ਸਕਦੀ ਸੀ। ਜਿਸ ਦਿਨ ਬਾਪੂ ਜੀ ਹੋਰਾਂ ਨੇ ਕਲਕੱਤੇ ਜਾਣਾ ਸੀ ਉਸੇ ਦਿਨ ਗੁਆਂਢੀਆਂ ਨੇ ਅਖੰਡ ਪਾਠ ਰੱਖਿਆ ਸੀ। ਗੁਆਂਢੀਆ ਨੇ ਵਾਸਤਾ ਪਾਇਆ ਕਿ ਉਹਨਾਂ ਵਰਗੇ ਸ਼ਰਧਾਵਾਨ ਦੀ ਸੇਵਾ ਬਿਨਾਂ ਇਹ ਪਾਠ ਅਧੂਰਾ ਰਹੇਗਾ। ਬਾਪੂ ਜੀ ਕਦੋਂ ਕਿਸੇ ਨੂੰ ਜਵਾਬ ਦੇਣ ਵਾਲੇ ਸਨ ਝੱਟ ਰੁਕਣ ਲਈ ਤਿਆਰ ਹੋ ਗਏ ਤੇ ਸੇਵਾ ਵਿੱਚ ਰੁੱਝ ਗਏ। ਪਾਠ ਦੀ ਦੂਜੀ ਰਾਤ ਵੀ ਸਾਰੀ ਰਾਤ ਜਾਗਣ ਵਾਲਾ ਕੋਈ ਹੋਰ ਨਾ ਲੱਭਾ। ਦੂਜੀ ਰਾਤ ਸੇਵਾ ਵਿੱਚ ਬੈਠਿਆਂ ਨੀਂਦ ਉਤੋਂ ਦੀ ਪੈ ਗਈ ਤੇ ਕਲਕੱਤੇ ਲਿਜਾਣ ਲਈ ਜੇਬ ਵਿੱਚ ਰੱਖੇ ਹੋਏ ਸਾਰੇ ਪੈਸੇ ਗਾਇਬ ਹੋ ਗਏ ਜਿਸ ਦਾ ਬਾਅਦ ਵਿੱਚ ਪਤਾ ਲੱਗਣ ਤੇ ਵੀ ਉਹ ਭੱਦਰ ਪੁਰਸ਼ ਸਾਫ ਮੁੱਕਰ ਗਿਆ। ਉਸ ਸਮੇਂ ਪੁੱਛ ਪੜਤਾਲ ਕਰਨ ਤੇ ਕੁੱਝ ਵੀ ਪਿੜ ਪੱਲੇ ਨਾ ਪਿਆ। ਕਿਸੇ ਵੀ ਜਾਗ ਰਹੇ ਵਿਅਕਤੀ, ਪਾਠ ਕਰ ਰਹੇ ਪਾਠੀ ਤੇ ਕਿਸੇ ਘਰ ਵਾਲੇ ਜਾਂ ਕਿਸੇ ਹੋਰ ਨੇ ਲੜ ਪੱਲਾ ਨਾ ਫੜਾਇਆ। ਬਾਪੂ ਜੀ ਦਾ ਮਨ ਇਸ ਘਟਨਾ ਤੇ ਬਹੁਤ ਜਿਆਦਾ ਅਵਾਜ਼ਾਰ ਹੋ ਗਿਆ। ਉਹ ਆਪਣੇ ਮਨ ਨਾਲ ਵਿਚਾਰ ਕਰਨ ਲੱਗੇ ਕਿ ਗ੍ਰੰਥ ਸਾਹਿਬ ਦੇ ਹੋ ਰਹੇ ਪਾਠ ਸਾਹਮਣੇ ਅਜਿਹੀ ਘਟਨਾ ਕਿਵੇਂ ਹੋ ਸਕਦੀ ਹੈ ਉਹ ਆਸਥਾ ਰੱਖੇ ਤਾਂ ਕਿਸ ਤੇ ਰੱਖੇ। ਪਤਾ ਨਹੀਂ ਉਹਨਾਂ ਦੇ ਮਨ ਵਿੱਚ ਕੀ ਆਈ ਉਹ ਸਿੱਧਾ ਘਰ ਗਏ ਤੇ ਕਿਰਪਾਨ ਉਤਾਰ ਦਿੱਤੀ ਤੇ ਸਿੰਘ ਤੋਂ ਸਿੱਖ ਬਣ ਗਏ ਤੇ ਆਮ ਲੋਕਾਂ ਵਾਂਗ ਬਾਣੀ ਦਾ ਪਾਠ ਕਰਨ ਦੀ ਥਾਂ ਉਸ ਅਰਥ ਭਰਪੂਰ ਅਧਿਅਨ ਕਰਨ ਲੱਗੇ ਤਾਂ ਕਿ ਕੁੱਝ ਸਿੱਖਿਆ ਜਾ ਸਕੇ।ਇਸ ਦੇ ਨਾਲ ਹੀ ਗੁਰਬਾਣੀ ਤੋਂ ਬਿਨਾਂ ਹੋਰ ਪੁਸਤਕਾਂ ਦਾ ਅਧਿਅਨ ਵੀ ਕਰਨ ਲੱਗੇ। ਪ੍ਰੀਤਲੜੀ ਦੀਆਂ ਲਿਖਤਾਂ ਨੇ ਉਨ੍ਹਾਂ ਤੇ ਬਹੁਤ ਪ੍ਰਭਾਵ ਪਾਇਆ ਤੇ ਉਸਦੇ ਪੱਕੇ ਪਾਠਕ ਬਣ ਗਏ ਤੇ ਸਾਰੀ ਉਮਰ ਸਿੱਖ ਬਣ ਕੇ ਸਿਖਦੇ ਹੀ ਰਹੇ। ਕਲਕੱਤੇ ਜਾ ਕੇ ਬੰਗਾਲੀਆਂ ਦੀ ਸੋਚ ਦਾ ਪ੍ਰਭਾਵ ਵੀ ਉਹਨਾਂ ਤੇ ਪਿਆ। ਹਰ ਗੱਲ ਨੂੰ ਸੋਚ ਕੇ ਸਮਝ ਕੇ ਆਪਣਾ ਜੀਵਣ ਬਤੀਤ ਕਰਨ ਲੱਗੇ। ਉਹਨਾਂ ਇਸੇ ਸੋਚ ਅਧੀਨ ਹਿੰਦੁਸਤਾਨ ਦੀ ਜੰਗੇ-ਆਜ਼ਾਦੀ ਲਹਿਰ ਵਿੱਚ ਵੀ ਆਪਣਾ ਯੋਗਦਾਨ ਪਾਇਆ। ਕਿਸੇ ਵੀ ਚੀਜ ਤੇ ਅੰਧ ਵਿਸ਼ਵਾਸ ਕਰਨ ਦੀ ਥਾਂ ਤਰਕ ਦੇ ਆਧਾਰ ਤੇ ਆਪਣੀ ਸਫਲ ਜਿੰਦਗੀ ਬਿਤਾਈ।

# ਪੱਤਰ ਸਾਹਿਤ ਅਤੇ ਸੰਗੀਤ ਰਸੀਆਂ ਦੇ ਨਾਂ

ਪਿਆਰਿਓ!

ਬਜ਼ੁਰਗ ਲੇਖਕ ਪੂਰਨ ਸਿੰਘ ਪਾਂਧੀ ਦਾ ਪੰਜਾਬੀ ਵਾਰਤਕ ਲੇਖਣ ਤੇ ਸੰਗੀਤ ਅਧਿਐਨ ਵਿਚ ਵਿਸ਼ੇਸ਼ ਨਾਂ ਹੈ। ਉਹ ਸਭਿਆਚਾਰ, ਸੰਗੀਤ ਤੇ ਗੁਰਬਾਣੀ ਬਾਰੇ ਲਿਖਣ ਵਾਲਾ ਪ੍ਰਮਾਣਿਕ ਲੇਖਕ ਹੈ। ਇਸ ਖੇਤਰ ਵਿਚ ਉਸ ਦਾ ਵਿਸ਼ੇਸ਼ ਯੋਗਦਾਨ ਹੈ। ਉਸ ਤੋਂ ਸੇਧ ਤੇ ਪ੍ਰੇਰਨਾ ਲੈ ਕੇ ਅਨੇਕਾਂ ਸਾਹਿਤ/ਸੰਗੀਤ ਪ੍ਰੇਮੀ ਪ੍ਰੇਰੇ ਗਏ ਹਨ। ਉਸ ਨੇ ਕਈ ਪੁਸਤਕਾਂ ਰਚੀਆਂ ਹਨ। ਪਾਠਕ ਉਹਦੀ ਲੈਅਮਈ ਲਿਖਤ ਪੜ੍ਹਦਿਆਂ ਰਸ, ਰੰਗ, ਸੁਗੰਧ ਦਾ ਸਵਾਦ ਮਾਣਦੇ ਸਰਸ਼ਾਰ ਹੁੰਦੇ ਹਨ। ਜੀਵਨ ਦੇ ਅੱਠ ਦਹਾਕਿਆਂ ਤੋਂ ਵੱਧ ਲੰਮੇ ਸਮੇਂ ਦੌਰਾਨ ਉਸ ਨੇ ਬਹੁ-ਪੱਖੀ ਲਿਖਤਾਂ ਲਿਖੀਆਂ ਹਨ। ਉਸ ਕੋਲ ਸ਼ਬਦਾਂ ਦੇ ਹੁਸਨ ਨੂੰ ਪਛਾਨਣ, ਤਰਤੀਬਣ ਤੇ ਵਿਉਂਤਣ ਦੀ ਅਲੋਕਾਰੀ ਸਮਰੱਥਾ ਹੈ। ਉਹ ਕਵਿਤਾ ਲਿਖਣ ਵਾਂਗ ਸ਼ਬਦਾਂ ਤੇ ਵਾਕਾਂ ਨੂੰ ਜੋੜਦਾ ਬੀੜਦਾ ਹੈ। ਸ਼ਬਦਾਂ ਦੀ ਇਸ ਸੁਹਜੀਲੀ ਜੜਤ ਦੇ ਜਲੌਅ ਵਿਚੋਂ ਜ਼ਿੰਦਗੀ ਦੇ ਬਹੁਰੰਗੇ ਝਲਕਾਰੇ ਮਿਲਦੇ ਹਨ।

ਪਾਂਧੀ ਕੈਨੇਡਾ ਦਾ ਸਰਗਰਮ ਲੇਖਕ ਹੈ। ਪੰਜਾਬ ਅਤੇ ਉੱਤਰੀ ਅਮਰੀਕਾ ਵਿਚ ਵਸਦੇ ਪਾਂਧੀ ਦੇ ਸਨੇਹੀਆਂ ਨੇ ਫ਼ੈਸਲਾ ਕੀਤਾ ਹੈ ਕਿ ਪੰਜਾਬੀ ਸਾਹਿਤ ਨੂੰ ਵਡਮੁੱਲੀ ਦੇਣ ਦੇਣ ਵਾਲੇ ਬਾਕਮਾਲ, ਬੇਗ਼ਰਜ਼ ਤੇ ਇਨਾਮਾਂ ਸਨਮਾਨਾਂ ਤੋਂ ਬੇਨਿਆਜ਼ ਇਸ ਮਾਣਮੱਤੇ ਲੇਖਕ ਦਾ ਅਭਿਨੰਦਨ ਕੀਤਾ ਜਾਵੇ। ਇਸ ਲੜੀ ਵਿਚ ਸਭ ਤੋਂ ਪਹਿਲਾਂ ਪੂਰਨ ਸਿੰਘ ਪਾਂਧੀ ਬਾਰੇ ਪੁਸਤਕ ਪ੍ਰਕਾਸ਼ਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਸੱਜਣਾਂ-ਸਨੇਹੀਆਂ ਨੇ ਇਸ ਪੁਸਤਕ ਨੂੰ ਸੰਪਾਦਤ ਕਰਨ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ ਹੈ।

ਤੁਸੀਂ ਪਾਂਧੀ ਜੀ ਦੇ ਨੇੜਲੇ ਜਾਣਕਾਰ, ਮਿੱਤਰ, ਪਾਠਕ ਤੇ ਸਨੇਹੀ ਹੋ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਪਾਂਧੀ ਹੁਰਾਂ ਨਾਲ ਸੰਬੰਧਤ ਯਾਦਾਂ, ਉਹਨਾਂ ਦੀਆਂ ਪ੍ਰਾਪਤੀਆਂ, ਉਹਨਾਂ ਦੀ ਸ਼ਖ਼ਸੀਅਤ ਦੇ ਵਿਭਿੰਨ ਪਹਿਲੂਆਂ ਬਾਰੇ ਜਾਂ ਜੋ ਕੁਝ ਵੀ ਤੁਸੀਂ ਉਹਨਾਂ ਬਾਰੇ ਮਹਿਸੂਸ ਕਰਦੇ ਹੋ, ਸਾਨੂੰ 31 ਮਈ 2016 ਤੱਕ ਲਿਖ ਭੇਜਣ ਦੀ ਕਿਰਪਾ ਕਰੋ। ਤੁਸੀਂ ਆਪਣੀ ਲਿਖਤ ਟਾਈਪ ਕਰ/ਕਰਵਾ ਕੇ ਮੈਨੂੰ ਮੇਰੇ ਈ-ਮੇਲ ਪਤੇ principalsarwansingh@gmail.com ’ਤੇ ਭੇਜ ਸਕਦੇ ਹੋ। ਫੋਨ: ਸਰਵਣ ਸਿੰਘ 905-799-1661 ਬ੍ਰੈਂਪਟਨ।

**ਪਿਆਰ ਨਾਲ ਤੁਹਾਡਾ, ਸਰਵਣ ਸਿੰਘ**














# ਮਈ ਦਿਵਸ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ



**ਬਰੈਂਪਟਨ/ਹਰਜੀਤ ਬੇਦੀ**

ਗਰੇਟਰ ਟੋਰਾਂਟੋ ਏਰੀਏ ਦੀਆਂ ਵੱਖ-ਵੱਖ ਜਨਤਕ ਜਥੇਬੰਦੀਆਂ ਤੇ ਆਧਾਰਿਤ ਬਣੀ ਮਈ ਦਿਵਸ ਕਮੇਟੀ ਵਲੋਂ ਅੰਤਰ-ਰਾਸ਼ਟਰੀ ਮਜਦੂਰ ਦਿਵਸ ਮਨਾਇਆ ਗਿਆ । ਇਸ ਵਿੱਚ ਭਾਗ ਲੈਂਦਿਆਂ ਪ੍ਰੋਗਰੈਸਿਵ ਨੇਪਾਲੀਜ਼ਇਨ ਅਮੈਰਿਕਾ ਵਲੋਂ ਚੰਦਰਾਭੁਜ ਰਾਏ ਨੇ ਨੇਪਾਲ ਵਿੱਚ ਮਜਦੂਰ ਲਹਿਰ ਦਾ ਜ਼ਿਕਰ ਕਰਦਿਆਂ ਮਜਦੂਰ ਲਹਿਰ ਦੇ ਸ਼ਹੀਦਾਂ ਨੂੰ ਯਾਦ ਕੀਤਾ। ਕਮੇਟੀ ਆਫ ਪਾਕਿਸਤਾਨੀ ਕਨੇਡੀਅਨ ਦੇ ਆਰਿਫ ਰਾਜਾ ਨੇ ਮਜਦੂਰ ਸੰਘਰਸ਼ ਰਾਹੀਂ ਕੰਮ ਦੇ ਘੰਟੇ ਘਟਾਉਣ ਲਈ ਕੀਤੀ ਜਦੋ-ਜਹਿਦ ਦਾ ਵਰਣਨ ਕੀਤਾ। "ਸਰੋਕਾਰਾਂ ਦੀ ਆਵਾਜ਼" ਦੇ ਸਬ-ਐਡੀਟਰ ਡਾ. ਹਰਦੀਪ ਸਿੰਘ ਨੇ ਕਿਹਾ ਕਿ ਮਿਹਨਤਕਸ਼ ਵਰਗ ਖਾਸ ਕਰ ਔਰਤ ਵਰਕਰਾਂ ਨੂੰ ਜ਼ਿਆਦਾ ਸਿਹਤ ਸਹੂਲਤਾਂ ਦੀ ਲੋੜ ਹੈ ਕਿਉਂਕਿ ਉਨ੍ਹਾਂ ਨੇ ਕਿਰਤ ਵੇਚਕੇ ਆਪਣੇ ਪਰਿਵਾਰ ਦੀ ਪਾਲਣਾ ਕਰਨੀ ਹੁੰਦੀ ਹੈ ਜਦੋਂ ਕਿ ਕਾਰਪੋਰੇਟ ਸੈਕਟਰ ਨੂੰ ਸਿਰਫ ਆਪਣੇ ਮੁਨਾਫੇ ਨਾਲ ਸਰੋਕਾਰ ਹੁੰਦਾ ਹੈ ।

ਕਲਮਾਂ ਦੇ ਕਾਫਲੇ ਵਲੋਂ ਬੋਲਦਿਆਂ ਕੁਲਵਿੰਦਰ ਖਹਿਰਾ ਨੇ ਆਰਜੀ ਕਾਮਿਆ, ਫਾਰਮ ਵਰਕਰਾਂ, ਨੈਨੀਜ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਮਜਬੂਰੀਆਂ ਕਾਰਨ ਉਹਨਾਂ ਦੇ ਹੁੰਦੇ ਸ਼ੋਸ਼ਣ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਸਦਾ ਅਸਰ ਸਾਰੇ ਕਾਮਿਆਂ 'ਤੇ ਪੈਂਦਾ ਹੈ ਜਿਹੜਾ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਦੇ ਐਜੂਕੇਸ਼ਨ-ਕੁਆਰਡੀਨੇਟਰ ਡਾ. ਬਲਜਿੰਦਰ ਸੇਖੋਂ ਨੇ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਤੋਂ ਸ਼ੁਰੂ ਹੋਈ ਮਜਦੂਰ ਲਹਿਰ ਦੇ ਇਤਿਹਾਸ ਬਾਰੇ ਚਾਨਣਾ ਪਾਉਂਦੇ ਹੋਏ ਉਸ ਨੂੰ ਅੱਜ ਦੇ ਹਾਲਾਤ ਨਾਲ ਜੋੜਕੇ ਮਜਦੂਰ ਲਹਿਰ ਦਾ ਸੰਘਰਸ਼ ਲਗਾਤਾਰ ਜਾਰੀ ਰੱਖਣ ਦਾ ਸੱਦਾ ਦਿੱਤਾ। ਇੰਡੋ ਕਨੇਡੀਅਨ ਵਰਕਰਜ਼ ਦੇ ਸੁਰਜੀਤ ਸਹੋਤਾ ਨੇ ਭਾਰਤ ਵਿੱਚ ਸੋਸਲਿਸ਼ਟ ਮੂਵਮੈਂਟ ਦੇ ਇਤਿਹਾਸ ਤੋਂ ਸਰੋਤਿਆਂ ਨੂੰ ਜਾਣੂ ਕਰਵਾਇਆ। ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਦੇ ਪ੍ਰਬੰਧਕੀ-ਕੁਆਰਡੀਨੇਟਰ ਬਲਰਾਜ ਸ਼ੋਕਰ ਨੇ ਮੋਦੀ ਸਰਕਾਰ ਦੁਆਰਾ ਕਾਰਪੋਰੇਟ ਸੈਕਟਰ ਦੇ ਹਿੱਤ ਪੂਰਨ ਲਈ ਕਿਰਤੀ ਜਥੇਬੰਦੀਆਂ ਤੇ ਸ਼ਿਕੰਜਾ ਕਸੇ ਜਾਣ ਦੀ ਗੱਲ ਕੀਤੀ । ਲੋਕ-ਪੱਖੀ ਅਤੇ ਤਰਕਸ਼ੀਲ ਵਿਚਾਰਧਾਰਾ ਰੱਖਣ ਵਾਲੇ ਕੁਲਬਰਗੀ, ਪੰਸਾਰੇ ਹੋਰ ਬੁੱਧੀਜੀਵੀਆਂ ਦੇ ਕਤਲਾਂ ਨੂੰ ਮੰਦਭਾਗਾ ਕਰਾਰ ਦਿੰਦੇ ਹੋਏ ਕਿਹਾ ਕਿ ਅਜਿਹੇ ਕਤਲ ਧਾਰਮਿਕ ਕੱਟੜਤਾ ਵਾਲੀ ਰਾਜਨੀਤੀ ਕਾਰਨ ਹੁੰਦੇ ਹਨ।

ਹਰਿੰਦਰ ਹੁੰਦਲ ਨੇ ਹਾਜ਼ਰ ਸਰੋਤਿਆਂ ਨੂੰ ਮਈ ਦਿਵਸ ਕਮੇਟੀ ਦੀ ਮੱਦਦ ਲਈ ਪ੍ਰੇਰਿਆ। ਸੀ.ਪੀ.ਸੀ. ਦੇ ਡੈਵਮਕੀਅ ਨੇ ਉਹਨਾਂ ਦੀ ਜਥੇਬੰਦੀ ਨੂੰ ਕਿਰਤੀਆਂ ਦੇ ਹੱਕਾਂ ਦੀ ਰਖਵਾਲੀ ਕਰਾਰ ਦਿੱਤਾ। ਬਲਦੇਵ ਸਿੰਘ ਪਦਮ ਨੇ ਮਈ ਦਿਵਸ ਨੂੰ ਕਿਰਤੀਆਂ ਦਾ ਪੁਰਬ ਦੱਸਦਿਆਂ ਭਵਿੱਖ ਵਿੱਚ ਇਸ ਨੂੰ ਵੱਡੇ ਪੱਧਰ ਤੇ ਮਨਾਉਣ ਲਈ ਹਾਜ਼ਰੀਨ ਤੋਂ ਹੋਰ ਵਧੇਰੇ ਸਾਥ ਦੀ ਮੰਗ ਕਰਦਿਆਂ ਉਹਨਾਂ ਦੁਆਰਾ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ।

ਪੰਜਾਬੀ ਸੱਭਿਆਚਾਰਕ ਮੰਚ ਦੇ ਸੁਖਦੇਵ ਧਾਲੀਵਾਲ ਨੇ ਕਿਹਾ ਕਿ ਸੰਘਰਸ਼ਾਂ ਰਾਹੀਂ ਮਜਦੂਰ ਵਰਗ ਨੇ ਕਾਫੀ ਕੁੱਝ ਪ੍ਰਾਪਤ ਕੀਤਾ ਹੈ। ਹੋਰ ਪ੍ਰਾਪਤੀਆਂ ਲਈ ਜਦੋ-ਜਹਿਦ ਜਾਰੀ ਰੱਖਣ ਦੀ ਲੋੜ ਹੈ।

ਇਸ ਪ੍ਰੋਗਰਾਮ ਦੌਰਾਨ ਹਰਜੀਤ ਬੇਦੀ, ਬਲਜੀਤ ਧਾਲੀਵਾਲ, ਅਰੂਜ਼ ਰਾਜਪੂਤ ਅਰੂਜ਼ (ਕਨੇਡਾ ਜਿੰਦਾਬਾਦ ਰੇਡੀਓ), ਬਲਜੀਤ ਬੈਂਸ ਅਤੇ ਸੁਮੀਤ ਬੈਂਸ ਨੇ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ। ਕਾ: ਸ਼ਮਸ਼ਾਦ ਇਲਾਹੀ ਨੇ ਸਰਤਿਆਂ ਨਾਲ ਸੂਚਨਾਵਾਂ ਸਾਂਝੀਆਂ ਕੀਤੀਆ। "ਸਰੋਕਾਰਾਂ ਦੀ ਆਵਾਜ਼" ਦੇ ਦਵਿੰਦਰ ਤੂਰ ਵਲੋਂ ਪ੍ਰੋਗਰਾਮ ਦੀ ਫੋਟੋਗ੍ਰਾਫੀ ਕੀਤੀ ਗਈ। ਅੰਤ ਵਿੱਚ ਕਿਰਤੀਆਂ ਦੇ ਕੌਮਾਂਤਰੀ ਗੀਤ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਕੇ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ। ਕਾ: ਵਿਲਫਰਡ ਨੇ ਸਾਰੀ ਕਾਰਵਾਈ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਇਆ। ਇਸ ਮੌਕੇ "ਸਰੋਕਾਰਾਂ ਦੀ ਆਵਾਜ਼" ਵਲੋਂ ਲੋਕ-ਪੱਖੀ ਤੇ ਅਗਾਂਹਵਧੂ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ ਗਈ।











## ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ

# ਸਮਾਜਵਾਦ ਹੀ ਮਨੁੱਖੀ ਮੁਕਤੀ ਮਾਰਗ ਦਾ ਇੱਕੋ ਇੱਕ ਰਾਹ

## ਪਹਿਲੀ ਮਈ ਸ਼ਹੀਦਾਂ ਅਤੇ ਸਤਨਾਮ ਜੰਗਲਨਾਮਾ ਨੂੰ ਸ਼ਰਧਾਂਜਲੀ









**ਕੈਲਗਰੀ/ਮਾਸਟਰ ਭਜਨ**

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਕੋਸੋ ਹਾਲ ਵਿੱਚ ਹੋਈ ਮਈ ਮਹੀਨੇ ਦੀ ਮੀਟਿੰਗ ਦੌਰਾਨ ਪਹਿਲੀ ਮਈ ਦੇ ਸ਼ਹੀਦਾਂ ਸੰਬੰਧੀ ਖੁੱਲ੍ਹ ਕੇ ਵਿਚਾਰਾਂ ਹੋਈਆਂ। ਵੱਖ-ਵੱਖ ਬੁਲਾਰਿਆਂ ਨੇ ਪੂੰਜੀਵਾਦੀ ਅਤੇ ਸਾਮਰਾਜਵਾਦ ਵਿਰੁੱਧ ਲੋਕਾਂ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੱਤਾ।




ਸਮਾਗਮ ਦੀ ਸ਼ੁਰੂਆਤ ਅਮੋਲਕ ਸਿੰਘ (ਕਨਵੀਨਰ, ਸਭਿਆਚਾਰਕ ਵਿੰਗ) ਦੇ ਲਿਖੇ ਝੰਡੇ ਦੇ ਗੀਤ ਨਾਲ਼ ਹੋਈ। ਇਹ ਗੀਤ 2015 ਵਿੱਚ ਦੇਸ਼ ਭਗਤ ਹਾਲ ਜਲੰਧਰ ਵਿੱਚ ਗਦਰੀ ਬਾਬਿਆਂ ਦੇ ਮੇਲੇ ’ਤੇ ਦਿਖਾਇਆ ਗਿਆ ਸੀ। ਇਸ ਗੀਤ ਵਿੱਚ ਗਦਰ ਪਾਰਟੀ ਦੇ 100 ਸਾਲ ਦੇ ਇਤਿਹਾਸ ਨੂੰ ਪੇਸ਼ ਕੀਤਾ ਗਿਆ ਹੈ। ਗੀਤ ਰਾਹੀਂ 116 ਪਾਤਰਾਂ ਨੇ ਗਦਰੀ ਬਾਬਿਆਂ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰਕੇ ਉਹਨਾਂ ਤੋਂ ਪ੍ਰੇਰਣਾ ਲੈਣ ਦਾ ਸੰਦੇਸ਼ ਦਿੱਤਾ ਹੈ। ਇਸ ਤੋਂ ਬਾਅਦ ਪਹਿਲੀ ਮਈ ਦੇ ਸ਼ਹੀਦਾਂ ਅਤੇ ਸਤਨਾਮ ਜੰਗਲਨਾਮਾ ਨੂੰ ਇੱਕ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਮਾਸਟਰ ਭਜਨ ਨੇ ਸਤਨਾਮ ਬਾਰੇ ਦੱਸਿਆ ਕਿ ਬਸਤਰ ਦੇ ਜੰਗਲ਼ਾਂ ਵਿੱਚ ਰਹਿ ਕੇ ਬਹੁ-ਚਰਚਿਤ ਨਾਵਲ ‘ਜੰਗਲਨਾਮਾ’ ਲਿਖਿਆ ਜਿਸ ਕਰਕੇ ਉਹ ਸਤਨਾਮ ਜੰਗਲਨਾਮਾ ਦੇ ਨਾਂ ਨਾਲ਼ ਜਾਣਿਆ ਜਾਣ ਲੱਗਿਆ। ਉਸ ਨੇ ਸੰਸਾਰ ਪ੍ਰਸਿੱਧ ਨਾਵਲ ‘ਸਪਾਰਟਿਕਸ’ ਦਾ ਪੰਜਾਬੀ ਵਿੱਚ ਅਨੁਵਾਦ ਵੀ ਕੀਤਾ। ਗਿਆਰਵੀਂ ਦੀ ਪੜ੍ਹਾਈ ਛੱਡ ਕੇ ਸਾਰਾ ਜੀਵਨ ਲੋਕਾਂ ਦੇ ਲੇਖੇ ਲਾਉਣ ਵਾਲੇ ਸਤਨਾਮ ਨੂੰ ਭਾਵਪੂਰਤ ਸ਼ਰਧਾਂਜਲੀ ਦਿੰਦੇ ਹੋਏ ਮਾਸਟਰ ਭਜਨ ਨੇ ਕਿਹਾ ਕਿ ਸੰਕਟਮਈ ਸਮੇਂ ਵਿੱਚ ਉਹਨਾਂ ਦਾ ਤੁਰ ਜਾਣਾ ਸਮਾਜਵਾਦੀ ਵਿਚਾਰਾਧਾਰਾ ਲਈ ਨਾ ਪੂਰਿਆ ਜਾਣ ਵਾਲ਼ਾ ਘਾਟਾ ਹੈ।

ਸੋਹਨ ਮਾਨ ਨੇ ਮਈ ਦਿਵਸ ਦਾ ਇਤਿਹਾਸ ਅਤੇ ਮਈ ਦਿਵਸ ਦੇ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਬਾਰੇ ਵਿਸਥਾਰਤ ਗੱਲ ਕੀਤੀ। ਉਹਨਾਂ ਨੇ ਕਿਹਾ ਕਿ ਪੂੰਜੀਵਾਦੀ ਅਤੇ ਸਾਮਰਾਜਵਾਦ ਦਾ ਮਤਲਬ ਜੰਗ, ਮੁਨਾਫੇ ਲਈ ਹਥਿਆਰ ਵੇਚਣੇ, ਦੁਨੀਆ ਦੀ ਤਬਾਹੀ ਅਤੇ ਵਾਤਾਵਰਣ ਖਰਾਬ ਕਰਨਾ ਹੈ। ਉਹਨਾਂ ਕਿਹਾ ਕਿ ਸਮਾਜਵਾਦ ਹੀ ਮਨੁੱਖਤਾ ਨੂੰ ਬਚਾਉਣ ਦਾ ਇੱਕੋ ਇੱਕ ਰਾਹ ਹੈ ਕਿਉਂਕਿ ਇਹ ਮਨੁੱਖੀ ਲੁੱਟ ਤੋਂ ਰਹਿਤ ਹੈ। ਇਸ ਵਿੱਚ ਜੰਗਾਂ-ਹਥਿਆਰਾਂ ਲਈ ਕੋਈ ਥਾਂ ਨਹੀਂ। ਗੁਰਬਚਨ ਬਰਾੜ ਨੇ ਕਿਹਾ ਕਿ ਸਾਮਰਾਜਵਾਦ ਨੇ ਦੁਨੀਆ ਤੇ ਆਪਣਾ ਗਲਬਾ ਕਾਇਮ ਕਰਨ ਲਈ ਆਈ. ਐਮ. ਐਫ., ਵਰਲਡ ਬੈਂਕ ਅਤੇ ਵਿਸ਼ਵ ਵਪਾਰ ਸੰਗਠਨ ਵਰਗੇ ਅਦਾਰੇ ਬਣਾਏ ਹੋਏ ਹਨ। ਆਰਥਿਕ ਮੰਦੀ ਦੀ ਆੜ ਵਿੱਚ ਮਜ਼ਦੂਰਾਂ ਦੇ ਸੰਘਰਸ਼ ਨੂੰ ਕੁਚਲਿਆ ਜਾ ਰਿਹਾ ਹੈ ਅਤੇ ਨੌਕਰੀਆਂ ਦੀ ਛਾਂਟੀ ਕਰੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸਾਮਰਾਜੀਆਂ ਦੇ ਸਰਗਣੇ ਅਮਰੀਕਾ ਦੀ ਅੰਦਰੂਨੀ ਹਾਲਤ ਬਹੁਤ ਬਦਤਰ ਹੈ ਅਤੇ ਉਹ ਇਰਾਕ, ਸੀਰੀਆ ਅਤੇ ਅਫਗਾਨਿਸਤਾਨ ਤੇ ਹਮਲੇ ਕਰ ਰਿਹਾ ਹੈ।

ਮਾਸਿਕ ਰਸਾਲੇ ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਕਿਹਾ ਕਿ ਭਾਵੇਂ ਪਹਿਲੀ ਮਈ 1886 ਨੂੰ ਲੋਕਾਂ ਨੇ ਸੜਕਾਂ ’ਤੇ ਆ ਕੇ ਸ਼ਹੀਦੀਆਂ ਦਿੱਤੀਆਂ ਪਰ ਅੱਜ ਹਾਲਾਤ ਉਸ ਤੋਂ ਵੀ ਬਦਤਰ ਹਨ। ਉਹਨਾਂ ਕਿਹਾ ਕਿ ਪਿਛਲੇ ਦਹਾਕੇ ਦੌਰਾਨ ਸੰਸਾਰ ਦੀ 90 ਫੀਸਦੀ ਪ੍ਰਾਪਰਟੀ ਉਪਰ ਦੁਨੀਆ ਦੇ 10 ਫੀਸਦੀ ਲੋਕ ਕਾਬਜ਼ ਸਨ ਪਰ ਨਵੀਆਂ ਰਿਪੋਰਟਾਂ ਮੁਤਾਬਕ ਹੁਣ 99 ਫੀਸਦੀ ਪ੍ਰਾਪਰਟੀ ਨੂੰ ਇੱਕ ਫੀਸਦੀ (62 ਘਰਾਣੇ/ਕਾਰਪੋਰੇਸ਼ਨ) ਲੋਕਾਂ ਨੇ ਹੜੱਪ ਲਿਆ ਹੈ। ਉਹਨਾਂ ਕਿਹਾ ਕਿ ਅਜਿਹੇ ਹਾਲਾਤਾਂ ਵਿੱਚ ਲੋਕਾਂ ਨੂੰ ਇੱਕਜੁੱਟ ਹੋ ਕੇ ਇਸ ਨਿਜ਼ਾਮ ਨੂੰ ਬਦਲਣਾ ਪਵੇਗਾ। ਜੱਥੇਬੰਦੀ ਵਲੋਂ ਹਰ ਮੀਟਿੰਗ ਤੇ ਉਸਾਰੂ ਸਾਹਿਤ ਦੀ ਪ੍ਰਦਰਸ਼ਨੀ ਲਗਾਈ ਜਾਂਦੀ ਹੈ ਜਿਸ ਵਿੱਚ ਲੋਕਾਂ ਦੀ ਰੁਚੀ ਵਧ ਰਹੀ ਹੈ। ਇਨਕਲਾਬੀ ਕਵਿਤਾਵਾਂ ਦੇ ਦੌਰ ਵਿੱਚ ਨਵਕਿਰਨ ਢੁੱਡੀਕੇ, ਅਵੀ ਜਸਵਾਲ, ਗੁਰਦੀਪ ਕੌਰ ਪਰਹਾਰ, ਹਰਨੇਕ ਬੱਧਣੀ, ਸੁਰਿੰਦਰ ਗੀਤ, ਕਮਲਪ੍ਰੀਤ ਪੰਧੇਰ, ਜਗਦੀਸ਼ ਚੋਹਕਾ, ਸੁਰਿੰਦਰ ਢਿਲੋਂ ਅਤੇ ਬਚਿੱਤਰ ਗਿੱਲ ਨੇ ਹਾਜ਼ਰੀ ਲਵਾਈ। ਅਗਲੀ ਮੀਟਿੰਗ 5 ਜੂਨ (ਐਤਵਾਰ) ਨੂੰ ਕੋਸੋ ਹਾਲ (ਕਮਰਾ ਨੰਬਰ-102,3208-8 ਐਵੀਨਿਊ, ਨਾਰਥ ਈਸਟ) ਬਾਅਦ ਦੁਪਹਿਰ 2 ਵਜੇ ਹੋਵੇਗੀ। ਹੋਰ ਜਾਣਕਾਰੀ ਲਈ ਮਾਸਟਰ ਭਜਨ ਨੂੰ ਫੋਨ ਨੰਬਰ 403-455-4220 ਜਾਂ ਪ੍ਰੋ. ਗੋਪਾਲ ਕਾਉਂਕੇ ਨਾਲ਼ 403-470-3588 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨੁੱਕੜ ਨਾਟਕ ਪੈਗਾਮ ਸ਼ਹੀਦਾਂ ਦਾ ਦੀ ਸ.ਫਲ ਪੇਸ਼ਕਾਰੀ





ਪਹਿਲੀ ਮਈ ਦਿਨ ਐਤਵਾਰ ਨੂੰ ਮਈ ਦੇ ਸ਼ਹੀਦਾਂ ਦੀ ਯਾਦ ਵਿੱਚ ਕਰਵਾਏ ਗਏ ਪ੍ਰੋਗਰਾਮ ਸਮੇਂ ਚੇਤਨਾਂ ਕਲਚਰਲ ਸੈਂਟਰ ਟਰੰਟੋਂ ਦੀ ਟੀਮ ਵਲੋਂ “ਪੈਗਾਮ ਸ਼ਹੀਦਾਂ ਦਾ” ਨਾਂ ਦੇ ਨੁੱਕੜ ਨਾਟਕ ਦੀ ਬਹੁਤ ਹੀ ਪ੍ਰਭਾਵਸ਼ਾਲੀ ਪੇਸ਼ਕਾਰੀ ਕੀਤੀ ਗਈ। ਇਕ ਸੰਖੇਪ ਜਿਹੇ ਸਮੇਂ ਵਿੱਚ ਬਿਨਾਂ ਕਿਸੇ ਖਾਸ ਪ੍ਰਾਪਰਟੀ ਦੀ ਵਰਤੋਂ ਕੀਤਿਆਂ ਸਾਰੇ ਹੀ ਕਲਾਕਾਰਾਂ ਨੇ ਆਪਣੇ ਕਰੈਕਟਰਾਂ ਨਾਲ ਪੂਰਾ ਇਨਸਾਫ਼ ਕੀਤਾ। ਨਾਟਕ ਪਰਿਵਾਰ ਦੀ ਛੋਟੀ ਮੋਟੀ ਨੋਕ ਝੋਕ ਤੋਂ ਸ਼ੁਰੂ ਹੋ ਕੇ ਸ਼ਿਕਾਗੋ ਦੇ ਉਹਨਾਂ ਮਜ਼ਦੂਰਾਂ ਦੀ ਗੱਲ ਕਰਦਾ ਹੈ ਜਿਹਨਾਂ ਨੇ ਦਿਨ ਦੇ ਅੱਠ ਘੰਟੇ ਦਾ ਕੰਮ ਕਰਵਾਉਣ ਲਈ ਸਖਤ ਤਸੀਹੇ ਝੱਲੇ, ਜੇਲ੍ਹਾਂ ਕੱਟੀਆਂ ਤੇ ਫ਼ਾਂਸੀ ਦੇ ਰੱਸਿਆਂ ਨੂੰ ਚੁੰਮਿਆ। ਇਸ ਨਾਟਕ ਵਿੱਚ ਇਸ ਮਸਲੇ ਨੂੰ ਵੀ ਛੋਹਿਆ ਕਿ ਅੱਜ ਭਾਵੇਂ ਬਾਹਰਲੇ ਮੁਲਕਾਂ ’ਚੋਂ ਆ ਕੇ ਵਸੇ ਲੋਕ (ਖਾਸ ਤੌਰ ’ਤੇ ਪੰਜਾਬ ’ਚੋਂ) ਜੋ ਡਰਾਈਵਿੰਗ ਦੇ ਕਿੱਤੇ ’ਚ ਆ ਕੇ ਬਹੁਤ ਹੀ ਸਖ਼ਤ ਮਿਹਨਤ ਤੇ ਵੱਧ ਘੰਟੇ ਕੰਮ ਕਰਦੇ ਹਨ ਜਿਸ ਕਾਰਨ ਕਮਾਈ ਵੀ ਥੋੜੀ ਵੱਧ ਹੋ ਜਾਂਦੀ ਹੈ ਪਰ ਉਹਨਾਂ ਵਿਚੋਂ ਬਹੁਤੇ ਆਪਣੇ ਆਪ ਨੂੰ ਮਜ਼ਦੂਰ ਨਹੀਂ ਸਮਝਦੇ ਸਗੋਂ ਆਪਣੇ ਆਪ ਨੂੰ ਛੋਟੇ ਬਿਜ਼ਨਿਸਮੈਨਾਂ ਦੀ ਕੈਟਾਗਿਰੀ ’ਚ ਹੀ ਸਮਝਦੇ ਹਨ। ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੇ ਅਧੂਰੇ ਸੁਪਨੇ ਇਨਕਲਾਬ ਦੀ ਗੱਲ ਕਰਦਿਆਂ ਅੱਜ ਦੇ ਭਾਰਤ ਦੇ ਹਾਕਮਾਂ ਦੇ ਫਿਰਕਾਪ੍ਰਸਤੀ ਦੇ ਰੁਝਾਨ ਨੂੰ ਵੀ ਛੋਹਿਆ। ਕਿ ਕਿਸ ਤਰ੍ਹਾਂ ਫਿਰਕੂ ਟੋਲੇ ਇਨਕਲਾਬੀ ਨਾਟਕਾਂ ਨੂੰ ਵੀ ਬੰਦ ਕਰਵਾਉਣ ਲਈ ਤੇ ਹੱਕ ਸੱਚ ਦੀ ਹਰ ਅਵਾਜ਼ ਨੂੰ ਦਬਾਉਣ ਲਈ ਕਿਵੇਂ ਦੇਸ਼ ਧਰੋਹੀ ਵਰਗੇ ਕਾਲੇ ਕਾਨੂੰਨਾਂ ਦੀ ਬੇਦਰੇਗ ਵਰਤੋਂ ਕਰ ਰਹੇ ਹਨ। ਰਾਜ ਭਾਗ ਦੀ ਪੁਲੀਸ ਵੀ ਬਹੁਤੀ ਵਾਰ ਉਹਨਾਂ ਦੇ ਹੱਕ ’ਚ ਹੀ ਭੁਗਤਦੀ ਹੈ। ਨਾਟਕ ’ਚ ਢੁੱਕਵੇਂ ਟੱਪੇ ਵੀ ਗਾਏ ਗਏ ਜਿਵੇਂ ਕਿ ਸੇਵਾ ਕਰਦੇ ਨੇ ਜੋਕਾਂ ਦੀ— ਆਹ ਭਗਵੇਂ ਹਲਕ ਗਏ, ਗੱਲ ਸੁਣਨ ਨਾ ਲੋਕਾਂ ਦੀ। ਸਿਖੋ ਭਗਤ ਸਰਾਭਿਆਂ ਤੋਂ ਕਿਹਨੂੰ ਕੁਰਬਾਨੀ ਕਹਿੰਦੇ ਨੇ, ਜਾਣੋਂ ਗਦਰੀ ਬਾਬਿਆਂ ਤੋਂ। ਮਿੱਟੀ ਮੋਗੇ ਦੀ ਬੋਲਦੀ ਏ—ਉਹਨਾਂ ਨਸ਼ਿਆਂ ਜਵਾਨੀ ਖਾ ਲਈ, ਜਿਹੜੇ ਤੱਕੜੀ ਤੋਲਦੀ ਏ। ਅੱਤ ਚੁੱਕੀ ਪਈ ਏ ਜੋਕਾਂ ਦੀ—ਛੱਡੋ ਹੁਣ ਜੱਥੇਦਾਰੀਆਂ-ਗੱਲ ਕਰੋ ਕੋਈ ਲੋਕਾਂ ਦੀ। ਨਾਟਕ ਦੇ ਸਾਰੇ ਹੀ ਗੀਤਾਂ ਨੇ ਚੰਗਾ ਰੰਗ ਬੰਨਿਆ। ਇਸ ਨਾਟਕ ਵਿੱਚ ਹਿੱਸਾ ਲੈਣ ਵਾਲੇ ਕਲਾਕਾਰਾਂ ’ਚ ਜਸਵੰਤ ਸਿੰਘ ਆਰਟਿਸਟ, ਕਮਲਜੀਤ ਰਾਏ, ਸੁਖਜੀਤ ਸਿੰਘ ਜੋਸਨ, ਅਵਤਾਰ ਕੌਰ ਔਜਲਾ ਤੇ ਨਾਹਰ ਔਜਲਾ ਨੇ ਹਿੱਸਾ ਲਿਆ। ਇਸ ਨਾਟਕ ਨੂੰ ਨਾਹਰ ਔਜਲਾ ਨੇ ਲਿਖਿਆ ਤੇ ਡਰਾਇਕਟ ਕੀਤਾ। ਨਾਹਰ ਸਿੰਘ ਔਜਲਾ ਦੀ ਟੀਮ ਵਲੋਂ ਪਿਛਲੇ ਕੁੱਝ ਸਾਲਾਂ ਤੋਂ ਪਾਈ ਨੁੱਕੜ ਨਾਟਕ ਦੀ ਪਿਰਤ ਰੰਗ ਮੰਚ ਦੇ ਪ੍ਰਚਾਰ ਲਈ ਤੇ ਢੁਕਵੇਂ ਵਿਸਿਆਂ ਨੂੰ ਲੋਕਾਂ ’ਚ ਲੈ ਕੇ ਜਾਣ ਲਈ ਇਕ ਬਹੁਤ ਹੀ ਪ੍ਰਭਾਵਸ਼ਾਲੀ ਕੜੀ ਦਾ ਰੋਲ ਨਿਭਾ ਰਹੀ ਹੈ। ਇਸ ਪ੍ਰੋਗਰਾਮ ਦਾ ਅਯੋਜਨ ਪੰਜਾਬੀ ਵਰਕਰਜ਼ ਅਡਵਾਈਸ ਸੈਂਟਰ ਵਲੋਂ ਕੀਤਾ ਗਿਆ ਸੀ। ਇਸ ਸਮੇਂ ਤੇ ਬਹੁਤ ਸਾਰੇ ਬੁਲਾਰਿਆ ਨੇ ਆਪਣੇ ਵਿਚਾਰ ਰੱਖੇ ਤੇ ਟਰੰਟੋਂ ਦੇ ਨਾਮਵਰ ਕਵੀਆਂ ਨੇ ਆਪਣੀਆਂ ਕਵਿਤਾਵਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

## ਵਾਲਟ ਵਿਟਮੈਨ ਦੀ ਇਕ ਕਵਿਤਾ

ਨੌਜਵਾਨਾਂ ਦੀਆਂ ਲਾਸ਼ਾਂ
ਫਾਂਸੀ ਦੇ ਤਖਤਿਆਂ 'ਤੇ ਝੂਲਦੇ ਸ਼ਹੀਦ
ਗੋਲੀਆਂ ਨਾਲ ਵਿੰਨੇ ਦਿਲ,
ਜਾਪਣ ਭਾਵੇਂ ਉਹ ਯੱਖ ਤੇ ਗਤੀਹੀਣ
ਪਰ ਜੀਉਂਦੇ ਹਨ ਕਈ ਹੋਰ ਥਾਂਹੀ
ਬੇ-ਕਤਲ ਵੀਰਤਾ ਵਿਚ ਧੜਕਦੇ
ਐ ਸ਼ਹਿਨਸ਼ਾ ਹੈ,
ਉਹ ਜੀਉਂਦੇ ਹਨ ਹੋਰ ਨੌਜਵਾਨਾਂ ਦੇ ਅੰਦਰ
ਤੁਹਾਨੂੰ ਫੇਰ ਠਿੱਠ ਕਰਨ ਲਈ,
ਉਹ ਜੀਉਂਦੇ ਹਨ ਆਪਣੇ ਭਰਾਵਾਂ ਅੰਦਰ
ਮੌਤ ਤਾਂ ਉਨ੍ਹਾਂ ਨੂੰ ਪਾਵਨ ਕਰਦੀ ਹੈ
ਨਵੀਆਂ ਬੁਲੰਦੀਆਂ 'ਤੇ ਪਹੁੰਚਾ ਦਿੰਦੀ ਹੈ।
ਆਜ਼ਾਦੀ ਲਈ ਕਤਲ ਹੋਇਆਂ ਦੀਆਂ
ਕਬਰਾਂ ਨਹੀਂ ਹੁੰਦੀਆਂ
ਉਹ ਤਾਂ ਅਜਿਹੇ ਮੁਕਾਮ ਹੁੰਦੇ ਹਨ
ਜਿਥੋਂ ਆਜ਼ਾਦੀ ਦੇ ਹੋਰ ਬੀਜ ਪੁੰਗਰਦੇ ਹਨ
ਤੇ ਫਿਰ ਉਨ੍ਹਾਂ ਦੇ ਬਿਰਖਾਂ ਨੂੰ
ਹੋਰ ਬੀਜ ਪੈਂਦੇ ਹਨ
ਪੌਣਾ ਉਨ੍ਹਾਂ ਨੂੰ ਆਪਣੇ ਕੰਧਾੜੇ ਚੁੱਕ
ਦੂਰ ਦੁਰਾਡੇ ਲੈ ਜਾਂਦੀਆਂ ਹਨ
ਬਰਫ਼ ਤੇ ਬਾਰਿਸ਼
ਕਰਦੀ ਹੈ ਉਨ੍ਹਾਂ ਦੀ ਪਰਵਰਿਸ਼
ਜ਼ਾਲਿਮਾਂ ਦੇ ਹਥਿਆਰ
ਦੇਹ-ਰਹਿਤ ਹੋਈਆਂ ਰੂਹਾਂ ਨੂੰ
ਕਰ ਨਹੀਂ ਕਰਦੇ ਬੇਅਸਰ
ਇਹ ਤਾਂ ਮੰਡਲਾਉਂਦੀਆਂ ਰਹਿੰਦੀਆਂ ਨੇ
ਧਰਤ ਤੇ ਆਦਿਸ਼
ਘੋਰ-ਮਸੋਰੇ ਕਰਦੀਆਂ
ਮਸ਼ਵਰੇ ਤੇ ਚੇਤਾਵਨੀਆਂ ਦੇਂਦੀਆਂ ਰਹਿੰਦੀਆਂ ਹਨ।
(ਹਿੰਦੋਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ 'ਚੋਂ)

## ਅਸੀਂ ਹੀ ਜਿੱਤਾਂਗੇ

ਹਾਰੀਆਂ ਹੋਈਆਂ ਲੜਾਈਆਂ
ਅਸੀਂ ਹੀ ਚੁਕਾਵਾਂਗੇ
ਆਪਣੇ ਪੁਰਖਿਆਂ ਦੀਆਂ ਹਾਰਾਂ ਦੇ ਬਦਲੇ
ਅਸੀਂ ਹੀ ਮੋੜਾਂਗੇ
ਉਹ ਸਾਰਾ ਕਰਜ਼
ਸਾਡੇ ਹੱਥਾਂ ਵਿਚ ਹੁਣ ਬਿਜਲੀ ਰੁਮਕੇਗੀ
ਤੇ ਪੈਰਾਂ 'ਚ ਮਚਲ
ਅਸੀਂ ਲਹਿਰਾਂ ਦੇ ਤੂਫ਼ਾਨਾਂ 'ਤੇ
ਤੈਰਨ ਦੀ ਹਿੰਮਤ ਰੱਖਦੇ ਹਾਂ
ਅਸੀਂ ਹੀ ਲੜਾਂਗੇ
ਭਵਿੱਖ ਦੀ ਆਖਰੀ ਜੰਗ
ਦ੍ਰਿੜ ਵਿਸ਼ਵਾਸ ਨਾਲ
ਅਸੀਂ ਮੋਰਚੇ ਸੰਭਾਲ ਲਏ ਨੇ।
ਅਸੀਂ ਅਥਾਹ ਤਾਕਤ ਹਾਂ
ਭਵਿੱਖ ਦੀ।

## ਅਸੀਂ ਨਹੀਂ ਚਾਹੁੰਦੇ

ਅਸੀਂ ਨਹੀਂ ਚਾਹੁੰਦੇ
ਸਾਡੀ ਜ਼ਿੰਦਗੀ ਦੇ ਘੋੜੇ
ਦਾ ਚਾਲਕ ਕੋਈ ਹੋਰ ਹੋਵੇ
ਸਾਡੀ ਜ਼ਿੰਦਗੀ ਨੂੰ
ਜਿੱਧਰ ਜੀਅ ਕਰੇ ਲਿਜਾਵੇ
ਅਸੀਂ ਤਾਂ ਆਪ ਬਣਨਾ ਚਾਹੁੰਦੇ ਹਾਂ
ਚਾਲਕ ਆਪਣੀ ਜ਼ਿੰਦਗੀ ਦੇ
ਤੇ ਲਿਜਾਣਾ ਚਾਹੁੰਦੇ ਹਾਂ
ਆਪਣੀ ਮਨਮਰਜ਼ੀ ਦੀ ਰਾਹ 'ਤੇ
ਉਭੜ-ਖਾਭੜ
ਉਚੇ-ਨੀਵੇਂ
ਵਿੰਗ-ਤੜਿੰਗ ਰਾਹ
ਅਸੀਂ ਖ਼ੁਦ ਹੀ ਪਾਰ ਕਰ ਲਵਾਂਗੇ
ਭਾਵੇਂ ਵਾਰ-ਵਾਰ ਡਿੱਗੀਏ
ਤੇ ਸੱਟਾਂ ਖਾਈਏ
ਤਾਂ ਵੀ ਸਾਨੂੰ ਖ਼ੁਸ਼ੀ ਹੋਵੇਗੀ
ਤੇ ਜਦੋਂ ਪਰਤਾਂਗੇ
ਲੰਮੇ ਰਸਤਿਆਂ ਤੋਂ
ਤਾਂ ਸਾਡੇ ਕੋਲ
ਕੁਝ ਮਾਣ ਕਰਨਯੋਗ ਹੋਵੇਗਾ
ਕਿ ਅਸੀਂ ਆਪਣੇ ਬਲਬੂਤੇ
ਆਪ ਚੱਲੇ ਹਾਂ ਤੇ
ਆਪ ਚਾਲਕ ਬਣੇ ਹਾਂ
ਆਪਣੀ ਜ਼ਿੰਦਗੀ ਦੇ।

**ਰਮਨਦੀਪ ਕੌਰ**

## ਅਸੀਂ ਕਮਿਊਨਿਸਟ ਹਾਂ

ਅਸੀਂ ਕਮਿਊਨਿਸਟ ਹਾਂ
ਇਸ ਤਰ੍ਹਾਂ ਦੇ
ਕਿ ਸਾਡੀਆਂ ਜੜ੍ਹਾਂ ਵਰਤਮਾਨ ਨੇ
ਪਰ ਤੱਕਦੇ ਹਾਂ ਅਸੀਂ
ਆਉਣ ਵਾਲੇ ਕੱਲ੍ਹ ਦੀ ਹੱਦ ਤੋਂ ਪਰ੍ਹੇ
ਤੇ ਇਸ ਨੂੰ ਫੜ ਕੇ ਨਾਲ ਲੈ ਤੁਰਦੇ ਹਾਂ
ਅਸੀਂ ਕਮਿਊਨਿਸਟ ਹਾਂ
ਇਸ ਤਰ੍ਹਾਂ ਦੇ
ਕਿ ਆਪਣੀ ਕਿਰਤੀ
ਜਮਾਤ ਦੀ ਧੜਕਣ ਸੁਣ
ਆਪਸੀ ਤਰੇੜਾਂ ਮਿਟਾ
ਇਕੋ ਹੇਕ ਵਿਚ ਗਾਉਂਦੇ ਤੁਰ ਪੈਂਦੇ ਹਾਂ।
ਅਸੀਂ ਕਮਿਊਨਿਸਟ ਹਾਂ
ਇਸ ਤਰ੍ਹਾਂ ਦੇ
ਕਿ ਸਹਿਜ ਨਾਲ ਰਾਹ ਬਦਲ ਕੇ
ਆਉਂਦੇ ਝੱਖੜ ਦੀ ਗੂੰਜ ਸੁਣ ਲੈਂਦਾ ਹਾਂ
ਪਰ ਪਿਛੇ ਨਹੀਂ ਮੁੜਦੇ
ਅਸੀਂ ਕਮਿਊਨਿਸਟ ਹਾਂ
ਇਸ ਤਰ੍ਹਾਂ ਦੇ
ਕਿ ਨਫ਼ਾ-ਨੁਕਸਾਨ ਪਰਖ ਕੇ
ਪਿਛੇ ਹਟਾਂਗਾ, ਪੈਰ ਅੜਾਵਾਂਗੇ।
ਤੇ ਫਿਰ ਸਿੱਧਾ ਹੱਲਾ ਬੋਲ ਦਿਆਂਗੇ

**- ਵਲਾਦੀਮੀਰ ਮਾਇਆਕੋਵਸਕੀ**

## ਕੌਮਾਂਤਰੀ ਗੀਤ

ਲਹਿਰਾਂ ਬਣ ਉਦੋਂ ਭੁੱਖਾਂ ਦੇ ਲਤਾੜਿਓ।
ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ।

ਬੱਝੀਆਂ ਨਾ ਰਹਿਣ ਇਹ ਰਵਾਇਤੀ ਲੜੀਆਂ।
ਉਠੋ ਵੇ ਗੁਲਾਮੀ ਦੀਆਂ ਤੋੜੋ ਕੜੀਆਂ।
ਕਿਰਤਾਂ ਦਾ ਜੋਰ ਜੁੱਸਿਆਂ 'ਚ ਭਰਕੇ।
ਲੁੱਟ ਦਾ ਇਹ ਰਾਜ ਜੜ੍ਹਾਂ ਤੋਂ ਉਖਾੜਿਓ।
ਧਰਤੀ ਦਾ ਸਾਰਾ...

ਬੁੱਢਾ ਹੋ ਪੁਰਾਣਾ ਢਾਂਚਾ ਜਦੋਂ ਥੰਮ੍ਹਦਾ।
ਉਹਨੂੰ ਤੋੜ ਨਵਾਂ ਸੰਸਾਰ ਜੰਮਦਾ।
ਨਵਾਂ ਤੇ ਉਸਾਰੂ ਜੱਗ ਰਚਣੇ ਲਈ।
ਗਲੀ ਸੜੀ ਹਰ ਚੀਜ਼ ਨੂੰ ਨਕਾਰਿਓ।
ਧਰਤੀ ਦਾ ਸਾਰਾ...

ਨਵੀਆਂ ਹੀ ਨੀਹਾਂ 'ਤੇ ਉਸਾਰ ਹੋਊਗਾ।
ਸਾਰਾ ਜੱਗ ਸਾਡਾ ਪਰਿਵਾਰ ਹੋਊਗਾ।
ਲੋਟੂਆਂ ਦੇ ਹੱਥਾਂ ਨੇ ਤੁਹਾਥੋਂ ਖੋਹਿਆ ਜੋ
ਸਭ ਹੋਊ ਤੁਹਾਡਾ ਸਿਰਜਣਹਾਰਿਓ।
ਧਰਤੀ ਦਾ ਸਾਰਾ...

ਆਖਰੀ ਹੈ ਆਪਣੀ ਲੜਾਈ ਬੇਲੀਓ।
ਥਾਂ-ਥਾਂ ਉਤੇ ਕਰ ਦੇ ਚੜ੍ਹਾਈ ਬੇਲੀਓ।
ਲੁੱਟ ਦੇ ਮਸੀਹੇ ਤਾਈ ਰੱਦ ਕਰਕੇ
ਹੁਕਮ ਕਾਨੂੰਨ ਪੈਰਾਂ 'ਚ ਲਿਤਾੜਿਓ।
ਧਰਤੀ ਦਾ ਸਾਰਾ....

ਮਹਿਲਾਂ 'ਚੋਂ ਨਾ ਸਾਡੇ 'ਤੇ ਕੋਈ ਰਾਜ ਵੇ ਕਰੇ।
ਰਾਜਿਆਂ ਦੀ ਸਾਨੂੰ ਹੁਣ ਵਫ਼ਾ ਨਾ ਪਲੇ।
ਧੁਖ ਰਹਿਓ ਮੱਚੋ ਹੁਣ ਲਾਟਾਂ ਬਣ ਕੇ,
ਤਖ਼ਤਾਂ ਨੂੰ ਢਾਵੋ ਤਾਜਾਂ ਨੂੰ ਉਛਾਲਿਓ।
ਧਰਤੀ ਦਾ ਸਾਰਾ....

ਲੋਟੂਆਂ ਤੋਂ ਲੁੱਟ ਵਾਲਾ ਮਾਲ ਖੋਹਣ ਲਈ।
ਕੈਦ ਹੋਈਆਂ ਰੂਹਾਂ ਦੇ ਆਜ਼ਾਦ ਹੋਣ ਲਈ।
ਸਾਂਝਿਆਂ ਦੁੱਖਾਂ 'ਚ ਸ਼ਰੀਕ ਹੋਇ ਕੇ
ਮੁਕਤੀ ਦਾ ਰਾਹ ਸੋਚਿਓ ਵਿਚਾਰਿਓ।
ਧਰਤੀ ਦਾ ਸਾਰਾ...

ਖ਼ੁਦ ਆਪਣੇ ਹੀ ਕੰਮ ਕਾਰ ਮਿਥਾਂਗੇ
ਕਿੱਦਾਂ ਦਾ ਇਹ ਹੋਊ ਸੰਸਾਰ ਮਿਥਾਂਗੇ।
ਮਿਹਨਤ 'ਚੋਂ ਉਸਰੀ ਹੈ ਹਰ ਰਚਨਾ।
ਦੁਨੀਆ ਤੁਹਾਡੀ ਦੁਨੀਆ ਦੇ ਘਾੜਿਓ।
ਧਰਤੀ ਦਾ ਸਾਰਾ....

ਫੌਜੀਓ, ਸਿਪਾਹੀਓ ਜਾਣੋ ਹਲਚਲ ਨੂੰ।
ਮੋੜ ਲੋ ਬੰਦੂਕਾਂ ਹਾਕਮਾਂ ਦੇ ਵੱਲ ਨੂੰ।
ਜਿਨ੍ਹਾਂ ਦੀਆਂ ਗੋਦਾਂ ਵਿਚ ਜੰਮੇ ਪਲੇ ਹੋ
ਲੋਕਾਂ ਦੇ ਜਾਇਓ ਲੋਕਾਂ ਨੂੰ ਨਾ ਮਾਰਿਓ।
ਧਰਤੀ ਦਾ ਸਾਰਾ

**- ਯੂਜੀਨ ਪੋਤੀਏ**

## ਇਕ ਗ਼ਦਰ ਦੀ ਹੋਰ ਲੋੜ ਹੈ

ਗਏ ਸੀ ਵਿਦੇਸ਼ਾਂ 'ਚ ਕਿਰਤ ਕਰਦੇ, ਛਿੱਲੜ ਕਮਾਉਣ ਨੂੰ।
ਝੱਲੀ ਨਾ ਨਮੋਸ਼ੀ ਵਤਨਾਂ ਨੂੰ ਮੁੜ ਪਏ, ਗ਼ਦਰ ਮਚਾਉਣ ਨੂੰ।

ਨਿੱਤ ਸਾਡੇ ਉਤੇ ਨੇ ਜ਼ੁਲਮ ਕਰਦੇ, ਬਿੱਲੇ ਜੋ ਵਲਾਇਤ ਦੇ।
ਕਹਿਣਗੇ ਗਦਾਰ ਸਾਨੂੰ ਲੋਕ ਹਿੰਦ ਦੇ, ਜੇ ਨੀਵੀਂ ਪਾਵੇ ਬੈਠਗੇ।

ਲੋਕਾਂ ਉਤੇ ਟੈਕਸਾਂ ਦਾ ਬੋਝ ਲੱਦਿਆ, ਨਹੀਂ ਤਰਸ ਖਾਂਵਦੇ।
ਦੜ ਵੱਟ ਜਿਉਣ ਮਜ਼ਬੂਰ ਭਾਰਤੀ, ਗੋਰੇ ਇਹੋ ਚਾਂਹਵਦੇ।

ਨੀਵੀਂ ਪਾ ਕੇ ਲੰਘੋ ਸਾਡੀ ਲੱਤ ਹੇਠ ਦੀ, ਉਚੀ ਚੁੱਕੋ ਧੌਣ ਨਾ।
ਕੰਧਾਂ ਉਤੇ ਲਿਖਿਆ ਕੁੱਤੇ ਤੇ ਭਾਰਤੀ, ਹੋਟਲਾਂ 'ਚ ਆਉਣ ਨਾ।

ਈਰਖਾ ਦੀ ਕੰਧ ਦਿੱਤੀ ਕੱਢ ਜਾਬਰਾਂ, ਵਿਚ ਹਮਸ਼ੀਰਾਂ ਦੇ।
ਮਾਰਦੇ ਸੀ ਕੋੜੇ ਚੌਕਾਂ ਵਿਚ ਖੜ੍ਹਕੇ, ਤੁਰੇ ਰਾਹਗੀਰਾਂ ਦੇ।

"ਅੱਗ ਲੈਣ ਆਈ ਘਰ ਵਾਲੀ" ਬਣ ਗਈ, ਗਿੱਦੜਾਂ ਦੀ ਡਾਰ ਬਈ।
ਜਾਗੀ ਨਾ ਅਣਖ ਬਹਿ ਗਏ ਸਿਰ ਸੁੱਟਕੇ, ਕਾਹਦੇ ਸਿਰਦਾਰ ਬਈ।

ਬੜਾ ਸੀ ਸਿਆਣਾ ਸੋਹਣ ਸਿੰਘ ਭਕਨਾ, ਜੋ ਪਹਿਲਾ ਪ੍ਰਧਾਨ ਸੀ।
ਉਮਰ ਨਿਆਣੀ ਦਾ ਸਰਾਭਾ ਗੱਭਰੂ ਵੀ, ਪਾਰਟੀ ਦੀ ਸ਼ਾਨਸੀ।

ਘੱਲੇ ਸੀ ਪੈਗ਼ਾਮ ਦੇਸ਼ ਤੇ ਵਿਦੇਸ਼ 'ਚ, ਕਰਕੇ ਵਿਚਾਰ ਨੇ।
ਲੁੱਟੀਏ ਖਜ਼ਾਨਾ ਜੋ ਵਲਾਇਤ ਭੇਜਦੇ, ਲੈਣੇ ਹਥਿਆਰ ਨੇ।

ਅਸੀਂ ਹਾਂ ਗੁਲਾਮ ਛਾਉਣੀਆਂ 'ਚ ਜਾ ਕੇ, ਫੌਜੀਆਂ ਨੂੰ ਦੱਸਣਾ।
ਲੈ ਕੇ ਹਥਿਆਰ ਹੀ ਫਿਰੰਗੀ ਫੌਜ ਦੇ, ਬੈਰਕਾਂ 'ਚੋਂ ਨੱਸਣਾ।

ਸਿਰਾਂ ਉਤੇ ਬੰਨ੍ਹ ਕੇ ਕਫ਼ਨ ਤੁਰ ਪਏ, ਪਊ ਗ਼ਦਰ ਕਰਨਾ।
ਫਾਂਸੀ ਵਾਲੇ ਰੱਸੇ ਗਲ ਪਾਉਣੇ ਪੈਣਗੇ, ਜੇਲ੍ਹੀਂ ਪਊ ਸੜਨਾ।

ਸਿਰ ਲੱਥ ਸੂਰਮੇ ਸਿਪਾਹੀ ਦੇਸ਼ ਦੇ, ਝੱਟ ਹੋਏ ਭਰਤੀ।
ਦੇਸ਼ ਨੂੰ ਬਚਾਉਣੇ ਤਾਂ ਬਗਾਵਤ ਕਰੋ, ਇਹ ਤਿਆਰੀ ਕਰਤੀ।

21 ਸੀ ਤਾਰੀਖ਼ ਤੇ ਮਹੀਨਾ ਦੂਜਾ ਸੀ, ਉਨੀ ਸੌ ਤੇ ਪੰਦਰਾਂ।
ਫਿਰਦੇ ਨੇ ਬਾਗੀ ਗੋਰਿਆਂ ਨੂੰ ਦੱਸਿਆ, ਟੋਪੀਆਂ ਤੇ ਲੰਬੜਾਂ।

ਬਦਲੀ ਤਾਰੀਖ਼ ਦੀ ਭਿਣਕ ਲੱਗ ਗਈ, ਰਹੀਆਂ ਕਮਜ਼ੋਰੀਆਂ।
ਝੱਟ ਅੰਗਰੇਜ਼ ਸਾਵਧਾਨ ਹੋ ਗਏ, ਫੌਜੀ ਧਾੜਾਂ ਤੋਰੀਆਂ।

ਫੌਜਾਂ ਨੂੰ ਫਿਰੰਗੀ ਨੇ ਹੁਕਮ ਚਾੜ੍ਹਤੇ, ਜੇਲ੍ਹਾਂ ਵਿਚ ਤੁੰਨ ਦਿਓ।
ਵਾਸੀ ਜੋ ਵੀ ਹਿੰਦ ਦਾ ਬਗਾਵਤ ਕਰੇ, ਗੋਲੀਆਂ ਨਾਲ ਪੁੰਨ ਦਿਓ।

ਸੁੰਘਦੇ ਫਿਰਨ ਕੁੱਤੇ ਗਲੀ-ਗਲੀ ਵਿਚ, ਅਣਖੀਲੇ ਸ਼ੇਰਾਂ ਨੂੰ।
ਮੌਤ ਵਾਲੀ ਕੋਈ ਪਰਵਾਹ ਨਹੀਂ ਸੀ, ਸੂਰਮੇ ਦਲੇਰਾਂ ਨੂੰ।

ਜਲਾਵਤਨੀ ਤੇ ਕੋਈ ਜੇਲ੍ਹੀਂ ਸੜਿਆ, ਸਿਦਕੋਂ ਨਾ ਹਾਰਿਆ।
ਕਈ ਯੋਧੇ ਕਾਲੇ-ਪਾਣੀਆਂ 'ਚ ਘੱਲ ਤੇ, ਕੋਈ ਫਾਂਸੀ ਚਾੜ੍ਹਿਆ।

ਕੀਤੀਆਂ ਜ਼ਮੀਨਾਂ ਸੀ ਕੁਰਕ ਗੋਰਿਆਂ, ਦਿੱਤੇ ਘਰ ਫੂਕ ਸੀ।
ਫਿਰਦੀ ਮਨੁੱਖਤਾ ਵਿਲਕਦੀ ਕਿਸੇ ਨਾ, ਉਹਦੀ ਸੁਣੀ ਕੂਕ ਸੀ।

ਜੇਲ੍ਹਾਂ ਵਿਚ ਅੰਨ੍ਹਾ ਸੀ ਜ਼ੁਲਮ ਝੱਲਿਆ, ਰਹੇ ਖ਼ੂਨ ਖੌਲਦੇ।
ਫਾਂਸੀ ਵਾਲੇ ਰੱਸੇ ਪਾਏ ਗਲਾਂ 'ਚ ਜਦੋਂ, ਜਿੰਦਾਬਾਦ ਬੋਲਦੇ।

ਜਲ੍ਹਿਆਂ ਦਾ ਬਾਗ ਖ਼ੂਨ ਨਾਲ ਰੰਗਿਆ ਸੀ, ਜਦੋਂ ਉਡਵਾਇਰ ਨੇ।
21 ਸਾਲਾਂ ਬਾਅਦ ਭਾਜੀ ਮੋੜ ਦਿੱਤੀ ਸੀ, ਊਧਮ ਦੇ ਫਾਇਰ ਨੇ।

ਅੱਜ ਵੀ ਮਨੁੱਖਤਾ ਦਾ ਲਹੂ ਡੁੱਲ੍ਹਦਾ, ਅੱਖਾਂ ਨਾਲ ਤੱਕ ਲਓ।
ਸੂਰਵੀਰ ਗ਼ਦਰੀ ਜੋ ਜਿੰਦ ਵਾਰ ਗਏ, ਚੇਤਿਆਂ 'ਚ ਰੱਖ ਲਓ।

ਜਲ ਅਤੇ ਜੰਗਲ, ਜ਼ਮੀਨ ਵੇਚਦੇ, ਹਾਕਮ ਜੋ ਦੇਸ਼ ਦੇ।
ਕਾਲਾ ਧਨ ਆਪਣਾ ਉਹ ਜਮ੍ਹਾਂ ਕਰਦੇ ਬੈਂਕਾਂ 'ਚ ਵਿਦੇਸ਼ ਦੇ।

ਧਰਮ ਤੇ ਫਿਰਕੇ ਲੜਾਈ ਜਾਂਵਦੇ, ਆਪੋ ਵਿਚ ਲੋਕਾਂ ਨੂੰ।
ਵੋਟਾਂ ਪਾ ਕੇ ਭੋਲੇ ਲੋਕ ਨੇ ਬਿਠਾਂਵਦੇ, ਗੱਦੀਆਂ 'ਤੇ ਜੋਕਾਂ ਨੂੰ।

ਵੋਟਾਂ ਵਾਲਾ ਰਾਹ ਲੋਕੋ ਪੈਣਾ ਛੱਡਣਾ, ਹੋਵੇ ਜਥੇਬੰਦ ਬਈ।
ਦੇਸੀ ਤੇ ਵਿਦੇਸੀ ਰਲਕੇ ਲੁਟੇਰਿਆਂ, ਡਾਹਢਾ ਪਾਇਆ ਗੰਦ ਬਈ।

ਤੁਰ ਪਓ ਮਸ਼ਾਲ ਚੇਤਨਾ ਦੀ ਫੜਕੇ, ਸਾਡਾ ਦੇਸ਼ ਗਹਿਣੇ ਆ।
ਲੈਣੀ ਜੇ ਆਜ਼ਾਦੀ ਭਗਤ ਸਰਾਭੇ ਦੀ, ਸਿਰ ਦੇਣੇ ਪੈਣੇ ਆਂ।

ਐਵੇਂ ਨਹੀਂ ਸ਼ਹੀਦ ਲੋਕੀ ਕਹਿੰਦੇ ਕਿਸੇ ਨੂੰ, ਪੈਂਦਾ ਸੂਲੀ ਚੜ੍ਹਨਾ।
ਲੁੱਟ ਤੋਂ ਜੇ ਰਹਿਤ ਸਮਾਜ ਲੋੜਦੇ, ਪਊ ਗ਼ਦਰ ਕਰਨਾ।

**- ਵਿੰਦਰ ਠੀਕਰੀਵਾਲਾ**

## ਪਗੜੀ ਸੰਭਾਲ ਜੱਟਾ

(ਇਹ ਗੀਤ 3 ਮਾਰਚ 1907 ਨੂੰ ਸ੍ਰੀ ਬਾਂਕੇ ਦਿਆਲ, ਐਡੀਟਰ ਝੰਗ ਸਿਆਲ ਪਹਿਲੀ ਵਾਰ ਗਾਇਆ ਸੀ। ਉਸ ਦਿਨ ਅੰਗਰੇਜ਼ ਸਰਕਾਰ ਵਿਰੁੱਧ ਲਾਇਲਪੁਰ ਵਿਚ ਇਕ ਬਹੁਤ ਵੱਡੀ ਕਾਨਫਰੰਸ ਹੋਈ ਸੀ। ਮੁੱਦਾ ਸੀ ਸਰਕਾਰ ਵਲੋਂ ਕਿਸਾਨਾਂ ਦੇ ਹੱਕਾਂ ਨੂੰ ਲੁਟਣ ਵਾਲੇ ਕਾਲ਼ੂਨਾਂ ਦਾ ਵਿਰੋਧ। ਇਹ ਇਤਿਹਾਸਕ ਗੀਤ ਹਮੇਸ਼ਾ ਲਈ ਕਿਸਾਨਾਂ ਦੀ ਯੁੱਧ ਲਲਕਾਰ ਬਣ ਗਿਆ ਹੈ)

ਪੱਗੜੀ ਸੰਭਾਲ ਓ ਜੱਟਾ, ਪੱਗੜੀ ਸੰਭਾਲ ਓਏ।
ਫਸਲਾਂ ਨੂੰ ਖਾ ਗਏ ਕੀੜੇ, ਤਨ ਤੇ ਨਹੀਂ ਤੇਰੇ ਲੀੜੇ,
ਭੁੱਖਾਂ ਨੇ ਖ਼ੂਬ ਨਚੋੜੇ, ਰੋਂਦੇ ਨੇ ਤੇਰੇ ਬਾਲ ਓਏ।
ਪੱਗੜੀ ਸੰਭਾਲ ਓ ਜੱਟਾ.....

ਬਣਦੇ ਨੇ ਤੇਰੇ ਲੀਡਰ, ਰਾਜੇ ਤੇ ਖਾਨ ਬਹਾਦਰ
ਤੈਨੂੰ ਤੇ ਖਾਵਣ ਖਾਤਰ, ਵਿਛਦੇ ਨੇ ਜਲ ਓਏ।
ਪੱਗੜੀ ਸੰਭਾਲ ਓ ਜੱਟਾ....

ਹਿੰਦ ਹੈ ਤੇਰਾ ਮੰਦਰ, ਉਸਦਾ ਪੁਜਾਰੀ ਤੂੰ,
ਝੱਲੇਂਗਾ ਕਦੋਂ ਤੱਕ, ਆਪਣੀ ਖੁਆਰੀ ਤੂੰ।
ਲੜਨੇ ਤੇ ਮਰਨੇ ਦੀ ਕਰ ਲੈ ਤਿਆਰੀ ਤੂੰ।
ਪੱਗੜੀ ਸੰਭਾਲ ਓ ਜੱਟਾ.....

ਸੀਨੇ 'ਤੇ ਖਾਵੇਂ ਤੀਰ ਰਾਂਝਾ ਤੂੰ ਦੇਸ਼ ਹੈ ਹੀਰ
ਸੰਭਲ ਕੇ ਚਲ ਤੂੰ ਮੇਰੇ ਵੀਰ।
ਪੱਗੜੀ ਸੰਭਾਲ ਓਏ ਜੱਟਾ...

ਤੁਸੀਂ ਕਿਉਂ ਦਬਦੇ ਵੀਰੋ, ਉਠਦੀ ਪੁਕਾਰ ਓਏ,
ਹੋ ਕੇ ਇਕੱਠੇ ਵੀਰੋ ਮਾਰੋ ਲਲਕਾਰ ਓਏ।
ਤਾੜੀ ਦੋ ਹੱਥੀਂ ਵਜੇ, ਛਾਤੀਆਂ ਨੂੰ ਤਾਣ ਓਏ।
ਪੱਗੜੀ ਸੰਭਾਲ ਓਏ ਜੱਟਾ....

## ਸਮੇਂ ਦੀ ਆਵਾਜ਼

ਸਮੇਂ ਦੀ ਇਹੋ ਆਵਾਜ਼ ਓ ਦੁਨੀਆ ਵਾਲਿਓ
ਬਦਲ ਦਿਨ ਸਮਾਜ ਓ ਦੁਨੀਆ ਵਾਲਿਓ
ਕੋਠੀਆਂ, ਸੜਕਾਂ ਤੇ ਬੰਗਲੇ ਬਣਾਉਣ ਵਾਲਿਆਂ ਨੂੰ
ਝੁੱਗੀਆਂ ਤੇ ਫੁੱਟਪਾਥਾਂ ਤੇ ਸੌਣ ਵਾਲਿਆਂ ਨੂੰ
ਪਊ ਕਰਨਾ ਇਨਕਲਾਬ ਓ ਦੁਨੀਆ ਵਾਲਿਓ
ਬਦਲ ਦਿਲ ਸਮਾਜ....

ਧੀ ਜੰਮੀ ਤੋਂ ਸਾਰੇ ਹੀ ਚੁੱਪ ਹੋ ਜਾਂਦੇ ਨੇ
ਮੁੰਡਾ ਜੰਮੇ ਤੋਂ ਖ਼ੁਸ਼ੀਆਂ ਖ਼ੂਬ ਮਨਾਉਂਦੇ ਨੇ
ਕਿਹੋ ਜਿਹਾ ਰਿਵਾਜ ਓ ਦੁਨੀਆ ਵਾਲਿਓ
ਬਦਲ ਦਿਓ ਸਮਾਜ.....

ਗੰਦੇ ਸਭਿਆਚਾਰ ਤੇ ਫ਼ਿਲਮਾਂ ਗਾਣਿਆਂ ਨੇ
ਵਿਹਲੇ ਰਹਿਣਾ ਸਿਖਾਤਾ ਇਨ੍ਹਾਂ ਲੋਟੂ ਢਾਣਿਆਂ ਨੇ
ਹੋ ਗਏ ਬੇਢੰਗੇ ਸਭ ਸਾਜ ਓ ਦੁਨੀਆ ਵਾਲਿਓ
ਬਦਲ ਦਿਓ ਸਮਾਜ....

ਨਕਲਾਂ ਮਾਰ ਕੇ ਲਵੋ ਡਿਗਰੀਆਂ ਪੜ੍ਹਨਾ ਨਹੀਂ ਪੈਣਾ
ਰਿਸ਼ਵਤ ਦੇ ਕੇ ਲਵੋ ਨੌਕਰੀ ਲੜਨਾ ਨਹੀਂ ਪੈਣਾ
ਭਰੋ ਹੱਕਾਂ ਦੀ ਪਰਵਾਜ਼ ਓ ਦੁਨੀਆ ਵਾਲਿਓ
ਬਦਲ ਦਿਓ ਸਮਾਜ ਓ ਦੁਨੀਆ ਵਾਲਿਓ
ਸਮੇਂ ਦੀ ਇਹੋ ਆਵਾਜ਼ ਓ ਦੁਨੀਆ ਵਾਲਿਓ।

**- ਗਗਨ ਢਿੱਲਵਾਂ**

# ਪਨਾਮਾ ਪੇਪਰਜ਼ ਦੀਆਂ ਬੁਨਿਆਦਾਂ ਨੂੰ ਘੋਖਦਿਆਂ, ਵਿਚਾਰਦਿਆਂ, ਸੱਚ ਤਲਾਸ਼ਦਿਆਂ

(ਸਫ਼ਾ 10 ਦੀ ਬਾਕੀ)

ਕੁਝ ਨਹੀਂ ਬੋਲੀ, ਪਰ ਅਮਿਤਾਭ ਬਚਨ 'ਕਿਸੇ ਨੇ ਮੇਰੇ ਨਾਮ ਦੀ ਦੁਰਵਰਤੋਂ ਕੀਤੀ ਹੈ' ਕਿਹਾ ਹੈ। ਏਨੇ ਨਾਲ ਪੱਲਾ ਨਹੀਂ ਛੁੱਟਣਾ। ਇਸ ਘੁਟਾਲੇ ਵਿੱਚ ਐਸ਼ਵਰਿਆ ਦੇ ਪਿਤਰੀ ਪਰਿਵਾਰ ਦੇ ਕਈ ਨਾਂਅ ਪੇਪਰਾਂ ਵਿੱਚ ਆ ਰਹੇ ਹਨ।

ਦੋਸਤੋ! ਇਹ ਉਹ ਪੈਸਾ ਹੈ ਜਿਸ ਨੂੰ ਨਮੋਸ਼ੀ ਤੇ ਦੁਰਦਸ਼ਾ ਭਰੇ ਭਾਰਤੀ ਸਰਕਾਰੀ ਸਕੂਲਾਂ ਤੇ ਡਰਾਉਣੇ ਸਰਕਾਰੀ ਹਸਪਤਾਲਾਂ ਦੀ ਬਿਹਤਰੀ ਲਈ ਖ਼ਰਚਿਆ ਜਾਣਾ ਚਾਹੀਦਾ ਸੀ। ਲੋਕਾਂ ਨੇ ਨਵੇਂ ਰਹਿਬਰਾਂ ਨੂੰ ਮੁੜ ਚਾਰਜ ਆਪਣੇ ਲਈ ਧੰਨ ਪੈਦਾ ਕਰਨ ਲਈ ਨਹੀਂ ਸੀ ਦਿੱਤਾ! ਅਸੀਂ ਅੱਗਬਗੋਲੇ ਹੋ ਜਾਂਦੇ ਹਾਂ ਜੇ ਕੋਈ ਬੈਂਕਾਂ ਨੂੰ 9000 ਕਰੋੜ ਰੁਪਏ ਨਹੀਂ ਮੋੜਦਾ ਪਰ ਅਸੀਂ ਏਅਰ ਇੰਡੀਆ ਦੇ ਤਕਰੀਬਨ 40,000 ਕਰੋੜ ਰੁਪਏ ਬਾਰੇ ਕੋਈ ਗੁੱਸਾ ਜ਼ਾਹਰ ਨਹੀਂ ਕਰਦੇ। ਬੈਂਕਾਂ ਨੇ ਵੱਡੇ ਵੱਡੇ ਕਰਜ਼ਦਾਰਾਂ ਦੇ 2.11 ਲੱਖ ਕਰੋੜ ਦੇ ਕਰਜ਼ੇ ਮਾਫ਼ ਕਰ ਦਿੱਤੇ ਗਏ ਹਨ, ਪਰ ਗਰੀਬ ਕਿਸਾਨ ਦਾ ਹਜ਼ਾਰਾਂ ਕੁ ਦਾ ਕਰਜ਼ਾ ਉਨ੍ਹਾਂ ਦੀ ਜਾਇਦਾਦ ਦੀ ਕੁਰਕੀ ਤੋਂ ਉਰ੍ਹਾਂ ਨਹੀਂ ਖੜ੍ਹਦਾ। ਇਹ ਜੇ ਸਾਡੀ ਨਵੀਂ ਸਰਕਾਰ ਦੀਆਂ 'ਅੱਛੇ ਦਿਨ' ਵਾਲੀ ਨੀਤੀ।

ਪਨਾਮਾ ਵਿੱਚ ਬਿਲੀਅਨ ਡਾਲਰਾਂ ਦੇ ਭੰਡਾਰ ਸਾਡੇ ਸਰਕਾਰੀ ਅਫਸਰ ਤੇ ਸਿਆਸਤਦਾਨ ਟੈਕਸ ਚੋਰੀ ਦੇ ਹਨ। ਜੇ ਇਨ੍ਹਾਂ 'ਤੇ ਕੰਟਰੋਲ ਰੱਖਿਆ ਹੁੰਦਾ ਤਾਂ ਸਭ ਤੋਂ ਗਰੀਬ ਦੇਸ਼ ਭਾਰਤ ਅੱਜ ਗਰੀਬ ਨਾ ਹੁੰਦਾ। ਇੱਕ ਦਹਾਕੇ ਦੇ ਖੁਥੜ-ਗੁਥੜ ਪ੍ਰਸ਼ਾਸਕੀ ਢਾਂਚਾ ਤੇ ਅੱਧ-ਪੱਕੇ-ਕੱਚੇ ਅਮਲੇ ਦੇ ਨਾਲ ਸਮੁੰਦਰੋਂ ਪਾਰ ਜਾਕੇ ਭਾਰਤੀ ਕੰਪਨੀਆਂ ਨੇ ਜ਼ਾਹਰ ਕਰ ਦਿੱਤਾ ਕਿ ਉਹ ਚੋਰ ਬਾਜ਼ਾਰੀ ਵਿੱਚ ਦੁਨੀਆਂ ਦੀਆਂ ਸਭ ਤੋਂ ਉੱਤਮ ਦਾ ਮੁਕਾਬਲਾ ਕਰ ਸਕਦੀਆਂ ਹਨ। ਕੁਝ ਸਾਲ ਹੋਏ ਅੱਨਾ ਹਜ਼ਾਰੇ ਦੀ ਲਹਿਰ ਨੇ ਸਾਡੇ ਲੋਕਾਂ ਦੇ ਵਸੀਲਿਆਂ ਦੇ ਲੋਟੂਆਂ ਵਿਰੁੱਧ ਆਵਾਜ਼ ਉਠਾਈ ਸੀ। ਲੋਕਾਂ ਵੱਲੋਂ ਬੇਮਿਸਾਲ ਹੁੰਗਾਰਾ ਵੀ ਮਿਲਿਆ। ਪਰ ਉਸ ਲਹਿਰ ਨੂੰ ਮੈਕੀਵਲੀ, ਚਾਨਕੀਆ ਸਿਆਸਤਦਾਨਾਂ ਤੇ ਬਾਬਾ ਰਾਮ ਦੇਵ ਵਰਗਿਆਂ ਦੀਆਂ ਵਲੇਵੇਂ ਦਰ ਵਲੇਵੇਂ ਵਾਲੀਆਂ ਚਾਲਾਂ, ਕੁਚਾਲਾਂ ਨੇ ਖੇਰੂੰ ਖੇਰੂੰ ਕਰ ਦਿੱਤਾ। ਅਸਲ ਲੋਟੂ ਕੌਣ ਹਨ? ਪੁੱਛਣ ਦਾ ਵੇਲਾ ਨਹੀਂ। ਸਪਸ਼ਟ ਨਜ਼ਰ ਆ ਰਿਹੈ। ਕਿਹੜਾ ਪੈਸਾ ਚੋਣ ਮਸ਼ੀਨੀਰੀ ਦੇ ਪਹੀਆਂ ਨੂੰ ਤੇਲ ਦੇਂਦਾ ਹੈ ਉਸ ਬਾਰੇ ਪੁੱਛਣ ਦਾ ਵੇਲਾ ਹੈ। ਪਰ ਇਸ ਦੀਆਂ ਗੱਲਾਂ ਅਸੀਂ ਕਰਦੇ ਹੀ ਨਹੀਂ। ਕਰ ਵੀ ਨਹੀਂ ਸਕਦੇ। ਕਿਉਂਕਿ ਅਸੀਂ ਇਨ੍ਹਾਂ ਪ੍ਰਤੀ ਸਹਿੰਦੜ ਹੋ ਚੁੱਕੇ ਹਾਂ। ਕਨੂੰਨ ਘਾੜੇ ਆਪਣੀਆਂ ਚੋਰ ਬਾਜ਼ਾਰੀਆਂ ਨੂੰ ਫੜਨ ਲਈ ਕਨੂੰਨ ਹੀ ਨਹੀਂ ਬਣਨ ਦੇਂਦੇ। ਮੋਦੀ ਜੀ ਹੁਣ ਤੱਕ ਵੀ ਆਪਣੀ 'ਮਨ ਕੀ ਬਾਤ' ਵਿੱਚ ਲੋਕਾਂ ਦੇ ਗੰਭੀਰ ਮਸਲਿਆਂ ਬਾਰੇ ਕੁਝ ਨਹੀਂ ਦਸ ਸਕੇ। ਨਾ ਹੀ ਉਹ ਦਸਣਗੇ। ਕਿਉਂਕਿ ਉਨ੍ਹਾਂ ਦੀਆਂ ਵੱਡੀਆਂ ਰੈਲੀਆਂ 'ਚ ਡੰਕੇ ਵਜਾਉਣ ਲਈ ਕਾਲਾ ਧੰਨ ਹੀ ਕੰਮ ਆਉਂਦੈ। ਫਿਰ ਆਪਣੇ ਖੰਬਾਂ ਨੂੰ ਕੌਣ ਕੱਟਦੈ, ਬੋਲਤੀ (ਮੀਡੀਏ) ਨੂੰ ਕੌਣ ਬੰਦ ਕਰਾਉਂਦੈ?

ਇਸ ਭਾਰਤ ਮਾਤਾ ਦੇ ਅੱਧੇ ਪੁੱਤਰ, ਧੀਆਂ ਘਰਾਂ ਦੀ ਬਜਾਏ ਬਿਨਾਂ ਸਾਫ਼ ਪਾਣੀ ਅਤੇ ਬਿਜਲੀ ਦੇ ਛਪਰੀਆਂ ਵਿੱਚ ਰਹਿ ਰਹੇ ਹਨ। 'ਰਾਜ ਨਹੀਂ, ਸੇਵਾ ਕਰ ਰਹੇ ਹਾਂ' ਵਰਗੇ ਖੇਖਨ ਤੇ ਪਖੰਡ ਕੀਤੇ ਜਾ ਰਹੇ ਹਨ। ਅਸਲ ਵਿੱਚ ਨੇਤਾ ਤਾਂ ਰਾਜ ਵੀ ਨਹੀਂ ਕਰ ਰਹੇ। ਉਹ ਤੇ ਅਫਸਰਸ਼ਾਹੀ ਦੇਸ਼ ਦੇ ਅੰਦਰ ਤੇ ਬਾਹਰ ਆਪੋ ਆਪਣੇ ਕਾਰਪੋਰੇਟੀ ਕਾਰੋਬਾਰ ਕਰ ਰਹੇ ਹਨ। ਇਨ੍ਹਾਂ 'ਚ ਉਹ ਪੂਰੇ ਸਫ਼ਲ ਹਨ। ਉਮੀਦ ਕੀਤੀ ਜਾਂਦੀ ਹੈ ਕਿ ਪਨਾਮਾ ਪੇਪਰਜ਼ ਉਨ੍ਹਾਂ ਦੇ ਨਾਂਅ ਜਾਂ ਉਨ੍ਹਾਂ ਦੇ ਮਿੱਤਰਾਂ, ਸਨੇਹੀਆਂ ਤੇ ਪਰਿਵਾਰਾਂ ਦੇ ਨਾਂਅ ਜ਼ਾਹਰ ਕਰਨਗੇ। ਅਸਲ ਵਿੱਚ ਕੌਣ ਲੁਟੇਰੇ ਹਨ ਲੋਕਾਂ ਨੂੰ ਸਮਝ ਓਦੋਂ ਆਏਗੀ, ਜਦੋਂ ਉਨ੍ਹਾਂ ਨੇ ਸਹੀ ਚੋਣ ਕਰਕੇ ਲੋਕ ਹਿਤੂ ਨੁਮਾਇੰਦੇ ਪਾਰਲੀਮੈਂਟ ਜਾਂ ਵਿਧਾਨ ਸਭਾਵਾਂ ਵਿੱਚ ਭੇਜੇ। ਫਿਰ ਵੇਖਣਾ ਗਰੀਬਾਂ ਦੀ ਜੀਵਨ ਦੁਰਦਸ਼ਾ ਤੁਰੰਤ ਬਦਲਣ ਲੱਗ ਪਏਗੀ। ਚੋਣ ਸਮੇਂ ਲੋਕਾਂ ਨੂੰ ਆਪਣੇ ਗੁੱਸੇ ਨੂੰ ਵੋਟ ਰਾਹੀਂ ਜ਼ਾਹਰ ਅਵਸ਼ ਕਰਨਾ ਹੋਵੇਗਾ।

ਲੋਕਾਂ ਨੂੰ ਸਮਾਜਵਾਦੀ ਵਿਗਿਆਨਕ ਸੋਚ ਦੇ ਇੱਕ ਮੱਤ ਦਾ ਪਤਾ ਹੋਣਾ ਚਾਹੀਦਾ ਹੈ: 'ਹਰੇਕ ਧਨ ਸੰਮਤੀ ਦੀ ਬੁਨਿਆਦ ਇੱਕ ਜੁਰਮ ਹੈ'। ਇਹ ਮੱਤ ਗੁਰਬਾਣੀ ਦੇ ਸ਼ਬਦ ਵਿੱਚ ਵੀ ਪ੍ਰਗਟ ਹੁੰਦੈ:

**'ਇਸੁ ਜ਼ਰ ਕਾਰਣਿ ਘਣੀ ਵਿਗੁਤੀ ਇਨਿ ਜ਼ਰ ਘਣੀ ਖੁਆਈ॥**
**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨਾ ਜਾਈ॥**
**ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥'**

ਏਦਾਂ ਦੇ ਕਈ ਸ਼ਲੋਕ, ਬਚਨ ਅਲਾਪਦੇ ਡੇਰਿਆਂ, ਮੱਠਾਂ, ਮੰਦਰਾਂ, ਗੁਰਦੁਆਰਿਆਂ, ਮਸਜਦਾਂ, ਗਿਰਜਿਆਂ, ਧਾਰਮਿਕ ਅਸਥਾਨਾਂ ਦੇ ਪੁਜਾਰੀਆਂ, ਪੰਡਤਾਂ, ਪਾਠੀਆਂ, ਮੁਲਾਣਿਆਂ ਕੋਲੋਂ ਲੋਕ ਰੋਜ਼ ਸੁਣਦੇ ਹਨ ... ਗੁਰ ਪਿਆਰਿਓ! 'ਮਾਇਆ ਤਿਆਗੋ ਭਾਈ'। ਪਰ ਉਪਦੇਸ਼ ਦੇਣ ਵੇਲੇ ਆਪਣੇ ਅੱਗੇ ਪਿੱਛੇ ਮਾਇਆ ਦੇ ਢੇਰ ਲਵਾ ਲੈਂਦੇ ਨੇ। ਬਿਆਨ ਹੈ 'ਟੈਕਸ ਸਵਰਗ ਵਿਚਲੀਆਂ ਸਮੁੰਦਰੋਂ ਪਾਰ ਦੀ ਹੋਂਦ ਵਾਲੀਆਂ ਹਸਤੀਆਂ 'ਤੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ: ਕਿਹਾ ਵਿੱਤ ਰਾਜ ਮੰਤਰੀ ਜੇਅੰਤ ਸਿਨਹਾ ਨੇ। ਜੇਤਲੀ ਨੇ ਗੈਰਕਨੂੰਨੀ ਫਰਮਾਂ ਵਾਸਤੇ ਨੀਂਦ ਰਹਿਤ ਰਾਤਾਂ ਬਣਾ ਦਿੱਤੀਆਂ ਜਾਣਗੀਆਂ ਦੀ ਚਿਤਾਵਨੀ ਦਿੱਤੀ ਹੈ। ਪਰ ਕਾਰਵਾਈ ਕਿਸੇ ਨਹੀਂ ਕਰਨੀ। ਸਰਕਾਰ ਕਾਰਪੋਰੇਟਾਂ ਦੇ ਹੁਕਮਾਂ ਬੱਧੀਆਂ ਹੁੰਦੀਆਂ ਹਨ। ਪਿੱਛੇ ਜਿਹੇ ਸਾਬਕਾ ਦਿੱਲੀ ਹਾਈ ਕੋਰਟ ਦੇ ਜੱਜ, ਰਾਜਿੰਦਰ ਸੱਚਰ, ਨੇ ਟ੍ਰਿਬਿਊਨ ਵਿੱਚ ਆਪਣੇ ਇੱਕ ਲੇਖ ਵਿੱਚ ਹਵਾਲਾ ਦਿੱਤਾ ਸੀ ਕਿ 'ਸਰਮਾਏਦਾਰੀ ਸਰਕਾਰਾਂ ਵੱਡੇ ਕਾਰੋਬਾਰੀਆਂ ਤੇ ਉਦਯੋਗਪਤੀਆਂ ਦੀ ਕਾਰਜਕਾਰਨੀ ਹੁੰਦੀਆਂ ਹਨ। ਤਾਂ ਹੀ ਰਬਿੰਦਰ ਮਸਰੂਰ ਦਾ ਸ਼ੇਅਰ 'ਕੁਰਸੀ ਵਾਲਿਆਂ ਘਰਾਂ ਦੀ ਨੀਤ ਜੇ ਖੋਟੀ ਨਹੀਂ, ਤਾਂ ਪਿੰਡ ਦੇ ਪਿੰਡੇ 'ਤੇ ਕਿਉਂ ਮਾਸ ਦੀ ਬੋਟੀ ਨਹੀਂ' ਵੀ ਏਥੇ ਸਹੀ ਢੁਕਦੈ।

ਲੋਟੂ, ਸ਼ਿਕਾਰਖੋਰ ਸਰਮਾਏਦਾਰੀ ਵਿਰੁੱਧ ਲੋਕਾਂ ਦਾ ਰੋਹ ਪ੍ਰਚੰਡ ਹੋ ਰਿਹੈ। ਪ੍ਰਿੰਟ ਮੀਡੀਏ 'ਤੇ ਝਾਤ ਮਾਰਦਿਆਂ ਹੀ ਲੁੱਟ ਵਿਰੁੱਧ ਮੁਜ਼ਾਹਰੇ ਹਰ ਪਾਸੇ, ਹਰ ਥਾਂ ਦਿੱਸਣ ਲੱਗ ਪੈਂਦੇ ਹਨ। ਪੂਰਬ ਤੋਂ ਪੱਛਮ, ਉੱਤਰ ਤੋਂ ਦੱਖਣ ਕਿਹੜਾ ਦੇਸ਼ ਹੈ ਜਿੱਥੇ ਨਾਬਰਾਬਰੀ, ਆਰਥਿਕ ਮੰਦਹਾਲੀ, ਬੇਰਰੁਜ਼ਗਾਰੀ ਦੇ ਖਿਲਾਫ ਆਵਾਜ਼ਾਂ ਨਹੀਂ ਉੱਠ ਰਹੀਆਂ। ਪਰ ਲੁੱਟ ਜਿਨ੍ਹਾਂ ਦੇ ਮੂੰਹ ਲੱਗ ਜਾਏ ਉਹ ਛੁੱਟਦੀ ਵੀ ਨਹੀਂ। ਆਪਣੇ ਢੰਗ ਤਰੀਕੇ ਬਦਲ ਕੇ ਸ਼ਿਕਾਰਖੋਰੀ ਜਾਰੀ ਰਹਿੰਦੀ ਹੈ। ਮਖੌਟਿਆਂ ਹੇਠ ਲੁਕੇ ਧਾੜਵੀਆਂ ਨੂੰ ਪਛਾਣਨ ਦੀ ਸੂਝ ਹੌਲੀ ਹੌਲੀ ਫੈਲ ਰਹੀ ਹੈ। ਉਨ੍ਹਾ ਦਾ ਫਸਤਾ ਲੋਕ ਜਾਗਰੂਕਤਾ ਨੇ ਹੀ ਵੱਢਣਾ ਹੈ। ਜਿਸ ਸਿਸਟਮ ਦਾ ਖਾਸਾ ਹੀ ਜੋਕਾਂ ਵਾਲਾ ਹੋਵੇ ਉਹ ਕਿਵੇਂ ਆਪਣੀ ਆਦਤ ਛੱਡ ਸਕਦੇ ਹਨ। ਪਰ ਲੋਕੋ! ਸਰਮਾਏਦਾਰੀ ਹੈ ਬੜੀ ਛਾਤਰ। ਧਰਮ ਦੇ, ਜ਼ਾਤ ਦੇ, ਇਲਾਕੇ ਦੇ, ਰੰਗ ਨਸਲ ਦੇ ਵਖਰੇਵਿਆਂ ਖੜ੍ਹੇ ਕਰ ਲੋਕਾਂ ਦੇ ਰੋਹ ਨੂੰ ਖੁੰਡਾ ਕਰ ਦਿੰਦੇ ਹਨ, ਅਤੇ ਖਿੰਡਾ ਦਿੰਦੇ ਹਨ। ਹੁਸ਼ਿਆਰ ਰਹੋ!

ਚਲੋ ਹੋਰ ਨਹੀਂ ਤਾਂ ਇਹ ਲੁਟੇਰੇ ਜ਼ਰਾ ਮਹਾਨ ਸਿਕੰਦਰ ਦੇ ਆਖਰੀ ਸਮੇਂ ਨੂੰ ਹੀ ਕਿਤੇ ਚੇਤੇ ਰੱਖਣ। ਉਹ ਬਹੁਤ ਸਾਰੀਆਂ ਸਲਤਨਤਾਂ ਨੂੰ ਜਿੱਤਣ ਪਿੱਛੋਂ ਵਾਪਸ ਜਾ ਰਿਹਾ ਸੀ। ਰਸਤੇ 'ਚ ਹੀ ਬਿਮਾਰ ਹੋ ਗਿਆ। ਬਿਮਾਰੀ ਉਸ ਨੂੰ ਮੌਤ ਦੇ ਕੰਢੇ ਲੈ ਗਈ। ਉਸ ਮਹਿਸੂਸ ਕੀਤਾ ਕਿ ਕਿਵੇਂ ਉਸ ਦੀਆਂ ਜਿੱਤਾਂ, ਉਸ ਦੀ ਮਹਾਨ ਫੌਜ, ਉਸ ਦੀ ਤਿੱਖੀ ਤਲਵਾਰ ਅਤੇ ਸਾਰੀ ਉਹਦੀ ਦੌਲਤ ਕਿਸੇ ਕੰਮ ਦੀ ਨਹੀਂ। ਉਹਦੀ ਖਾਹਿਸ਼ ਸੀ ਕਿ ਉਹ ਘਰ ਪਹੁੰਚੇ ਤੇ ਆਪਣੀ ਮਾਂ ਦਾ ਮੁੱਖ ਵੇਖਕੇ ਇਸ ਦੁਨੀਆਂ ਤੋਂ ਰੁਖਸਤ ਹੋਵੇ। ਪਰ ਲੱਗਾ ਕਿ ਉਹ ਛੇਤੀ ਸਰੀਰ ਛੱਡ ਜਾਏਗਾ। ਉਸ ਨੇ ਜਰਨੈਲਾਂ ਨੂੰ ਕਿਹਾ ਮੇਰੀਆਂ ਤਿੰਨ ਖਾਹਿਸ਼ਾਂ ਨੂੰ ਜ਼ਰੂਰ ਪੂਰਾ ਕਰ ਦਇਓ। ਪਹਿਲੀ, ਮੇਰੇ ਕਫ਼ਨ ਨੂੰ ਮੇਰੇ ਡਾਕਟਰ ਮੋਢਾ ਦੇਣ। ਲੋਕਾਂ ਨੂੰ ਪਤਾ ਲੱਗ ਜਾਏ, ਉਹ ਵੀ ਮੈਨੂੰ ਬਚਾ ਨਹੀਂ ਸਕੇ; ਦੂਜੀ, ਕਬਰ ਤੱਕ ਜਾਂਦੇ ਰਸਤੇ 'ਤੇ ਸੋਨਾ, ਚਾਂਦੀ ਤੇ ਹੋਰ ਕੀਮਤੀ ਚੀਜ਼ਾਂ ਖਿਲਾਰੀਆਂ ਜਾਣ। ਲੋਕਾਂ ਨੂੰ ਪਤਾ ਲੱਗ ਜਾਵੇ ਕਿ ਰਤੀ ਭਰ ਵੀ ਧੰਨ ਮੇਰੇ ਨਾਲ ਨਹੀਂ ਗਿਆ। ਇਨ੍ਹਾਂ ਮਗਰ ਭੱਜਣਾ ਸਮਾਂ ਬਰਬਾਦੀ ਹੈ। ਤੀਜੀ, ਮੇਰੇ ਹੱਥ ਕਫ਼ਨ ਤੋਂ ਬਾਹਰ ਲਮਕਦੇ ਜਾਣ। ਲੋਕਾਂ ਨੂੰ ਪਤਾ ਲੱਗ ਜਾਏ ਮੈਂ ਖਾਲੀ ਹੱਥ ਦੁਨੀਆਂ ਤੋਂ ਜਾ ਰਿਹਾਂ। ਉਹਦੇ ਆਖ਼ਰੀ ਸ਼ਬਦ ਸਨ, "ਮੇਰੀ ਦੇਹ ਨੂੰ ਦਬਾ ਦੇਣਾ; ਉੱਥੇ ਮੇਰੀ ਕੋਈ ਯਾਦਗਾਰ ਨਾ ਬਣੇ; ਮੇਰੇ ਹੱਥ ਬਾਹਰ ਰੱਖੇ ਜਾਣ ਤਾਂ ਜੋ ਦੁਨੀਆਂ ਜਾਣ ਜਾਵੇ ਕਿ ਸ਼ਖਸ ਜਿੰਨ੍ਹੇ ਦੁਨੀਆਂ ਜਿੱਤੀ ਸੀ, ਮਰਨ ਵੇਲੇ ਉਹਦੇ ਹੱਥ ਖਾਲੀ ਸਨ।"

ਇਹ ਗੱਲਾਂ ਲਿਖਦਿਆਂ ਬੋਲ 'ਇੱਕ ਦਿਨ ਅਸਾਂ ਪ੍ਰਦੇਸੀਆਂ ਆਲਮਾ ਛੱਡ ਜਾਣਾ ਕੁੰਢਾ ਮਾਰਕੇ ਇਨ੍ਹਾਂ ਹਵੇਲੀਆਂ ਦਾ' ਰੇਡੀਓ ਤੋਂ ਗੂੰਜਣ ਲੱਗ ਪਏ। ਮੇਰੀ ਸੋਚ ਤੇ ਕਲਮ ਅਟਕ ਗਈ। ਪੈਸੇ ਪਿੱਛੇ ਪਾਗਲ ਹੋਏ ਇਹ ਬੰਦੇ ਏਨਾਂ ਹੀ ਜੇ ਕਿਤੇ ਸੁਣ ਲੈਣ, ਸ਼ਾਇਦ ਕੁਝ ਸਮਝ ਆ ਜਾਵੇ!

ਫੋਨ: 647-402-2170

# ਜਮਹੂਰੀ ਅਧਿਕਾਰ ਸਭਾ ਵਲੋਂ 'ਜਾਤੀ ਪ੍ਰਥਾ' ਤੇ 'ਫ਼ਿਰਕੂ ਫ਼ਾਸ਼ੀਵਾਦ' ਬਾਰੇ ਸੈਮੀਨਾਰ ਲਈ ਤਿਆਰੀ ਮੁਹਿੰਮ

ਬਰਨਾਲਾ : ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਗੁਰਮੇਲ ਸਿੰਘ ਠੁੱਲੀਵਾਲ ਨੇ ਪ੍ਰੈਸ ਦੇ ਨਾਮ ਜਾਰੀ ਇਕ ਬਿਆਨ ਵਿਚ ਕਿਹਾ ਕਿ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਲੋਕਾਂ ਦੇ ਲਿਖਣ, ਬੋਲਣ, ਆਪਣੇ ਵਿਚਾਰ ਪ੍ਰਗਟਾਉਣ, ਜਥੇਬੰਦ ਹੋਣ ਅਤੇ ਹੱਕੀ ਸੰਘਰਸ਼ ਕਰਨ ਦੇ ਅਧਿਕਾਰਾਂ ਉੱਪਰ ਯੋਜਨਾਬੱਧ ਢੰਗ ਨਾਲ ਲਗਾਤਾਰ ਕੀਤੇ ਜਾ ਰਹੇ ਹਮਲੇ ਬਹੁਤ ਤੇਜ਼ ਹੋ ਗਏ ਹਨ ਜੋ ਸਭ ਜਮਹੂਰੀਅਤ ਪਸੰਦ ਤੇ ਚਿੰਤਨਸ਼ੀਲ ਲੋਕਾਂ ਲਈ ਸੋਚਣ, ਸਮਝਣ ਅਤੇ ਵਿਚਾਰਨਯੋਗ ਇੱਕ ਗੰਭੀਰ ਮੁੱਦਾ ਬਣ ਗਿਆ ਹੈ। ਹੈਦਰਾਬਾਦ ਕੇਂਦਰੀ ਯੂਨੀਵਰਸਿਟੀ ਦੇ ਖੋਜਾਰਥੀ 'ਰੋਹਿਤ ਵੈਮੂਲਾ ਦੀ ਖੁਦਕੁਸ਼ੀ' ਕਾਰਨ ਜਾਤੀ ਪ੍ਰਥਾ ਤੇ ਦਲਿਤਾਂ ਉਪਰ ਹੋ ਰਹੇ ਅਤਿਆਚਾਰਾਂ ਦੇ ਮਸਲੇ ਨੇ ਲੋਕਾਂ ਦੀ ਸਮੂਹਿਕ ਸੋਚ ਨੂੰ ਜ਼ਬਰਦਸਤ ਹਲੂਣਾ ਦਿੱਤਾ ਹੈ। ਜੇ.ਐਨ.ਯੂ ਦੇ ਤਾਜ਼ਾ ਘਟਨਾਕ੍ਰਮ ਨੇ ਫ਼ਿਰਕੂ ਲਾਣੇ ਦੇ ਮਨਸੂਬਿਆਂ ਨੂੰ ਲੋਕਾਂ ਸਾਹਮਣੇ ਪੂਰੀ ਤਰ੍ਹਾਂ ਬੇਪਰਦ ਕਰ ਦਿੱਤਾ ਹੈ। ਇਨ੍ਹਾਂ ਚਲੰਤ ਮੁੱਦਿਆਂ ਉੱਪਰ ਵਿਚਾਰ ਚਰਚਾ ਦੇ ਮਕਸਦ ਨਾਲ ਜਮਹੂਰੀ ਅਧਿਕਾਰ ਸਭਾ ਦੀ ਬਰਨਾਲਾ ਜਿਲ੍ਹਾ ਇਕਾਈ ਨੇ 13 ਮਾਰਚ ਦਿਨ ਐਤਵਾਰ ਨੂੰ ਰਾਮ ਸਰੂਪ ਸੰਗੀਤ ਸਦਨ ਬਰਨਾਲਾ ਵਿਖੇ ਸਵੇਰੇ 10 ਵਜੇ ਇਕ ਸੈਮੀਨਾਰ ਦਾ ਆਯੋਜਨ ਕੀਤਾ ਹੈ ਜਿਸ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਡਾਕਟਰ ਭੀਮਇੰਦਰ ਸਿੰਘ 'ਜਾਤੀ-ਪ੍ਰਥਾ ਤੇ ਦਲਿਤਾਂ ਉਪਰ ਹੋ ਰਹੇ ਅਤਿਆਚਾਰ' ਅਤੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਨ ਸਿੰਘ 'ਫ਼ਿਰਕੂ-ਫ਼ਾਸ਼ੀਵਾਦ ਦਾ ਵਰਤਾਰਾ ਤੇ ਇਸ ਦੇ ਹੱਲਿਆਂ ਵਿਚ ਹੋ ਰਹੇ ਵਾਧੇ' ਬਾਰੇ ਆਪਣੇ ਕੁੰਜੀਵਤ ਭਾਸ਼ਨ ਦੇਣਗੇ।

ਸ੍ਰੀ ਠੁੱਲੀਵਾਲ ਨੇ ਅੱਗੇ ਕਿਹਾ ਕਿ ਸੈਮੀਨਾਰ ਦੀ ਤਿਆਰੀ ਮੁਹਿੰਮ ਵਜੋਂ ਸਭਾ ਦੇ ਸਰਗਰਮ ਮੈਂਬਰ ਇਲਾਕੇ ਦੇ ਬੁਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਵਕੀਲਾਂ, ਅਧਿਆਪਕਾਂ ਅਤੇ ਹੋਰ ਸਮਾਜਿਕ ਕਾਰਕੁੰਨਾਂ ਨਾਲ ਸੰਪਰਕ ਕਰਕੇ ਸੈਮੀਨਾਰ ਵਿਚ ਸ਼ਾਮਲ ਹੋਣ ਦਾ ਸੱਦਾ ਦੇ ਰਹੇ ਹਨ ਅਤੇ ਫੰਡ ਇਕੱਤਰ ਵੀ ਕਰ ਰਹੇ ਹਨ। ਇਸੇ ਮਕਸਦ ਨਾਲ ਅੱਜ ਉਨ੍ਹਾਂ ਨੇ ਇਕਾਈ ਦੇ ਸਕੱਤਰ ਸ੍ਰੀ ਬਲਵੰਤ ਸਿੰਘ ਉਪਲੀ ਸਮੇਤ ਸ਼ਹਿਣਾ ਤੇ ਭਦੌੜ ਕਸਬਿਆਂ ਦਾ ਦੌਰਾ ਕੀਤਾ। ਉਨ੍ਹਾਂ ਨੇ ਸਭ ਇਲਾਕਾ ਨਿਵਾਸੀਆਂ ਨੂੰ ਸੈਮੀਨਾਰ ਵਿਚ ਸ਼ਾਮਲ ਹੋਣ ਲਈ ਖੁੱਲਾ ਸੱਦਾ ਦਿੱਤਾ।

# ਕੈਨੇਡਾ-ਅਮਰੀਕਾ ਵਿਚ ਕੋਲੇ ਦੇ ਪਲਾਂਟਾਂ ਨੂੰ ਬੰਦ ਕਰਵਾਉਣ ਦੀਆਂ ਕੋਸ਼ਿਸ਼ਾਂ

(ਸਫ਼ਾ 31 ਦੀ ਬਾਕੀ)

ਗਏ ਹਨ ਤਾਂ ਕਿ ਅੰਬਾਨੀ ਅਡਾਨੀ ਉਥੇ ਕੋਲੇ ਦੀ ਖਾਣ ਲਾ ਸਕਣ। ਕੀ ਸਰਮਾਏਦਾਰ ਮੁਲਕਾਂ ਜਾਂ ਕਾਰਪੋਰੇਸ਼ਨਾਂ ਨੂੰ ਇਹ ਨਜ਼ਰ ਨਹੀਂ ਆਉਂਦਾ? ਅੰਬਾਨੀ ਹੋਰਨਾਂ ਦੇ ਇਨ੍ਹਾਂ ਕੰਪਨੀਆਂ 'ਚ ਸ਼ੇਅਰ ਹਨ। ਕੀ ਛੱਤੀਸਗੜ੍ਹ ਜਾਂ ਬਸਤਰ ਦੇ ਗਰੀਬ ਲੋਕ ਮਨੁੱਖ ਨਹੀਂ ਜਾਂ ਉਨ੍ਹਾਂ ਨੂੰ ਜਿਉਣ ਦਾ ਅਧਿਕਾਰ ਨਹੀਂ?

• ਕਾਰਪੋਰੇਸ਼ਨਾਂ ਦੇ ਤਿੰਨ ਮੁੱਖ ਪਿਆਦੇ ਹਨ। ਵਰਲਡ ਬੈਂਕ, ਆਈ.ਐਮ.ਐਫ. ਅਤੇ ਵਰਲਡ ਟਰੇਡ ਆਰਗੇਨਾਈਜੇਸ਼ਨ, ਜਿਨ੍ਹਾਂ ਦਾ ਕੰਮ ਹੀ ਕਾਰਪੋਰੇਸ਼ਨਾਂ ਦੀ ਤਰਫ਼ਦਾਰੀ ਕਰਨਾ ਹੈ। ਜੇਕਰ ਚੀਨ ਅਤੇ ਇੰਡੀਆ ਨੇ ਸਰਕਾਰੀ ਸਬਸਿਡੀ ਦੇ ਕੇ ਸੋਲਰ ਪੈਨਲ ਦੀਆਂ ਫੈਕਟਰੀਆਂ ਲਾਈਆਂ ਤਾਂ ਅਮਰੀਕਾ ਦੇ ਕਹੇ ਤੇ ਡਬਲਿਊ. ਟੀ. ਓ. ਨੇ ਇਹ ਬੰਦ ਕਰਵਾ ਦਿੱਤੀਆਂ। ਵਰਲਡ ਟਰੇਡ ਆਰਗੇਨਾਈਜੇਸ਼ਨ ਦਾ ਇਲਜ਼ਾਮ ਹੈ ਕਿ ਇਹ ਫੈਕਟਰੀਆਂ ਸਬਸਿਡੀ ਦੇ ਕੇ ਨਹੀਂ ਚਲਾਈਆਂ ਜਾ ਸਕਦੀਆਂ। ਗੱਲ ਕੀ ਜੇ ਇਹ ਫੈਕਟਰੀਆਂ ਚਲਦੀਆਂ ਹਨ ਤਾਂ ਤੇਲ ਕੰਪਨੀਆਂ ਦੇ ਮੁਨਾਫ਼ੇ ਨੂੰ ਸੱਟ ਲੱਗੇਗੀ। ਇਹ ਤੇਲ ਕੰਪਨੀਆਂ ਹੀ ਹਨ ਜਿਨ੍ਹਾਂ ਦੇ ਕਹੇ ਤੇ ਇਰਾਕ ਅਤੇ ਲਿਬੀਆ ਦੇ ਲੋਕਾਂ ਦੀ ਕੁਰਬਾਨੀ ਦੇ ਦਿੱਤੀ ਗਈ ਅਤੇ ਹੁਣ ਸੀਰੀਆ ਦੀ ਵਾਰੀ ਹੈ।

• ਤੇਲ ਕੰਪਨੀਆਂ ਨੂੰ 776 ਬਿਲੀਅਨ ਡਾਲਰ ਦੀ ਸਬਸਿਡੀ ਮਿਲਦੀ ਹੈ ਪ੍ਰੰਤੂ ਉਹ ਜਿੰਨੀ ਵੱਡੀ ਪੱਧਰ 'ਤੇ ਵਾਤਾਵਰਣ ਦਾ ਨੁਕਸਾਨ ਕਰਦੀਆਂ ਹਨ, ਉਨ੍ਹਾਂ ਤੋਂ ਨਾਂ ਦੇ ਬਰਾਬਰ ਵੀ ਜੁਰਮਾਨਾ ਨਹੀਂ ਲਿਆ ਜਾਂਦਾ। ਸੰਸਾਰ ਪੱਧਰ 'ਤੇ ਕਾਰਪੋਰੇਸ਼ਨਾਂ ਐਨੀਆਂ ਭਾਰੂ ਹੋ ਗਈਆਂ ਹਨ; ਦਬਾਅ ਬਣਾ ਰਹੀਆਂ ਹਨ ਕਿ ਵਪਾਰਕ ਸਮਝੌਤਿਆਂ ਵਿਚ ਵਾਤਾਵਰਣ ਦਾ ਮੁੱਦਾ ਛੇੜਿਆ ਹੀ ਨਾ ਜਾਵੇ।

ਪਰ ਕਾਫ਼ੀ ਸਮੇਂ ਤੋਂ ਚਲ ਰਹੀ ਵਿਗਿਆਨੀਆਂ/ਵਾਤਾਵਰਣ ਪ੍ਰੇਮੀਆਂ ਦੀ ਜਦੋਜਹਿਦ ਨੇ ਕਾਫ਼ੀ ਹਾਂ-ਵਾਚਕ ਨਤੀਜੇ ਕੱਢੇ ਹਨ। ਅਮਰੀਕਾ ਦੀ ਜਿਹੜੀ ਆਬਾਦੀ ਪਹਿਲਾਂ 20% ਵੀ ਗਲੋਬਲ ਵਾਰਮਿੰਗ ਦੇ ਖਤਰੇ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ ਸੀ। ਹੁਣ 70% ਆਬਾਦੀ ਇਸ ਖਤਰੇ ਤੋਂ ਸੁਚੇਤ ਹੋ ਗਈ ਹੈ। ਦੁਨੀਆ ਵਿਚ ਵਾਤਾਵਰਣ ਬਚਾਉਣ ਲਈ ਬਹੁਤ ਜਥੇਬੰਦੀਆਂ ਹੋਂਦ 'ਚ ਆ ਗਈਆਂ ਹਨ। ਗਰੀਨ ਪੀਸ ਤਾਂ ਬਕਾਇਦਾ ਰਾਜਨੀਤਕ ਪਿੜ ਵਿਚ ਆ ਗਈ ਹੈ। ਅਲਬਰਟਾ ਦੀ ਸਰਕਾਰ ਰੀਨਿਊਏਬਲ ਇਨੈਰੀ ਤੇ ਕਾਫ਼ੀ ਪੈਸਾ ਖਰਚ ਕਰ ਰਹੀ ਹੈ। ਜਰਮਨੀ ਦੇ ਇਕ ਸ਼ਹਿਰ ਹੈਮਬਰਗ ਨੇ ਆਪਦੀ ਸਾਰੀ ਬਿਜਲੀ ਵਿੰਡਮਿੱਲ 'ਤੇ ਸੋਲਰ ਪੈਨਲ 'ਤੇ ਲੈਣ ਦਾ ਫੈਸਲਾ ਕਰਕੇ ਵੱਡਾ ਮਾਰਕਾ ਮਾਰਿਆ ਹੈ। ਹੁਣ ਉਹ ਆਪਦੀ ਲੋੜ ਤੋਂ ਵੱਧ ਬਿਜਲੀ ਪੈਦਾ ਕਰ ਰਹੇ ਹਨ ਤੇ ਗਰਿਡ ਨੂੰ ਵਾਪਸ ਵੇਚ ਰਹੇ ਹਨ।

**ਵਾਤਾਵਰਣ ਵਿਗਿਆਨੀਆਂ ਦੇ ਕੁਝ ਸੁਝਾਅ**

• ਵਿਦਿਆ, ਸਿਹਤ, ਟਰਾਂਜਿਟ ਵਰਗੇ ਮਹਿਕਮੇ ਜੇਕਰ ਸਰਕਾਰਾਂ ਆਪ ਚਲਾਉਣ ਤਾਂ ਕਾਫ਼ੀ ਹੱਦ ਤੱਕ ਮੁਨਾਫ਼ੇ ਲਈ ਪ੍ਰਦੂਸ਼ਣ ਫੈਲਾਉਣ ਵਾਲਿਆਂ ਤੋਂ ਬਚਿਆ ਜਾ ਸਕਦਾ ਹੈ।

• ਕੈਲੇਫੋਰਨੀਆ ਦੇ ਪ੍ਰੋਫੈਸਰ ਡੇਵਿਸ ਦਾ ਕਹਿਣਾ ਹੈ ਕਿ 2030 ਤੱਕ ਸਾਰੀ ਦੁਨੀਆ ਵਿੰਡਮਿਲ ਤੇ ਸੋਲਰ ਪੈਨਲ ਤੋਂ ਐਨਰਜੀ ਲੈ ਸਕਦੀ ਹੈ। ਜੇਕਰ ਦੁਨੀਆ ਦੇ ਇਰਾਦੇ ਹੋਣ ਤੇ ਪੂੰਜੀਵਾਦੀ ਲੁੱਟ ਨੂੰ ਪਰੇ ਧੱਕ ਦਿੱਤਾ ਜਾਵੇ।

• ਸਿਰਫ਼ 2011 ਵਿਚ ਸਾਰੀ ਦੁਨੀਆ ਵਿਚ ਆਏ ਤੂਫ਼ਾਨਾਂ ਨਾਲ 380 ਬਿਲੀਅਨ ਦਾ ਨੁਕਸਾਨ ਹੋਇਆ ਜਿਸ ਬਾਰੇ ਦੁਨੀਆ ਦੇ ਲੋਕਾਂ ਨੂੰ ਚੇਤੰਨ ਹੋਣਾ ਚਾਹੀਦਾ ਹੈ। ਇਹੋ ਜਿਹੇ ਤੂਫ਼ਾਨ ਬਹੁਤ ਭੈੜੀ ਸ਼ਕਲ ਅਖ਼ਤਿਆਰ ਕਰਨਗੇ ਜੇ ਅਸੀਂ ਕੁਝ ਨਾ ਕੀਤਾ।

• ਤੂਫ਼ਾਨਾਂ ਕਰਕੇ ਬੀਮਾ ਕੰਪਨੀਆਂ ਦੇ ਇੰਸ਼ੋਰੈਂਸ ਮਹਿੰਗੇ ਹੋਏ ਤੇ ਪੀੜਤ ਲੋਕਾਂ ਤੇ ਹੋਰ ਵਾਧੂ ਬੋਝ ਪਾ ਦਿੱਤਾ ਗਿਆ।

• ਕੈਨੇਡਾ ਵਿਚ ਤੇਲ ਕੰਪਨੀਆਂ ਨੂੰ 1.3 ਬਿਲੀਅਨ ਡਾਲਰ ਦੀ ਸਬਸਿਡੀ ਦਿੱਤੀ ਜਾਂਦੀ ਹੈ, ਨੌਕਰੀਆਂ ਪੈਦਾ ਕਰਨ ਲਈ। ਇੰਨੇ ਪੈਸੇ ਨਾਲ ਉਨ੍ਹਾਂ ਨੇ ਕਦੇ ਵੀ ਪੰਜ ਜਾਂ ਸਤ ਹਜ਼ਾਰ ਤੋਂ ਵੱਧ ਨੌਕਰੀਆਂ ਪੈਦਾ ਨਹੀਂ ਕੀਤੀਆਂ ਜਦਕਿ ਇੰਨੇ ਪੈਸੇ ਨਾਲ ਗਰੀਨ ਇਨੈਰਜੀ ਵਿਚ 20,00 ਨੌਕਰੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ।

• ਸਿਆਸਤ ਵਿਚੋਂ ਕਾਰਪੋਰੇਸ਼ਨਾਂ ਦਾ ਪੈਸਾ ਬਾਹਰ ਕੱਢਿਆ ਜਾਵੇ ਤਾਂ ਕਿ ਪੈਸੇ ਦਾ ਜ਼ੋਰ ਨਾਲ ਆਪਦੀ ਮਰਜ਼ੀ ਦੇ ਕਾਨੂੰਨ ਪਾਸ ਨਾ ਕਰਵਾ ਸਕਣ।

ਇਹ ਲੜਾਈ ਨਵੀਂ ਐਨਰਜੀ ਲਈ, ਨਵੀਂ ਆਰਥਿਕਤਾ ਲਈ, ਨਵੀਂ ਜਮਹੂਰੀਅਤ ਅਤੇ ਧਰਤੀ ਨਾਲ ਲੜ ਰੇ ਆਦਿਵਾਸੀ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਲਈ ਹੈ। ਇਹ ਲੜਾਈ ਮਨੁੱਖਤਾ ਲਈ ਸ਼ਾਨਾਮੱਤੀ ਜ਼ਿੰਦਗੀ ਜਿਊਣ ਲਈ ਹੈ। ਜਦੋਂ ਵਾਤਾਵਰਣ ਦੀ ਜੰਗ ਜਿੱਤ ਲਈ ਜਾਵੇਗੀ ਉਦੋਂ ਹੀ ਅਸੀਂ ਦੇਖਾਂਗੇ ਕਿ ਅਸੀਂ ਇਹੋ ਜਿਹੀ ਦੁਨੀਆ ਉਸਾਰਨ ਵੱਲ ਵਧ ਰਹੇ ਹਾਂ, ਜਿਹੋ ਜਿਹੀ ਅਸੀਂ ਚਾਹੁੰਦੇ ਹਾਂ ਪਰ ਇਸ ਦੇ ਲਈ ਪੂੰਜੀਵਾਦ ਦੀ ਹਾਰ ਜ਼ਰੂਰੀ ਹੈ। ਚਾਹੇ ਉਹ ਪੂੰਜੀਵਾਦੀ ਸਰਮਾਏਦਾਰੀ ਹੋਵੇ ਜਾਂ ਸਮਾਜਿਕ ਸਾਮਰਾਜਵਾਦ!

ਨੋਟ : ਇਹ ਲੇਖ ਨੈਓਮੀ ਕਲਾਈਨ ਦੇ ਲੇਖਾਂ ਕੈਪੀਟਲ ਵਰਸਿਜ ਕਲਾਈਮੇਟ 'ਤੇ ਆਧਾਰਿਤ ਹੈ।

403-714-4816

# ਕੀ ਹੈ ਸਰਕਾਰੀ ਸੰਗਠਨਾ (ਐਨ . ਜੀ . ਓ .) ਦੀ ਅਸਲੀਅਤ

ਪੇਸ਼ਕਸ਼ : ਡਾ. ਅਜੀਤਪਾਲ ਸਿੰਘ ਐਮ. ਡੀ.





ਪਿਛਲੇ ਦੋ ਤਿੰਨ ਦਹਾਕਿਆਂ ਤੋਂ ਭਾਰਤ ਸਮੇਤ ਦੁਨੀਆ ਦੇ ਹਰ ਦੇਸ਼ ਵਿਚ ਐਨ.ਜੀ.ਓ. ਸ਼ਬਦ ਬਹੁਤ ਪ੍ਰਚਲਿਤ ਹੈ। ਇਨ੍ਹਾਂ ਨੂੰ ਗੈਰ ਸਰਕਾਰੀ ਸੰਗਠਨ (ਸਵੈਸੇਵੀ ਸੰਸਥਾਵਾਂ) ਵੀ ਕਿਹਾ ਜਾਂਦਾ ਹੈ। ਪਿਛਲੇ 20 ਸਾਲਾਂ ਤੋਂ ਪੂਰੀ ਦੁਨੀਆ ਵਿਚ ਅਤੇ ਭਾਰਤ ਵਿਚ ਵੀ ਇਨ੍ਹਾਂ ਦਾ ਹੜ੍ਹ ਜਿਹਾ ਆ ਗਿਆ ਹੈ। ਇਹ ਅਚਾਨਕ ਖੁੰਬਾਂ ਵਾਂਗੂੰ ਉਗੀਆਂ ਹਨ ਸੂਬਿਆਂ, ਜ਼ਿਲ੍ਹਿਆਂ ਅਤੇ ਤਹਿਸੀਲਾਂ ਵਿਚ। ਇਕ ਅੰਕੜੇ ਮੁਤਾਬਕ ਭਾਰਤ 'ਚ ਰਜਿਸਟਰਡ ਐਨ. ਜੀ. ਓ. ਦੀ ਗਿਣਤੀ ਸਾਲ 1993-94 'ਚ 15,093 ਸੀ ਜੋ 2007-08 'ਚ ਵੱਧ ਕੇ 34083 ਹੋ ਗਈ। ਹੁਣ ਤਾਂ ਇਹ ਗਿਣਤੀ ਹੋਰ ਵੀ ਵਧ ਗਈ ਹੋਵੇਗੀ। ਝਾਰਖੰਡ ਵਰਗੇ ਗਰੀਬ ਰਾਜ ਵਿਚ ਵੀ ਇਨ੍ਹਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਜਿਹੜੇ ਨੌਜਵਾਨ ਪਹਿਲਾਂ ਸਮਾਜਵਾਦੀ, ਸਰਵੋਦਿਆ ਜਾਂ ਕਮਿਊਨਿਸਟ ਲਹਿਰ ਨਾਲ ਜੁੜਦੇ ਸਨ, ਉਹ ਹੁਣ ਐਨ. ਜੀ. ਓ. ਨਾਲ ਜੁੜਦੇ ਹਨ ਅਤੇ ਸਮਾਜ ਸੇਵਾ ਦੇ ਨਾਲ ਨਾਲ ਆਪਣੇ ਆਪਣੇ ਪਰਿਵਾਰ ਦੀ ਵੀ ਸੇਵਾ ਕਰਦੇ ਹਨ। ਮੁੱਖ ਤੌਰ 'ਤੇ ਐਨ. ਜੀ. ਓ. ਸਾਖਰਤਾ, ਸਿੱਖਿਆ, ਸਿਹਤ, ਕੁਪੋਸ਼ਣ, ਬਚਤ ਸਮੂਹ, ਨਰੇਗਾ, ਵਾਤਾਵਰਣ, ਜਲ ਸੁਰੱਖਿਆ ਤੇ ਸੂਚਨਾ ਅਧਿਕਾਰ ਵਰਗੇ ਖੇਤਰਾਂ ਵਿਚ ਸਰਗਰਮ ਹਨ। ਮਨੁੱਖੀ ਇਤਿਹਾਸ 'ਚ ਹਮੇਸ਼ਾ ਹੀ ਮੁਠੀ ਭਰ ਹਾਕਮ ਜਮਾਤ ਆਪਣੀ ਸ਼ਕਤੀ, ਆਰਥਿਕ ਲਾਭ ਤੇ ਵਿਸ਼ੇਸ਼ ਅਧਿਕਾਰਾਂ ਲਈ ਅੱਤਿਆਚਾਰੀ ਰਾਜ ਉਪਕਰਣ ਅਤੇ ਸਮਾਜ ਸੰਸਥਾਵਾਂ 'ਤੇ ਨਿਰਭਰ ਰਿਹਾ ਹੈ। ਜਾਗੀਰਦਾਰੀ ਦੇ ਵਿਕਾਸ ਦੌਰਾਨ ਇਕ ਦਲਾਲ, ਗੱਦਾਰ ਤੇ ਪ੍ਰਜੀਵੀ ਜਮਾਤ ਵੀ ਵਿਕਸਤ ਹੋ ਰਹੀ ਸੀ ਜੋ ਜਾਗੀਰੂ ਲੁੱਟ 'ਤੇ ਪਰਦਾ ਪਾ ਕੇ ਬਹੁਗਿਣਤੀ ਮਿਹਨਤਕਸ਼ ਜਮਾਤ ਨੂੰ ਭਰਮਾਉਣ ਦੀ ਕੋਸ਼ਿਸ਼ ਕਰਦਾ ਰਿਹਾ ਸੀ। ਇਹ ਹਾਕਮ ਜਮਾਤ ਲਈ ਬਹੁਤ ਫਾਇਦੇਮੰਦ ਸੀ। ਇਸ ਲਈ ਦਾਨ-ਦਕਸ਼ੁਨਾ ਵਜੋਂ ਇਸ ਪ੍ਰਜੀਵੀ ਜਮਾਤ ਨੂੰ ਆਰਥਿਕ ਮਦਦ ਦੇ ਕੇ ਉਸ ਨੂੰ ਆਪਣੇ ਹਿੱਤਾਂ 'ਚ ਲਾਈ ਰੱਖਣਾ ਸੌਖਾ ਤੇ ਫਾਇਦੇਮੰਦ ਲੱਗਿਆ। 18-19 ਵੀਸਦੀ 'ਚ ਪੂੰਜੀਵਾਦ ਦੇ ਵਿਕਾਸ ਦੇ ਨਾਲ ਇਸ ਪ੍ਰਜੀਵੀ ਜਮਾਤ ਦਾ ਸਵਰੂਪ ਵੀ ਬਦਲਣ ਲੱਗਿਆ। ਸਰਮਾਏਦਾਰੀ ਅਰਥਚਾਰੇ 'ਚ ਮੁਨਾਫ਼ਾ ਰਹਿਤ ਖੇਤਰ ਦੀ ਉਸਾਰੀ ਕੀਤੀ ਗਈ ਤੇ ਫਿਰ ਇਸ ਲੋਕ ਹਿਤੈਸ਼ੀ ਪੂੰਜੀ ਦਾ ਨਿਵੇਸ਼ ਤੇ ਵੰਡ ਵਿਵਸਥਾ ਵਿਰੋਧੀ ਸੰਘਰਸ਼ਾਂ ਨੂੰ ਦਬਾਉਣ ਤੇ ਕੁਚਲਣ ਕੀਤੀ ਜਾਣ ਲੱਗੀ। 19-20 ਵੀ ਸਦੀ ਦੇ ਬਸਤੀਵਾਦੀ ਅਰਸੇ 'ਚ ਯੂਰਪੀ ਸਾਮਰਾਜੀਆਂ ਨੇ ਧਾਰਮਿਕ ਸੰਸਥਾਵਾਂ ਨੂੰ ਆਰਥਿਕ ਮਦਦ ਦੇ ਕੇ ਲੁਟੇ ਜਾਂਦੇ ਵਰਗ ਨੂੰ ਕੰਟਰੋਲ ਕੀਤਾ ਅਤੇ ਉਨ੍ਹਾਂ ਦੀ ਬੇਚੈਨੀ ਨੂੰ ਧਾਰਮਿਕ ਤੇ ਫਿਰਕੂ ਵਿਰੋਧ ਅਤੇ ਮੁਕਾਬਲੇਬਾਜ਼ੀ ਵੱਲ ਮੋੜ ਦਿੱਤਾ। ਅੱਜ ਵੀ ਹਾਕਮਾਂ ਦਾ ਇਹ ਤੌਰ ਤਰੀਕਾ ਜਾਰੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਐਨ. ਜੀ. ਓ. ਦਾ ਅਚਾਨਕ ਵਾਧਾ ਦੁਨੀਆ ਦੀ ਬਹੁਗਿਣਤੀ ਦੱਬੀ ਕੁਚਲੀ ਆਬਾਦੀ ਦੇ ਗੁੱਸੇ 'ਤੇ ਰੋਹ ਨੂੰ ਠੰਡਾ ਕਰਕੇ ਉਨ੍ਹਾਂ ਨੂੰ ਭਰਮਾਉਣ ਦੇ ਮਕਸਦ ਨਾਲ ਹੀ ਹੋਇਆ ਹੈ। ਇਸ ਲਈ ਗਰੀਬ ਤੇ ਵਿਕਸਤ ਦੇਸ਼ਾਂ 'ਚ ਵਿਕਾਸ ਤੇ ਲੋਕ ਭਲਾਈ ਦੇ ਨਾਂ ਹੇਠ ਐਨ. ਜੀ. ਓ. ਦਾ ਉਭਾਰ ਕੋਈ ਨਵਾਂ ਨਹੀਂ ਹੈ ਪਰ ਇਨ੍ਹਾਂ ਦੀਆਂ ਸਰਗਰਮੀਆਂ ਦਾ ਰੂਪ ਅੱਜ ਉਨਾ ਹੀ ਵਿਆਪਕ ਤੇ ਬਹੁਪੱਖੀ ਹੋ ਗਿਆ ਹੈ, ਜਿੰਨਾ ਪਹਿਲਾਂ ਕਦੇ ਨਹੀਂ ਸੀ ਹੋਇਆ। ਉਹ ਲੋਕ ਦਰਮਿਆਨ ਵਿਸ਼ਵੀ ਪੂੰਜੀਵਾਦ ਦੇ ਏਜੰਟ ਹਨ, ਹਿਰਾਵਲ ਦਸਤੇ ਹਨ।

ਅੱਜ ਪੂਰੀ ਦੁਨੀਆ 'ਚ ਐਨ. ਜੀ. ਓ. ਦੀ ਗਿਣਤੀ ਕਰੀਬ ਇਕ ਲੱਖ ਦੇ ਕਰੀਬ ਹੈ। ਇਹ ਕੌਮੀ, ਕੌਮਾਂਤਰੀ ਵਿੱਤੀ ਸੰਸਥਾਵਾਂ, ਬਹੁਗਿਣਤੀ ਨਿਗਮਾਂ ਤੇ ਕੌਮੀ ਸਰਕਾਰਾਂ ਤੋਂ ਕਰੀਬ 10 ਅਰਬ ਡਾਲਰ ਦੀ ਸਲਾਨਾ ਆਰਥਿਕ ਗਰਾਂਟ ਹਾਸਲ ਕਰਦੇ ਹਨ। ਵਿਸ਼ੀਕ੍ਰਿਤ ਦੁਨੀਆ ਵਿਚ ਸਮਾਜਿਕ ਸੰਸਥਾਵਾਂ ਦੇ ਇਕ ਨਵੇਂ ਵਰਗ ਦੀ ਨੁਮਾਇੰਦਗੀ ਕਰਨ ਵਾਲੀਆਂ ਇਨ੍ਹਾਂ ਸੰਸਥਾਵਾਂ ਦਾ ਮੁੱਖ ਕੰਮ ਹੁੰਦਾ ਹੈ ਆਪਣੇ ਦਾਨ-ਦਾਤਿਆਂ ਦੀ ਅਤੇ ਆਪਣੀ ਸੇਵਾ ਕਰਨਾ ਅਤੇ ਸਮਾਜ ਨੂੰ ਉਸ ਦੇ ਅਸਲੀ ਮੁੱਦਿਆਂ ਤੋਂ ਧਿਆਨ ਹਟਾ ਕੇ ਭਰਮ ਪੈਦਾ ਕਰਨਾ। ਗਰੀਬ ਤੇ ਵਿਕਾਸਸ਼ੀਲ ਦੇਸ਼ਾਂ ਦੇ ਪੇਂਡੂ ਤੇ ਸ਼ਹਿਰੀ ਖੇਤਰਾਂ ਵਿਚ ਕੰਮ ਤਾਂ ਉਹ ਇਕ ਰਾਜਸੀ ਤੇ ਸਮਾਜਿਕ ਕਾਰਕੁੰਨ ਦੀ ਹੈਸੀਅਤ 'ਚ ਕਰਦੇ ਹਨ ਪਰ ਉਨ੍ਹਾਂ ਦੀ ਤਾਰ ਜੁੜੀ ਹੁੰਦੀ ਹੈ ਆਪਣੇ ਦਾਨ-ਦਾਤਿਆਂ ਨਾਲ। ਗੱਲਾਂ ਤਾਂ ਉਹ ਪ੍ਰਗਤੀਸ਼ੀਲ ਸਮਾਜ ਤੋਂ ਦੁਨੀਆ ਦੀਆਂ ਕਰਦੇ ਹਨ, ਪਰ ਅਮਲ 'ਚ ਉਹ ਖੱਬੇਪੰਖੀ ਅੰਦੋਲਨਾਂ ਨੂੰ ਉਨ੍ਹਾਂ ਦੀ ਬੌਧਿਕ ਰਣਨੀਤੀ ਅਪਣਾ ਕੇ ਭਰਮ ਭੁਲੇਖੇ ਪੈਦਾ ਕਰਦੇ ਅਤੇ ਭਟਾ ਦਿੰਦੇ ਹਨ। ਸਮਾਜਿਕ ਬੇਚੈਨੀ ਰਾਹੀਂ ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾਕੋਸ਼ 'ਤੇ ਸਿੱਧੇ ਹਮਲੇ ਹੋਣ ਦੀ ਹਾਲਤ ਵਿਚ ਇਹ ਉਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਨ। ਉਹ ਸੰਸਾਰ ਵਪਾਰ ਸੰਗਠਨ ਦੇ ਜਮਾਤੀ ਕਿਰਦਾਰ ਤੇ ਜਮਾਤੀ ਸਵਾਰਥ 'ਤੇ ਚਰਚਾ ਕਰਨਾ ਹੀ ਨਹੀਂ ਚਾਹੁੰਦੇ। ਉਹ ਗੈਰ-ਰਾਜਸੀ, ਗ੍ਰਾਸਰੂਟ ਸਵੈ-ਰੁਜ਼ਗਾਰ ਯੋਜਨਾ ਤੇ ਹਰਮਨਪਿਆਰੀ ਸਿੱਖਿਆ ਦੇ ਹਮਾਇਤੀ ਹਨ। ਉਹ ਖੁਦ ਨੂੰ ਨਾਗਰਿਕ ਸਮਾਜ (ਸਿਵਲ ਸੁਸਾਇਟੀ) ਦਾ ਮੋਹਰੀ ਦਸਤਾ ਮੰਨਦੇ ਹਨ ਪਰ ਵਿਆਪਕ ਪੱਧਰ 'ਤੇ ਰਾਜ ਸਮਰਥਿਤ ਜਨਤਕ ਸੇਵਾ ਦਾ ਵਿਰੋਧ ਕਰਦੇ ਹਨ। ਉਹ ਸੱਤਾਵਾਦੀ ਰਾਜ ਕੰਟਰੋਲ ਤੇ ਬੇਰਹਿਮ ਜਾਬਰ ਬਾਜ਼ਾਰਵਾਦੀ ਪੂੰਜੀਵਾਦ ਦਰਮਿਆਨ ਤੀਜੇ ਵਿਕਲਪ ਦੀ ਵਕਾਲਤ ਕਰਦੇ ਹਨ। ਯਾਨੀ ਕੰਟਰੋਲ ਕੀਤੀ ਜਾਂਦੀ ਰਾਜ ਸੱਤਾ 'ਤੇ ਕੰਟਰੋਲ ਕੀਤੇ ਪੂੰਜੀਵਾਦ ਦੀ ਵਕਾਲਤ ਕਰਦੇ ਹਨ ਪਰ ਉਨ੍ਹਾਂ ਦਾ ਇਹ ਵਿਕਲਪ ਸਮਾਜ ਨੂੰ ਕਿਥੇ ਲੈ ਜਾਵੇਗਾ, ਉਨ੍ਹਾਂ ਨੂੰ ਖੁਦ ਨੂੰ ਵੀ ਨਹੀਂ ਪਤਾ। ਵੱਡੇ ਐਨ. ਜੀ. ਓ. ਦੇ ਮੁਖੀ ਲੱਖਾਂ ਕਰੋੜਾਂ ਡਾਲਰ ਵਾਲੇ ਬਜਟ ਦੀ ਵਿਉਂਤਬੰਦੀ ਕਰਦੇ ਹਨ। ਉਨ੍ਹਾਂ ਦੀ ਤਨਖਾਹ ਕਿਸੇ ਬਹੁਕੌਮੀ ਕੰਪਨੀ ਦੇ ਮੁਖ ਕਾਰਜਕਾਰੀ ਅਧਿਕਾਰੀ ਤੋਂ ਘੱਟ ਨਹੀਂ ਹੁੰਦੀ। ਉਹ ਵਿਦੇਸ਼ਾਂ ਦੀਆਂ ਹਵਾਈ ਯਾਤਰਾਵਾਂ ਕਰਦੇਹਨ, ਪੰਜ ਤਾਰਾ ਹੋਟਲਾਂ 'ਚ ਠਹਿਰਦੇ ਹਨ, ਕੌਮਾਂਤਰੀ ਗੋਸ਼ਠੀਆਂ 'ਚ ਹਿਸਾ ਲੈਂਦੇ ਹਨ ਅਤੇ ਮਾਰਕਿਟ ਤੇ ਵਿੱਤੀ ਸੰਸਥਾਵਾਂ ਦੇ ਨਿਵੇਸ਼ਕਾਂ ਤੋਂ ਤੀਜੀ ਦੁਨੀਆ ਨੂੰ ਅਸਰਅੰਦਾਜ਼ ਕਰਨ ਵਾਲੀਆਂ ਨੀਤੀਆਂ ਤਿਆਰ ਕਰਵਾਉਂਦੇ ਹਨ। ਉਹ ਕੌਮਾਂਤਰੀ ਵਿੱਤੀ ਸੰਸਥਾਵਾਂ ਦੀ ਸੇਵਾ 'ਚ ਸਰਗਰਮ ਬੁਨਿਆਦੀ (ਗ੍ਰਾਸਰੂਟ) ਪ੍ਰਤੀਕਿਰਿਆਵਾਦੀ (ਪਿਛਾਖੜੀ) ਹਨ। ਇਸ ਲਈ ਉਹ ਜਮਾਤ ਘੋਲਾਂ ਤੇ ਲੋਕ ਸੰਘਰਸ਼ਾਂ ਨੂੰ ਨਿਰਉਤਸਾਹਿਤ ਕਰਦੇ ਹਨ। ਉਨ੍ਹਾਂ ਦੇ ਹੌਂਸਲੇ ਪਸਤ ਕਰਦੇ ਹਨ। ਸਮਾਜਿਕ ਤਬਦੀਲੀ ਦੇ ਨਾਂ ਹੇਠ ਉਹ ਸਵੈ-ਸਹਾਇਤਾ ਪ੍ਰੋਗਰਾਮਾਂ ਤੇ ਪ੍ਰੋਜੈਕਟਾਂ ਨੂੰ ਹੱਲਾਸ਼ੇਰੀ ਦਿੰਦੇ ਹਨ। ਮਾਰਕਸਵਾਦੀ ਸ਼ਬਦਾਵਲੀ 'ਚ ਉਨ੍ਹਾਂ ਨੂੰ ਨਵ-ਦਲਾਲ (ਨਿਊ-ਕੰਪ੍ਰਾਡੋਰ) ਕਿਹਾ ਜਾਵੇਗਾ। ਉਹ ਖੁਦ ਤਾਂ ਕੋਈ ਪੈਦਾਵਾਰ ਨਹੀਂ ਕਰਦੇ ਅਤੇ ਦਾਤਿਆਂ ਦੇ ਸਵਾਰਥਾਂ ਦੀ ਪੂਰਤੀ ਕਰਦੇ ਹਨ। ਉਹ ਸਮਾਜਕ ਤੇ ਆਰਥਿਕ ਤਬਦੀਲੀ ਦੇ ਨਹੀਂ ਬਲਕਿ ਲੋਕਰਾਜੀ ਮਨੁੱਖੀ ਅਧਿਕਾਰਾਂ ਦੇ ਵਕੀਲ ਹਨ। ਐਨ. ਜੀ. ਓ. ਦੀ ਕਾਰਜ ਪ੍ਰਣਾਲੀ ਬਿਲਕੁਲ ਗੈਰ ਜਮਹੂਰੀ ਹੁੰਦੀ ਹੈ। ਉਹ ਨਾਂ ਦਾ ਮੁਖੀ ਆਪਣੇ ਆਪ ਵਲੋਂ ਹੀ ਥਾਪਿਆ ਹੁੰਦਾ ਹੈ। ਉਨ੍ਹਾਂ ਦਾ ਮੁੱਖ ਕੰਮ ਆਰਥਿਕ ਪ੍ਰਬੰਧ ਤੇ ਸੰਸਥਾ ਦੇ ਪ੍ਰੋਜੈਕਟਾਂ ਤੇ ਪੂਰਾ ਕੰਟਰੋਲ ਹੁੰਦਾ ਹੈ। ਬੁਨਿਆਦੀ ਕਰਮਚਾਰੀਆਂ ਦੀ ਨੀਤੀ ਘੜਨ 'ਚ ਕੋਈ ਭੂਮਿਕਾ ਨਹੀਂ ਹੁੰਦੀ। ਉਨ੍ਹਾਂ ਨੂੰ ਤਨਖਾਹ ਵੀ ਬਹੁਤ ਘੱਟ ਦਿੱਤੀ ਜਾਂਦੀ ਹੈ। ਉਨ੍ਹਾਂ ਵਿਚ ਮੈਂਬਰਸ਼ਿਪ ਦੀ ਕੋਈ ਵਿਵਸਥਾ ਨਹੀਂ ਹੁੰਦੀ ਬਲਕਿ ਕੁਝ ਸਵੈ-ਨਿਯੁਕਤ ਜਾਂ ਉਚ ਪੱਧਰ ਦੇ ਮੁਖੀਆਂ ਵਲੋਂ ਨਿਯੁਕਤ ਵਿਸ਼ੇਸ਼ ਵਿਅਕਤੀ ਹੁੰਦੇ ਹਨ। ਸਥਾਨਕ ਵਿਅਕਤੀਆਂ ਜਾਂ ਉਨ੍ਹਾਂ ਵਲੋਂ ਚੁਣੇ ਬੰਦਿਆਂ ਨੂੰ ਸੰਸਥਾ ਦੇ ਪ੍ਰੋਗਰਾਮਾਂ ਅਤੇ ਜਨਤਕ ਬਹਿਸਾਂ ਤੋਂ ਦੂਰ ਹੀ ਰੱਖਿਆ ਜਾਂਦਾ ਹੈ ਪਰ ਬਿਨਾ ਚੁਣੇ ਵਿਦੇਸ਼ੀ ਅਹੁਦੇਦਾਰਾਂ 'ਤੇ ਉਨ੍ਹਾਂ ਦੇ ਚਮਚੇ ਸਥਾਨਕ ਅਧਿਕਾਰੀਆਂ ਨੂੰ ਸੰਸਥਾ 'ਚ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਐਨ. ਜੀ. ਓ. ਅੰਦਰੋਂ ਵਿਸ਼ੇਸ਼ ਤੇ ਬਾਹਰੋਂ ਚਲਾਕ ਲੋਕਾਂ ਦੀ ਜਮਾਤ ਹੈ। ਮੁਕਤ ਵਪਾਰ ਦੇ ਸਰਮਾਏਦਾਰ ਪ੍ਰਬੰਧ ਕਾਰਨ ਵਧਦੇ ਆਰਥਿਕ ਸੰਕਟ ਦੇ ਦੌਰ ਵਿਚ ਐਨ. ਜੀ. ਓ. ਖੂਬ ਵਧੇ ਫੁੱਲੇ ਹਨ। ਕੰਮ ਦੀ ਵਿਉਂਤਬੰਦੀ ਤੇ ਸਲਾਹ ਮਸ਼ਵਰੇ ਵਾਲੀ ਏਜੰਸੀ ਵਜੋਂ ਇਸ ਦਾ ਕੰਮ ਨਿਰਾਸ਼ ਬੁੱਧੀਜੀਵੀਆਂ ਤੇ ਬੇਰੁਜ਼ਗਾਰ ਪੜ੍ਹੇ ਲਿਖੇ ਨੌਜਵਾਨਾਂ ਨੂੰ ਛੋਟਾ ਮੋਟਾ ਅਸਥਾਈ ਰੁਜ਼ਗਾਰ ਦੇ ਕੇ ਉਨ੍ਹਾਂ ਦਾ ਮੂੰਹ ਬੰਦ ਕਰਨਾ ਹੈ। ਉਨ੍ਹਾਂ ਦੀ ਭੂਮਿਕਾ ਰਾਜਸੀ ਪਿਛਾਖੜੀ ਵਰਗੀ ਹੈ। ਯਾਨੀ ਰਾਜਸੀ ਵਿਰੋਧ ਨੂੰ ਠੰਡਾ ਤੇ ਮੱਠਾ ਕਰਕੇ ਗੁੰਮਰਾਹ ਕਰਨਾ ਪਰ ਸਮਾਜ ਦੇ ਸਾਹਮਣੇ ਉਹ ਖੁਦ ਨੂੰ ਸਮਾਜ ਵਿਗਿਆਨੀ ਹੋਣ ਦਾ ਢੌਂਗ ਕਰਦੇ ਹਨ। ਐਨ. ਜੀ. ਓ. ਦਾ ਕਾਰਜ ਖੇਤਰ ਇਕ ਹੋਰ ਬਦਲਾਅ ਨਾਲ ਜੁੜਿਆ ਹੋਇਆ ਹੈ। ਅੱਜ ਸਾਡੀਆਂ ਸਰਕਾਰਾਂ ਜਨਤਕ ਸੇਵਾ ਤੇ ਵਿਕਾਸ ਦੇ ਆਪਣੇ ਫਰਜ਼ ਤੋਂ ਬੇਮੁੱਖ ਹੋ ਗਈਆਂ ਹਨ। ਹੁਣ ਸਰਕਾਰ ਸੇਵਾ ਮੁਹੱਈਆ ਕਰਨ ਦੀ ਥਾਂ ਸਿਰਫ਼ ਸੇਵਾ ਦੇਣ 'ਚ ਮਦਦਗਾਰ ਹੋਣਾ ਚਾਹੁੰਦੀ ਹੈ। ਇਸ ਦੇ ਲਈ ਜਨਤਕ ਖੇਤਰ ਤੇ ਪ੍ਰਸ਼ਾਸਨ ਦੀ ਅਕੁਸ਼ਲਤਾ ਦਾ ਹਵਾਲਾ ਦਿੱਤਾ ਜਾਂਦਾ ਹੈ। ਇਸ ਪੂੰਜੀਵਾਦੀ ਨਿਜ਼ਾਮ 'ਚ ਭ੍ਰਿਸ਼ਟਾਚਾਰ ਤੇ ਅਕੁਸ਼ੁਲਤਾ ਦੀ ਸੰਭਾਵਨਾ ਲਾਜ਼ਮੀ ਹੈ ਪਰ ਇਸ ਨੂੰ ਜਾਗਰੂਕ ਲੋਕ ਕੰਟਰੋਲ ਕਰ ਸਕਦੇ ਹਨ ਅਤੇ ਸਰਕਾਰ ਨੂੰ ਆਪਣੀ ਭੂਮਿਕਾ ਨਿਭਾਉਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਸਿਧਾਂਤ ਵਿਚ ਸਹੀ, ਜਨਤਕ ਸੇਵਾ ਤੇ ਵਿਕਾਸ 'ਚ ਪੂਰੇ ਸਮਾਜ ਦੀ ਸ਼ਮੂਲੀਅਤ ਹੁੰਦੀ ਹੈ। ਸਾਡੇ ਰਾਜਸੀ ਆਗੂ ਕਿੰਨੇ ਵੀ ਭ੍ਰਿਸ਼ਟ ਕਿਉਂ ਨਾ ਹੋ ਜਾਣ, ਉਨ੍ਹਾਂ ਨੂੰ ਪੰਜ ਸਾਲਾਂ 'ਚ ਘੱਟੋ ਘੱਟ ਇਕ ਵਾਰੀ ਜ਼ਰੂਰ ਜਵਾਬਦੇਹ ਹੋਣਾ ਹੀ ਹੁੰਦਾ ਹੈ ਪਰ ਐਨ. ਜੀ. ਓ. ਕਿਸ ਨੂੰ ਜਵਾਬਦੇਹ ਹਨ? ਉਨ੍ਹਾਂ ਦਾ ਲੋਕ ਨੁਮਾਇੰਦਗੀ ਕਰਨ ਦਾ ਦਾਅਵਾ ਥੋਥਾ ਤੇ ਅਧਾਰਹੀਣ ਹੈ। ਜਨਤਕ ਨਿੱਜੀ ਭਾਗੀਦਾਰੀ (ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ ਜਾਂ ਪੀ. ਪੀ. ਪੀ.) ਵਲੋਂ ਵਿਕਾਸ ਦਾ ਢਿੰਡੋਰਾ ਪਿਟਣਾ ਨਿੱਜੀਕਰਨ ਲਈ ਵਿਸ਼ਵੀ ਪੂੰਜੀਵਾਦ ਦੀ ਸੋਚੀ ਸਮਝਦੀ ਰਣਨੀਤੀ ਹੈ। ਇਹ ਉਸ ਦੀ ਇਕ ਕੁਟਿਲ ਚਾਲ ਹੈ। ਇਸ ਦੇ ਤਹਿਤ ਪੂੰਜੀ ਨਿਵੇਸ਼ ਤਾਂ ਸਰਕਾਰ ਕਰਦੀ ਹੈ ਪਰ ਫਾਇਦਾ ਨਿੱਜੀ ਖੇਤਰ ਨੂੰ ਹੁੰਦਾ ਹੈ। ਗੈਰ ਜਮਹੂਰੀ ਤੇ ਗੈਰ ਜ਼ਿੰਮੇਵਾਰ ਐਨ. ਜੀ. ਓ. ਦੀ ਜਨਤਕ ਖੇਤਰ 'ਚ ਸ਼ਮੂਲੀਅਤ ਦੇਸ਼ ਦੇ ਹਿੱਤ ਵਿਚ ਨਹੀਂ ਹੈ। ਹਾਲ ਦੇ ਦਿਨਾ ਵਿਚ ਟੂ-ਜੀ ਸਪੈਕਟਮ ਵਰਗੇ ਵੱਡੇ ਘਪਲਿਆਂ 'ਚ ਮੰਤਰੀਆਂ, ਰਾਜਸੀ ਆਗੂਆਂ ਤੇ ਉਨ੍ਹਾਂ ਦੇ ਚਹੇਤਿਆਂ ਜਾਂ ਰਿਸ਼ਤੇਦਾਰਾਂ ਵਲੋਂ ਚਲਾਏ ਜਾ ਰਹੇ ਐਨ. ਜੀ. ਓ. ਦੇ ਸ਼ਾਮਲ ਹੋਣ ਦਾ ਖੁਲਾਸਾ ਦਰਸਾਉਂਦਾ ਕੀ ਹੈ?

98156-29301
ਪ੍ਰੋ. ਨਰਸਿੰਹ ਦਿਆਲ
(ਸਰੋਤ ਰੈਡ ਸਟਾਰ,ਫ਼ਰਵਰੀ 2016)

# ਤਰਕਸ਼ੀਲ ਸੁਸਾਇਟੀ ਪੰਜਾਬ 'ਖੁਸ਼ੀ ਦੀ ਭਾਲ 'ਚ' ਵਿਸ਼ੇ 'ਤੇ ਸੈਮੀਨਾਰ ਕਰਵਾਇਆ







ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਦੀ ਇਕਾਈ ਸੁਨਾਮ ਵੱਲੋਂ 17 ਅਪ੍ਰੈਲ, 2016 ਦਿਨ ਐਤਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਸੁਨਾਮ ਵਿਖੇ ਪ੍ਰਿੰਸੀਪਲ ਸ੍ਰੀ ਦਿਨੇਸ਼ ਕੁਮਾਰ ਦੇ ਸਹਿਯੋਗ ਨਾਲ "ਖੁਸ਼ੀ ਦੀ ਭਾਲ 'ਚ " ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਮੁੱਖ ਬੁਲਾਰੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਦੇ ਸੂਬਾਈ ਆਗੂ ਸ਼੍ਰੀ ਰਜਿੰਦਰ ਭਦੌੜ ਵੱਲੋਂ ਆਪਣੇ ਭਾਵਪੂਰਨ ਅਤੇ ਵਿਗਿਆਨਕ ਸੋਚ ਵਾਲੇ ਵਿਚਾਰਾਂ ਨਾਲ ਜ਼ਿੰਦਗੀ ਵਿੱਚ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਨਾਲ ਨਿਪਟਣ ਦੇ ਢੰਗ-ਤਰੀਕੇ ਦੱਸਦੇ ਹੋਏ ਖੁਸ਼ੀਆਂ ਪ੍ਰਾਪਤ ਕਰਨ ਦਾ ਸੌਖਾ ਅਤੇ ਪ੍ਰਭਾਵਸ਼ਾਲੀ ਰਸਤਾ ਵਿਖਾਉਂਦਿਆਂ ਹਾਜ਼ਰੀਨ ਨੂੰ ਦੱਸਿਆ ਕਿ ਜੇ ਜੇਕਰ ਅਸੀਂ ਆਪਣੇ ਸਰੀਰ ਅਤੇ ਦਿਮਾਗ ਨੂੰ ਤੰਦਰੁਸਤ ਰੱਖਦੇ ਹੋਏ ਇਮਾਨਦਾਰੀ ਨਾਲ ਜ਼ਿਮੇਵਾਰੀਆਂ ਨਿਭਾਉਂਦਿਆਂ ਚੰਗੀ ਸੋਚ ਵਾਲੇ ਲੋਕਾਂ ਨਾਲ ਮੇਲ-ਜੋਲ ਰੱਖ ਕੇ ਸਮੇਂ ਦਾ ਸਹੀ ਇਸਤੇਮਾਲ ਕਰਕੇ ਨਿੱਜੀ ਰੁਝੇਵਿਆਂ 'ਚੋਂ ਸਮਾਂ ਅਤੇ ਸਾਧਨ ਕੱਢ ਕੇ ਅੰਧਵਿਸਵਾਸ਼ਾਂ, ਵਹਿਮਾਂ-ਭਰਮਾਂ 'ਚੋਂ ਨਿੱਕਲ ਕੇ ਸਹੀ ਜੀਵਨ ਸ਼ੈਲੀ ਅਪਨਾਈਏ ਤਾਂ ਅਸੀਂ ਬਹੁਤ ਹੀ ਖੁਸ਼ਹਾਲ ਅਤੇ ਖੇੜਿਆਂ ਭਰਿਆ ਜੀਵਨ ਬਤੀਤ ਕਰ ਸਕਦੇ ਹਾਂ। ਇਸ ਮੌਕੇ 'ਤੇ ਭੋਲਾ ਸਿੰਘ ਮਾਡਲ ਟਾਊਨ, ਸੁਰਜੀਤ ਭੱਠਲ ਅਤੇ ਛੋਟੀ ਲੜਕੀ ਨਿਸ਼ੂ ਵੱਲੋਂ ਅਗਾਂਹਵਧੂ ਸੋਚ ਵਾਲੇ ਗੀਤ ਪੇਸ਼ ਕੀਤੇ ਗਏ। ਪ੍ਰੋਗ੍ਰਾਮ ਸੰਚਾਲਨ ਤਰਕਸ਼ੀਲ ਸੁਸਾਇਟੀ ਪੰਜਾਬ ਕਾਨੂੰਨ ਵਿਭਾਗ ਦੇ ਮੁੱਖੀ ਐਡਵੋਕੇਟ ਹਰਿੰਦਰ ਲਾਲੀ ਬਾਖੂਬੀ ਨਿਭਾਇਆ ਗਿਆ। ਸਵਾਲਾਂ-ਜਵਾਬਾਂ ਦੇ ਦੌਰ ਵਿੱਚ ਸਰੋਤਿਆਂ ਵੱਲੋਂ ਵੱਡਮੁੱਲੇ ਸਵਾਲ ਵੀ ਪੁੱਛੇ ਗਏ ਜਿੰਨਾ ਦਾ ਜਵਾਬ ਮੁੱਖ ਬੁਲਾਰੇ ਵੱਲੋਂ ਤਸੱਲੀਬਖਸ਼ ਤਰੀਕੇ ਨਾਲ ਦਿੱਤਾ ਗਿਆ। ਸ਼ੁਰੂਆਤ ਵਿੱਚ ਤਰਕਸ਼ੀਲ ਆਗੂ ਮਾਸਟਰ ਸੁਖਜਿੰਦਰ ਖੋਖਰ ਵੱਲੋਂ ਸਭਨਾ ਨੂੰ ਜੀ ਆਇਆਂ ਕਿਹਾ ਗਿਆ ਜਦੋਂ ਕਿ ਅਖੀਰ ਵਿੱਚ ਤਰਕਸ਼ੀਲ ਆਗੂ ਗੁਰਪ੍ਰੀਤ ਸਹਿਣਾ ਵੱਲੋਂ ਧੰਨਵਾਦੀ ਸ਼ਬਦ ਬੋਲੇ ਗਏ।ਇਸ ਸੈਮੀਨਾਰ ਵਿੱਚ ਸੁਨਾਮ ਤੋਂ ਇਲਾਵਾ ਸੰਗਰੂਰ, ਲੌਂਗੋਵਾਲ, ਦਿੜ੍ਹਬਾ, ਮੂਣਕ, ਭਦੌੜ, ਲਹਿਰਾਗਾਗਾ ਆਦਿ ਤੋਂ ਸੀਨੀਅਰ ਵਕੀਲ ਸੰਪੂਰਨ ਸਿੰਘ ਛਾਜਲੀ, ਰਾਜ ਬਲਵਿੰਦਰ ਸੁਨਾਮ, ਮਾਸਟਰ ਪਰਮਵੇਦ, ਅਮਰੀਕ ਖੋਖਰ, ਮਹਿੰਦਰ ਗੋਬਿੰਦਗੜ੍ਹ, ਨਾਮ ਦੇਵ ਭੁਟਾਲ, ਬਲਵੀਰ ਲੌਂਗੋਵਾਲ, ਜੁਝਾਰ ਸਿੰਘ, ਮਹੇਸ਼ਇੰਦਰ ਮੇਸ਼ੀ, ਮਾਸਟਰ ਨਾਇਬ ਸਿੰਘ ਰਟੌਲ, ਡਾ. ਕੁਲਦੀਪ ਸਿੰਘ ਮੂਣਕ, ਕਰਨੈਲ ਗਨੌਟਾ, ਬਲਦੇਵ ਭੋਡੇ, ਮਾਸਟਰ ਵਿਸ਼ਵਕਾਂਤ, ਜਗਦੀਸ਼ ਪਾਪੜਾ ਆਦਿ ਨੇ ਵੱਡੀ ਗਿਣਤੀ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਗਈ।ਇਸ ਸਮਾਗਮ ਨੂੰ ਕਾਮਯਾਬ ਕਰਨ ਵਿੱਚ ਮਾਸਟਰ ਸੰਜੀਵ ਕੁਮਾਰ, ਵਰਿੰਦਰ ਥਿੰਦਸਨ, ਅਮਰਿਤ ਸਿੰਘ, ਜੌਨੀ ਜੀ, ਸਤਵੀਰ ਸੱਤੂ, ਨਮਰੀਤ ਵਗੈਰਾ ਨੇ ਬਹੁਤ ਮਿਹਨਤ ਕੀਤੀ।

# ਵਾਤਾਵਰਣ ਅਤੇ ਸਰਮਾਏਦਾਰੀ ਨਾਲ ਜੰਗ



ਹਰੀਪਾਲ ਕੈਲਗਰੀ

ਸਾਡੇ ਗੁਰੂਆਂ ਨੇ ਸਾਨੂੰ ਸਿੱਖਿਆ ਦਿੱਤੀ ਹੈ, ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ। ਇਹ ਅਸੀਂ ਕਿੰਨੀ ਵਾਰ ਰਟਦੇ ਹਾਂ ਅਤੇ ਗੁਟਕਾ ਇਕੱਠਾ ਕਰਕੇ ਮੱਥੇ ਨਾਲ ਲਾ ਕੇ ਰੱਖ ਦਿੰਦੇ ਹਾਂ। ਸੋਚਦਾ ਹਾਂ ਪਾਠ ਕਰਕੇ ਸਾਡੀ ਯਾਤਰਾ ਸਫ਼ਲ ਹੋ ਜਾਵੇਗੀ ਜਾਂ ਸਾਡੇ ਘਰ ਮੁੰਡਾ ਜਨਮ ਲਵੇਗਾ ਵਗੈਰਾ ਵਗੈਰਾ। ਪਰ ਸਾਡੇ ਪੁਰਖਿਆਂ ਦਾ ਮਤਲਬ ਸੀ ਕਿ ਜੀਵਨ ਦੇ ਪੰਜ ਤੱਤਾਂ ਵਿਚੋਂ ਇਕ ਤਿੰਨ ਤੱਤ ਹਨ ਜਿਨ੍ਹਾਂ ਦਾ ਤੁਸੀਂ ਸਤਿਕਾਰ ਕਰਨਾ ਹੈ। ਬਾਕੀ ਦੇ ਤੱਤ ਆਕਾਸ਼ ਅਤੇ ਅਗਨੀ (ਸੂਰਜ) ਹਨ। ਸਾਡੀ ਫਿਤਰਤ ਦੇਖੋ ਕਿ ਅਸੀਂ ਧਰਤੀ ਦਾ ਇੰਨਾ ਸਤਿਕਾਰ ਕਰਦੇ ਹਾਂ ਕਿ ਸਾਰਾ ਹੀ ਪ੍ਰਮਾਣੂ ਵੇਸਟ (Nuclear Waist) ਅਸੀਂ ਅਫਰੀਕਾ ਦੇ ਗਰੀਬ ਮੁਲਕਾਂ ਦੇ ਟਿੱਬਿਆਂ ਵਿਚ ਦੱਬ ਰਹੇ ਹਾਂ। ਦੂਜੇ ਅਸੀਂ ਪਾਣੀ ਦਾਇੰਨਾ ਸਤਿਕਾਰ ਕਰਦੇ ਹਾਂ ਕਿ ਸਾਰਾ ਹੀ ਨਹੀਂ ਬਹੁਤ ਸਾਰਾ ਉਦਯੋਗਿਕ ਪ੍ਰਦੂਸ਼ਣ ਅਸੀਂ ਪਾਣੀ ਵਿਚ ਡੰਪ ਕਰ ਰਹੇ ਹਾਂ। ਹਵਾ ਦਾ ਅਸੀਂ ਇੰਨਾ ਸਤਿਕਾਰ ਕਰਦੇ ਹਾਂ ਕਿ ਸਭ ਤਰ੍ਹਾਂ ਦੇ ਜ਼ਹਿਰੀਲੇ ਰਸਾਇਣ ਧੂੰਆਂ ਅਸੀਂ ਹਵਾ ਵਿਚ ਡੰਪ ਕਰ ਰਹੇ ਹਾਂ।

ਵੀਹਵੀਂ ਸਦੀ ਵਿਚ ਵੱਡੇ ਵੱਡੇ ਵਿਗਿਆਨੀਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਧਰਤੀ ਦੇ ਵਧ ਰਹੇ ਤਾਪਮਾਨ ਵਿਚ ਮਨੁੱਖੀ ਗਤੀਵਿਧੀਆਂ ਦਾ ਬਹੁਤ ਵੱਡਾ ਹੱਥ ਹੈ ਪਰ ਅਜੇ ਬਹੁਤ ਸਾਰਾ ਮੁਨਾਫ਼ੇਖੋਰ ਪੂੰਜੀਵਾਦੀ ਲਾਣਾ ਇਹ ਮੰਨਣ ਨੂੰ ਤਿਆਰ ਨਹੀਂ ਹੈ ਕਿ ਉਂਕਿ ਜੇਕਰ ਉਹ ਇਹ ਮੰਨ ਲੈਂਦੇ ਹਨ ਤਾਂ ਇਸ ਨਾਲ ਇਨ੍ਹਾਂ ਦੇ ਮੁਨਾਫ਼ੇ ਨੂੰ ਖੋਰਾ ਲੱਗੇਗਾ। ਪਰ 1997 ਦੀ ਕੋਪਨਹੇਗਨ ਕਾਨਫਰੰਸ ਵਿਚ ਦੇ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ਾਂ ਅਮਰੀਕਾ ਅਤੇ ਚੀਨ ਨੇ ਇਹ ਫੈਸਲਾ ਕੀਤਾ ਸੀ ਕਿ ਤਾਪਮਾਨ 2 ਡਿਗਰੀ ਸੈਲਸੀਅਸ ਤੋਂ ਵਧਣ ਨਾ ਦਿੱਤਾ ਜਾਵੇ ਪਰ ਉਸ ਤੋਂ ਬਾਅਦ ਦੇ ਸਾਲਾਂ ਵਿਚ ਤਾਪਮਾਨ 0.8 ਡਿਗਰੀ ਸੈਲਸੀਅਸ ਵੱਧ ਗਿਆ ਅਤੇ ਇਸ ਦੇ ਨਤੀਜੇ ਵੱਡੇ ਵੱਡੇ ਤੂਫ਼ਾਨਾਂ, ਸੋਕਿਆਂ ਦੇ ਰੂਪ ਵਿਚ ਹੁਣ ਅਸੀਂ ਭੁਗਤ ਰਹੇ ਹਾਂ। ਵਾਤਾਵਰਣ ਵਿਗਿਆਨੀਆਂ ਨੇ ਜਿਹੜੇ ਸਿੱਟੇ ਕੱਢੇ ਹਨ ਤੇ ਉਸਦੇ ਉਲਟ ਜੋ ਵੀ ਪੂੰਜੀਵਾਦ ਕਰ ਰਿਹਾ ਹੈ ਉਹ ਹੇਠਾਂ ਦਰਜ ਹੈ।

• ਜੇਕਰ ਗਲੋਬਲ ਤਾਪਮਾਨ $2^0$ ਸੈਲਸੀਅਸ ਤੋਂ ਵੱਧ ਜਾਂਦਾ ਹੈ ਤਾਂ ਪੱਛਮੀ ਅੰਟਾਰਕਟਿਕਾ ਦੀ ਬਰਫ਼ ਹੋਰ ਤੇਜ਼ੀ ਨਾਲ ਖੁਰਨ ਲੱਗ ਜਾਵੇਗੀ ਅਤੇ ਸਮੁੰਦਰੀ ਸਤਹ 6 ਫੁੱਟ ਤੱਕ ਵੱਧ ਸਕਦੀ ਹੈ। ਯਾਦ ਰਹੇ ਕਿ ਇਸ ਧਰਤੀ 'ਤੇ 10 ਕਰੋੜ (100 ਮਿਲੀਅਨ) ਲੋਕ ਸਿਰਫ ਸਮੁੰਦਰੀ ਸਤਹ ਤੋਂ ਤਿੰਨ ਫੁੱਟ ਦੀ ਉਚਾਈ ਤੇ ਵਸਦੇ ਹਨ ਅਤੇ $2^0$ ਸੈਲਸੀਅਸ ਤਾਪਮਾਨ ਵਧਣ ਨਾਲ 10 ਕਰੋੜ ਲੋਕ ਬੇਘਰੇ ਹੋ ਜਾਣਗੇ।

• ਵਿਗਿਆਨੀ ਤਾਂ ਹੁਣ ਇਥੋਂ ਤੱਕ ਵੀ ਕਹਿ ਰਹੇ ਹਨ ਕਿ 2 ਡਿਗਰੀ ਤਾਂ ਹੁਣ ਸੁਪਨਾ ਹੀ ਰਹਿ ਗਿਆ ਹੈ ਜੇਕਰ ਹੁਣ ਵੀ ਕੁਝ ਨਾ ਕੀਤਾ ਗਿਆ ਜਾਂ ਕੁਝ ਠੋਸ ਸਟੈਪ ਨਾ ਚੁੱਕੇ ਗਏ ਤਾਂ ਇਸ ਸਦੀ ਦੇ ਅੰਤ ਤੱਕ ਤਾਪਮਾਨ ਲਗਭਗ $4^0$ ਸੀ ਤੱਕ ਵਧ ਜਾਵੇਗਾ।

• $2^0$ ਤੋਂ ਵੱਧ ਤਾਪਮਾਨ ਵਧਣ ਨਾਲ ਜੇਕਰ ਸਮੁੰਦਰੀ ਸਤਹ 6 ਫੁੱਟ ਤੱਕ ਵਧ ਗਈ ਤਾਂ ਬਹੁਤ ਛੋਟੇ-ਛੋਟੇ ਟਾਪੂ ਸਮੁੰਦਰ ਵਿਚ ਡੁੱਬ ਜਾਣਗੇ। ਸਮੁੰਦਰ ਦੇ ਕੰਢੇ ਵਸਦੇ ਸ਼ਹਿਰਾਂ ਨਿਊਯਾਰਕ, ਲਾਸ ਏਂਜਲਸ, ਵੈਨਕੂਵਰ, ਵਿਕਟੋਰੀਆ, ਲੰਡਨ, ਮੁੰਬਈ, ਹਾਂਗਕਾਂਗ, ਸ਼ੰਘਈ ਵਰਗੇ ਸ਼ਹਿਰਾਂ ਦੀ ਹੋਂਦ ਖਤਰੇ ਵਿਚ ਪੈ ਜਾਵੇਗੀ। ਵਧੀ ਹੋਈ ਗਰਮੀ ਨਾਲ ਹਜ਼ਾਰਾਂ ਹੀ ਜਾਨਵਰਾਂ ਅਤੇ ਮਨੁੱਖੀ ਜਾਨਾਂ ਖਤਰੇ ਵਿਚ ਪੈ ਜਾਣਗੀਆਂ। ਖਾਧ ਖੁਰਾਕੀ ਫਸਲਾਂ ਦੀ ਉਪਜ 60% ਤੱਕ ਘਟ ਜਾਵੇਗੀ। ਪ੍ਰਦੂਸ਼ਤ ਹੋਇਆ ਪਾਣੀ ਮਨੁੱਖਤਾ ਦੀ ਹੋਂਦ ਹੀ ਖਤਰੇ ਵਿਚ ਪਾ ਦੇਵੇਗਾ।

• ਅੰਤਰਰਾਸ਼ਟਰੀ ਐਨਰਜੀ ਕਮਿਸ਼ਨ ਦੀ ਰਿਪੋਰਟ ਹੈ ਕਿ ਅਸਲ ਵਿਚ ਅਸੀਂ $6^0$ ਸੀ ਵੱਲ ਵੱਧ ਰਹੇ ਹਾਂ ਜਿਹੜਾ ਕਿ 10.8 ਡਿਗਰੀ ਫਾਰਨਹੀਟ ਹੈ। ਧਰੁਵਾਂ ਦੀ ਬਰਫ਼ ਖੁਰਨ ਨਾਲ ਮਿਥੈਨ ਗੈਸ ਹਵਾ ਵਿਚ ਘੁਲ ਜਾਵੇਗੀ ਜਿਹੜੀ ਬਹੁਤ ਹੀ ਜ਼ਹਿਰੀਲੀ ਹੈ।

• ਸ਼ਰਮ ਦੀ ਗੱਲ ਹੈ ਕਿ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਚੀਨ ਦੀ ਰਾਜਧਾਨੀ ਬੀਜਿੰਗ ਵਿਚ ਬੱਚੇ ਮੂੰਹ ਤੇ ਮਸਕ ਚੜ੍ਹਾ ਕੇ ਖੇਡਦੇ ਹਨ।

• ਜਦ ਵੀ ਇਤਿਹਾਸਕਾਰ ਪਿਛਲਝਾਤ ਮਾਰਦੇ ਹਨ ਤਾਂ ਕਿੰਨੀਆਂ ਹੀ ਵਾਤਾਵਰਣ ਦੀਆਂ ਕਾਨਫਰੰਸ ਦੇ ਬਾਵਜੂਦ ਕਾਰਪੋਰੇਸ਼ਨਾਂ ਦੀ ਮਨਮਾਨੀ ਰੁਕਣ ਦਾ ਨਾਂ ਨਹੀਂ ਲੈ ਰਹੀ। ਵਰਲਡ ਟਰੇਡ ਆਰਗੇਨਾਈਜੇਸ਼ਨ ਤੇ ਕਾਰਪੋਰੇਟ ਵਰਲਡ ਨੇ ਮੁਨਾਫ਼ੇ ਨੂੰ ਮੁੱਖ ਰੱਖਕੇ ਵਾਤਾਵਰਣ ਪ੍ਰੇਮੀਆਂ



ਨੂੰ ਅੱਤਵਾਦੀ ਤੱਕ ਕਿਹਾ ਹੈ। ਕਾਰਪੋਰੇਟ ਵਰਲਡ ਕਹਿੰਦਾ ਹੈ ਕਿ ਕਾਮਰੇਡਾਂ ਨੇ ਲਾਲ ਕਮੀਜ਼ਾਂ ਲਾਹਕੇ ਹਰੀਆਂ ਟੀ. ਸ਼ਰਟਾਂ ਪਾ ਲਈਆਂ ਹਨ। ਇਕ ਚੀਜ਼ ਦਾ ਧਿਆਨ ਰੱਖਿਆ ਜਾਵੇ ਕਿ ਮਨੁੱਖੀ ਹੋਂਦ ਅਤੇ ਮੁਨਾਫ਼ਾ ਇਕੱਠੇ ਨਹੀਂ ਚਲ ਸਕਦੇ। ਮਨੁੱਖੀ ਹੋਂਦ ਨੂੰ ਬਚਾਉਣ ਲਈ ਮੁਨਾਫ਼ੇਖੋਰਾਂ ਨੂੰ ਨਕੇਲ ਪਾਉਣੀ ਪਵੇਗੀ।

• ਬੁਰੀ ਤਰ੍ਹਾਂ ਤਾਪਮਾਨ ਨੂੰ ਪ੍ਰਭਾਵਤ ਕਰਨ ਵਾਲੇ ਅਲਬਰਟਾ ਟਾਰ ਸੈਂਡਜ ਦੀ ਇਕ ਉਦਾਹਰਣ ਵੇਖੋ, ਇਕ ਨੇਟਿਵ ਔਰਤ ਨੇ ਦੱਸਿਆ ਕਿ ਜਦ ਉਨ੍ਹਾਂ ਨੇ ਇਕ ਮੂਸ ਮਾਰਿਆ (ਮੂਸ ਦਾ ਮੀਟ ਨੇਟਿਵ ਲੋਕਾਂ ਦੀ ਖੁਰਾਕ ਦਾ ਹਿੱਸਾ ਹੈ) ਤਾਂ ਉਸ ਦਾ ਖੂਨ ਹਰੇ ਰੰਗ ਦਾ ਸੀ। ਇਹ ਉਦਾਹਰਣ ਉਤਰੀ ਅਲਬਰਟਾ ਦੀ ਹੈ। ਜੰਗਲੀ ਜਾਨਵਰਾਂ ਨੂੰ ਇਕ ਵੱਖਰੀ ਤਰ੍ਹਾਂ ਦਾ ਕੈਂਸਰ ਹੋਣਾ ਇਕ ਆਮ ਜਿਹੀ ਗੱਲ ਹੈ। ਫੋਰਟ ਮੈਕਮਰੀ ਦੇ ਪ੍ਰਦੂਸ਼ਣ ਨਾਲ ਭਰੇ ਪੌਂਡਾਂ (ਛੱਪੜਾਂ) ਵਿਚ ਕਿੰਨੀ ਵਾਰ ਹਜ਼ਾਰਾਂ ਹੀ ਬੱਤਖਾਂ ਮਰੀਆਂ ਹਨ।

• ਆਸਟ੍ਰੇਲੀਆ ਵਿਚ ਇਕ ਹੋਰ ਹੀ ਭਾਣਾ ਵਰਤਿਆ। ਵਧੀ ਹੋਈ ਗਰਮੀ ਨੇ ਚਾਮਚੜਿਕਾਂ ਦੀ ਇਕ ਕਲੋਨੀ ਇੰਨੀ ਬੁਰੀ ਤਰ੍ਹਾਂ ਤਬਾਹ ਕੀਤੀ ਕਿ ਲੱਖਾਂ ਹੀ ਮਰ ਰਹੀਆਂ ਚਾਮਚੜਿਕਾਂ ਧਰਤੀ ਤੇ ਮੀਂਹ ਵਾਂਗ ਵਰ੍ਹੀਆਂ। ਇੰਡੀਆ ਦੇ ਸ਼ਹਿਰ ਬੰਗਲੂਰ ਵਿਚ ਲੱਖਾਂ ਹੀ ਮੱਛੀਆਂ ਮਰ ਕੇ ਕਿਨਾਰਿਆਂ 'ਤੇ ਆ ਗਈਆਂ। ਪੈਸੇਫਿਕ ਪੋਸਟ ਤੇ ਹਜ਼ਾਰਾਂ ਹੀ ਸਟਾਰਫਿਸ਼ ਮਰੀਆਂ ਹੋਈਆਂ ਪਾਈਆਂ ਗਈਆਂ।

• ਇੰਨਾ ਕੁਝ ਹੁੰਦੇ ਹੋਏ ਕਰਿਸ ਹੌਰਨਰ (ਸਰਮਾਏਦਾਰਾਂ ਦਾ ਵਿਗਿਆਨੀ) ਕਹਿੰਦਾ ਹੈ ਕਿ ਵਾਤਾਵਰਣ ਪ੍ਰੇਮੀ ਪੁਰਾਣੇ ਸਮੇਂ ਦੇ ਪਾਦਰੀਆਂ ਵਰਗੇ ਹਨ ਜਿਹੜੇ ਕਿ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਹਜ਼ਾਰਾਂ ਲੋਕਾਂ ਨੂੰ ਕਤਲ ਕਰ ਦਿੰਦੇ ਸਨ। ਉਸਨੇ ਕਿਹਾ ਕਿ ਇਹ ਸਾਰਾ ਵਾ-ਬੇਲਾ ਅਮਰੀਕਾ ਦੀ ਤਰੱਕੀ ਤੋਂ ਖਾਰ ਖਾਂਦਾ ਹੈ ਤਾਂ ਕਿ ਅਮਰੀਕਾ ਆਪਣੀਆਂ ਫੈਕਟਰੀਆਂ ਬੰਦ ਕਰਕੇ ਗਰੀਬ ਮੁਲਕਾਂ ਦੀ ਕਤਾਰ ਵਿਚ ਬੈਠ ਜਾਵੇ।

• ਅਮਰੀਕਾ ਵਿਚ ਵਾਤਾਵਰਣ ਵਿਗਿਆਨੀਆਂ ਦੇ ਕੰਪਿਊਟਰ ਦੇ ਡੈਟੇ ਚੋਰੀ ਕਰਕੇ ਬਦਲ ਦਿੱਤੇ ਗਏ। ਵਾਤਾਵਰਣ ਵਿਗਿਆਨੀਆਂ ਡਰਾਇਆ ਗਿਆ। ਕਾਰਪੋਰੇਟਾਂ ਦੀਆਂ ਸੰਸਥਾਵਾਂ ਨੇ ਵਾਤਾਵਰਣ ਪ੍ਰੇਮੀਆਂ ਵਿਰੁੱਧ ਇਕ ਜੰਗ ਵਿੱਢ ਲਈ ਹੈ। ਇਸ ਜੰਗ ਵਿਚ ਵਾਤਾਵਰਣ ਪ੍ਰੇਮੀਆਂ ਨੂੰ ਹਰਾਉਣ ਲਈ, ਇਕ ਕਾਊਂਟਰ ਮੂਵਮੈਂਟ ਵਿੱਢੀ ਹੋਈ ਹੈ ਜਿਸ ਨੂੰ ਤੇਲ ਕੰਪਨੀਆਂ ਤੇ ਇਨ੍ਹਾਂ ਦੇ ਕਾਲੇ ਧਨ ਨਾਲ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ। ਇਨ੍ਹਾਂ ਦਾ ਸਾਰਾ ਜ਼ੋਰ ਇਸ ਗੱਲ 'ਤੇ ਲੱਗਿਆ ਹੈ ਕਿ ਲੋਕਾਂ ਨੂੰ ਜਚਾ ਦਿੱਤਾ ਜਾਵੇ ਕਿ ਇਹ ਵਾਤਾਵਰਣ ਵਿਗਿਆਨ ਝੂਠ ਬੋਲ ਰਹੇ ਹਨ।

• ਕਾਰਪੋਰੇਸ਼ਨਾਂ ਇਕ ਬੜੀ ਹਾਸੋਹੀਣੀ ਦਲੀਲ ਦਿੰਦੀਆਂ ਹਨ ਕਿ ਜੇਕਰ ਗਲੋਬਲ ਵਾਰਮਿੰਗ ਹੁੰਦੀ ਹੈ ਤਾਂ ਲੋਕ ਏ. ਸੀ. ਲਗਵਾ ਲੈਣ, ਪਰ ਜਿਨ੍ਹਾਂ ਨੂੰ ਰੋਟੀ ਦੇ ਲਾਲੇ ਪਏ ਹੋਏ ਹਨ ਉਹ ਪੈਸਾ ਕਿਥੋਂ ਲੈ ਕੇ ਆਉਣਗੇ। ਅਜੇ ਤੱਕ ਅਮੀਰਾਂ ਨੂੰ ਭੁਲੇਖਾ ਹੈ ਕਿ ਅਸੀਂ ਤਾਂ ਵੱਡੀਆਂ ਵੱਡੀਆਂ ਕੰਧਾਂ ਕੱਢ ਕੇ ਬਚ ਜਾਵਾਂਗੇ, ਹਜ਼ਾਰਾਂ ਲੱਖਾਂ ਗਰੀਬਾਂ ਨੂੰ ਸਮੁੰਦਰੀ ਕਿਨਾਰਿਆਂ ਤੇ ਮਰਨ ਲਈ ਛੱਡਕੇ।

• ਇਨ੍ਹਾਂ ਨੂੰ ਅਜੇ ਭੀ ਭੁਲੇਖਾ ਹੈ ਕਿ ਗਲੋਬਲ ਵਾਰਮਿੰਗ ਨਾਲ ਅਮੀਰ ਦੇਸ਼ ਉਚੀਆਂ ਜਗ੍ਹਾ ਦੇ ਹੋਟਲਾਂ ਤੋਂ, ਏ. ਸੀ. ਸਿਸਟਮ ਤੋਂ, ਪਾਣੀ ਵਾਲੀਆਂ ਬੋਤਲਾਂ ਤੋਂ ਪੈਸਾ ਕਮਾਕੇ ਮਾਲੋਮਾਲ ਹੋ ਜਾਣਗੇ।

• ਪਿਛਲੇ ਸਾਲਾਂ ਵਿਚ ਕਾਰਪੋਰੇਸ਼ਨਾਂ ਨੇ ਦੁਨੀਆ ਦੇ ਮੁਲਕਾਂ ਨੂੰ ਮਜਬੂਰ ਕਰਕੇ ਫਰੀ ਟਰੇਡ ਦਾ ਸਮਝੌਤਾ ਕਰਵਾਇਆ ਤਾਂ ਕਿ ਪੈਸਾ ਵਸਤੂ ਦੀ ਮੂਵਮੈਂਟ ਫਰੀ ਹੋ ਸਕੇ। ਇਹ ਕਿਸ ਤਰ੍ਹਾਂ ਚੰਦ ਚੜ੍ਹਦਾ ਹੈ। ਪਿਛਲੇ 20 ਸਾਲਾਂ ਵਿਚ ਸਮੁੰਦਰੀ ਜਹਾਜ਼ਾਂ ਦੀ ਟਰੈਫਿਕ 400% ਵਧ ਗਈ ਹੈ। ਹੁਣ ਕੱਚਾ ਮਾਲ ਅਮਰੀਕਾ ਜਾਂ ਕਿਸੇ ਵਿਕਸਤ ਦੇਸ਼ਤੋਂ ਜਾਂਦਾ ਹੈ। ਸਪੋਜ ਕਰੋ ਕਿ ਬੰਗਲਾ ਦੇਸ਼ ਜਾਂ ਹੋਰ ਪਛੜੇ ਗਰੀਬ ਮੁਲਕਾਂ 'ਚ ਲੇਬਰ ਸਸਤੀ ਹੋਣ ਕਾਰਨ ਕੱਚਾ ਮਾਲ ਤਿਆਰ ਹੋ ਕੇ ਵਿਕਣ ਲਈ ਅਮਰੀਕਾ ਵਰਗੇ ਵਿਕਸਿਤ ਦੇਸ਼ਾਂ 'ਚ ਜਾਂਦਾ ਹੈ ਜਿਹੜਾ ਸਮੁੰਦਰੀ ਜਹਾਜ਼ਾਂ ਦੀ ਢੁਆਈ ਰਾਹੀਂ ਪ੍ਰਦੂਸ਼ਣ ਫੈਲਿਆ। ਇਸ ਨੂੰ ਘਟਾਇਆ ਜਾ ਸਕਦਾ ਹੈ ਜੇ ਜਿਥੇ ਮਾਲ ਤਿਆਰ ਹੋਵੇ ਉਥੇ ਹੀ ਵੇਚਿਆ ਜਾਵੇ। ਦੇਖਿਆ, ਇਹ ਹੈ ਮਜਦੂਰਾਂ ਨੂੰ ਲੁੱਟਣਾ ਅਤੇ ਪ੍ਰਦੂਸ਼ਣ ਰਾਹੀਂ ਸਮਾਜ ਨੂੰ ਤਬਾਹੀ ਵੱਲ ਧੱਕਣ ਦਾ ਫਰੀ ਟਰੇਡ ਫਾਰਮੂਲਾ।

• ਧਰਤੀ ਦੇ ਉਤਰੀ ਅੱਧ ਵਿਚ ਗਰੀਨ ਹਾਊਸ ਬਣਾਏ ਗਏ ਹਨ ਤਾਂ ਕਿ ਟਰੌਪੀਕਲ ਸਬਜ਼ੀਆਂ ਇਨ੍ਹਾਂ ਵਿਚ ਉਗਾਈਆਂ ਜਾਣ ਪਰ ਇਨ੍ਹਾਂ ਵਿਚ ਪੈਦਾ ਕੀਤੀ ਗਰਮੀ ਗਲੋਬਲ ਵਾਰਮਿੰਗ ਲਈ ਕਿੰਨਾ ਕੰਟਰੀਬਿਊਟ ਕਰਦੀ ਹੈ, ਇਸ ਦਾ ਅੰਦਾਜ਼ਾ ਕੋਈ ਨਹੀਂ ਲਗਾਉਂਦਾ।

• ਕੈਨੇਡਾ-ਅਮਰੀਕਾ ਵਿਚ ਕੋਲੇ ਦੇ ਪਲਾਟਾਂ ਨੂੰ ਬੰਦ ਕਰਵਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਕਿਉਂਕਿ ਕੋਲਾ ਬਹੁਤ ਜ਼ਿਆਦਾ ਕਾਰਬਨ ਹਵਾ ਵਿਚ ਮਿਸਕ ਕਰਦਾ ਹੈ ਪਰ ਇਸੇ ਹੀ ਸਮੇਂ ਇੰਡੀਆ ਦੇ ਛੱਤੀਸਗੜ੍ਹ ਸੂਬੇ ਵਿਚ ਕਈ ਪਿੰਡ ਉਜਾੜੇ

(ਬਾਕੀ ਸਫ਼ਾ 29 'ਤੇ)

## 7ਵਾਂ ਸਾਲਾਨਾ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ 4 ਸਤੰਬਰ ਨੂੰ

ਕੈਲਗਰੀ : ਹਰ ਸਾਲ ਦੀ ਤਰ੍ਹਾਂ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 7ਵਾਂ ਸਾਲਾਨਾ ਤਰਕਸ਼ੀਲ ਸਭਿਅਚਾਰਕ ਨਾਟਕ ਸਮਾਗਮ 4 ਸਤੰਬਰ ਦਿਨ ਐਤਵਾਰ ਦੁਪਹਿਰ 2:30 ਵਜੇ ਤੋਂ 6 ਵਜੇ ਤੱਕ ਯੂਨੀਵਰਸਿਟੀ ਥੀਏਟਰ ਕੈਲਗਰੀ ਵਿਖੇ ਕਰਵਾਇਆ ਜਾਵੇਗਾ। ਦਰਸ਼ਕਾਂ ਨੂੰ ਬੇਨਤੀ ਹੈ ਕਿ ਤਾਰੀਖ ਨੋਟ ਕਰਕੇ ਆਪਣੇ ਕੈਲੰਡਰ ਵਿੱਚ ਪਾ ਲਉ। ਇਸ ਸਮਾਗਮ ਵਿੱਚ ਲੋਕ ਪੱਖੀ ਤੇ ਉਸਾਰੂ ਗੀਤ ਸੰਗੀਤ ਤੋਂ ਇਲਾਵਾ ਗੁਰਸ਼ਰਨ ਕਲਾ ਭਵਨ ਮੰਡੀ ਮੁੱਲਾਂਪੁਰ ਦੇ ਸਹਿਯੋਗ ਨਾਲ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਨਾਟਕ ਟੀਮ ਵਲੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਨਾਟਕ ਖੇਡਿਆ ਜਾਵੇਗਾ। ਤੁਸੀਂ ਵੀ ਅਗਰ ਡਰਾਮਾ ਟੀਮ ਵਿੱਚ ਸ਼ਾਮਿਲ ਹੋ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਾ ਚਾਹੁੰਦੇ ਹੋ ਤਾਂ ਮਾਸਟਰ ਭਜਨ ਸਿੰਘ ਨਾਲ 403-455-4220 ਤੇ ਸੰਪਰਕ ਕਰ ਸਕਦੇ ਹੋ। ਇਸ ਮੌਕੇ 'ਤੇ ਹਮੇਸ਼ਾ ਦੀ ਤਰ੍ਹਾਂ ਤਰਕਸ਼ੀਲ ਤੇ ਉਸਾਰੂ ਸਾਹਿਤ ਦੀਆਂ ਕਿਤਾਬਾਂ ਦਾ ਸਟਾਲ ਵੀ ਲਗਾਇਆ ਜਾਵੇਗਾ। ਸਮਾਗਮ ਵਿੱਚ ਕਿਸੇ ਵੀ ਤਰ੍ਹਾਂ ਦਾ ਸਹਿਯੋਗ ਕਰਨ ਜਾਂ ਉਸਾਰੂ ਸੁਝਾਵਾਂ ਲਈ ਵੀ ਤੁਸੀਂ ਸੰਪਰਕ ਕਰ ਸਕਦੇ ਹੋ। ਸਾਰੇ ਕੈਲਗਰੀ ਨਿਵਾਸੀਆਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।





## SHERJANG SINGH RANA

Lic. # M14002019

**416.910.9000**

*www.fmpmortgages.com*

*rana@punjabinsurance.ca*

ਜੇਕਰ ਤੁਸੀਂ 1 ਲੱਖ ਡਾਲਰ ਇਨਵੈਸਟ ਕਰਦੇ ਹੋ ਤਾਂ ਸਾਲ ਦਾ 8000 ਡਾਲਰ ਤੁਹਾਨੂੰ ਵਿਆਜ਼ ਮਿਲੇਗਾ

- Minimum Investment $ 30,000
- Available to cash and registered plans including RRSP, RESP, LIRA, TFSA

# Earn 8-10% Interest Annually

FMP




## •TFSA •RRSP •CASH

**YOU CAN GET 8-10% FIXED ANNUAL RETURN**

## DIVERSIFY INTO REAL ESTATE Through a Syndicate Mortgage




Investment Example

| Principal $100,000 | Year 1 | Year 2 | Year 3 | Totals |
|---|---|---|---|---|
| Interest Paid Quarterly | $8000 | $8000 | $8000 | $24,000 |
| Principal Repayment | - | - | - | $100,000 |
| Deferred Lender Fee | - | - | 12%* | $12,000 |
| Total Inflow | - | - | - | $136,000 |

Disclaimer : Fortress Real Capital is product offered by FMP Mortgage Investments (FSCO License 12373). Fortress Real Capital transactions are all closed by Building and Development Mortgage Canada Inc. (BDMC) (FSCO Lic.# 10182) unless specifically noted otherwise. This product is availableto Ontario and Nova Scotia residents only. Final terms and conditions can be found in loan agreements. Please speak with a Licensed mortgage agent/broker for more details. All project images displayed on this material are artist renderings only and are subject to change.